ਕੌਮਾਂਤਰੀ www.amritsartimes.live

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 23 | Issue 223| 15 to 21 April, 2026 | Ph.: (510) 240-5949 | Email: asrtimes@gmail.com




**ਕੌਮਾਂਤਰੀ ਅੰਮ੍ਰਿਤਸਰ ਟਾਈਮਜ਼**
**ਵੱਲੋਂ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਦੀਆਂ**
**ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ**



**ਅਮਰੀਕਾ ਵਿੱਚ ਨਸਲਵਾਦ ਦਾ ਤਾਂਡਵ**

# ਗੋਰਿਆਂ ਦੇ ਦੇਸ਼ ’ਚ ਸਿੱਖ ਅਸੁਰੱਖਿਅਤ ਕਿਉਂ ?

## ਐਫ.ਬੀ.ਆਈ. ਦੀ ਰਿਪੋਰਟ ਅਨੁਸਾਰ 10 ਸਾਲ, 228 ਮਾਮਲੇ ਅਤੇ ਸਿੱਖਾਂ ਵਿਰੁੱਧ 3700% ਵਧੀ ਨ਼ਫਰਤ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ, ਜਿਸ ਨੂੰ ਦੁਨੀਆ ਦਾ ਸਭ ਤੋਂ ਪੁਰਾਣਾ ਲੋਕਤੰਤਰ ਅਤੇ ਵੱਖ-ਵੱਖ ਸਭਿਆਚਾਰਾਂ ਦਾ ਸੰਗਮ ਮੰਨਿਆ ਜਾਂਦਾ ਹੈ, ਇਸ ਵੇਲੇ ਨਫ਼ਰਤੀ ਅਪਰਾਧਾਂ ਨਾਲ ਜੂਝ ਰਿਹਾ ਹੈ। ਐਫ਼.ਬੀ.ਆਈ. ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅਤੇ ਹੈਰਾਨੀਜਨਕ ਅੰਕੜਿਆਂ ਅਨੁਸਾਰ, ਪਿਛਲੇ ਇੱਕ ਦਹਾਕੇ (2015-2025) ਵਿੱਚ ਘੱਟ ਗਿਣਤੀਆਂ ਵਿਰੁੱਧ ਨਫ਼ਰਤ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ। ਇਸ ਰਿਪੋਰਟ ਵਿੱਚ ਸਭ ਤੋਂ ਚਿੰਤਾਜਨਕ ਅੰਕੜਾ ਸਿੱਖ ਭਾਈਚਾਰੇ ਨਾਲ ਸਬੰਧਿਤ ਹੈ, ਜਿਨ੍ਹਾਂ ਵਿਰੁੱਧ ਨਫ਼ਰਤੀ ਮਾਮਲੇ 3700% ਤੱਕ ਵਧ ਗਏ ਹਨ।

**ਸਿੱਖ ਭਾਈਚਾਰਾ:** ਨਿਸ਼ਾਨੇ ’ਤੇ ਕਿਉਂ ?

ਦਹਾਕਾ ਪਹਿਲਾਂ, ਯਾਨੀ 2015 ਵਿੱਚ, ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਦੀ ਗਿਣਤੀ ਸਿਰਫ਼ 6 ਦਰਜ ਕੀਤੀ ਗਈ ਸੀ। ਪਰ 2025 ਤੱਕ ਇਹ ਅੰਕੜਾ ਵੱਧ ਕੇ 228 ਹੋ ਗਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਸਿੱਖਾਂ ਦੀ ਵੱਖਰੀ ਪਛਾਣ (ਦਸਤਾਰ ਅਤੇ ਦਾੜ੍ਹੀ) ਕਾਰਨ ਉਹਨਾਂ ਨੂੰ ਅਕਸਰ ਗਲਤਫ਼ਹਿਮੀ ਜਾਂ ਜਾਣਬੁੱਝ ਕੇ ਨਫ਼ਰਤ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ।

ਅਮਰੀਕਾ ਸਥਿਤ ਸਿੱਖ ਜਥੇਬੰਦੀ ‘ਸਿੱਖ ਕੌਲੀਸ਼ਨ’ ਅਨੁਸਾਰ, 2024 ਵਿੱਚ ਸਿੱਖ ਭਾਈਚਾਰਾ ਯਹੂਦੀਆਂ ਅਤੇ ਮੁਸਲਮਾਨਾਂ ਤੋਂ ਬਾਅਦ ਤੀਜਾ ਸਭ ਤੋਂ ਵੱਧ ਨਿਸ਼ਾਨਾ ਬਣਾਇਆ ਜਾਣ ਵਾਲਾ ਧਾਰਮਿਕ ਭਾਈਚਾਰਾ ਬਣ ਗਿਆ ਹੈ। ਸੰਸਥਾ ਦੇ ਕਾਰਜਕਾਰੀ ਨਿਰਦੇਸ਼ਕ ਅਤੇ ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ, ‘ਇਹ ਅੰਕੜੇ ਸਿਰਫ਼ ਗਿਣਤੀ ਨਹੀਂ ਹਨ, ਸਗੋਂ ਉਸ ਡਰ ਦੀ ਤਸਵੀਰ ਹਨ ਜੋ ਸਿੱਖ ਅਮਰੀਕੀ ਰੋਜ਼ਾਨਾ ਮਹਿਸੂਸ ਕਰਦੇ ਹਨ। ਉਹਨਾਂ ਅਨੁਸਾਰ, ਅਮਰੀਕੀ ਸਰਕਾਰ ਨੂੰ ਨਫ਼ਰਤੀ ਅਪਰਾਧਾਂ ਦੀ ਰਿਪੋਰਟਿੰਗ ਪ੍ਰਣਾਲੀ ਨੂੰ ਹੋਰ ਸੁਧਾਰਨ ਦੀ ਲੋੜ ਹੈ ਕਿਉਂਕਿ ਬਹੁਤ ਸਾਰੇ ਮਾਮਲੇ ਅਜੇ ਵੀ ਦਰਜ ਨਹੀਂ ਹੁੰਦੇ। ਉਹਨਾਂ ਨੇ ਮੰਗ ਕੀਤੀ ਹੈ ਕਿ ਸਕੂਲਾਂ ਦੇ ਪਾਠਕ੍ਰਮ ਵਿੱਚ ਸਿੱਖ ਧਰਮ ਬਾਰੇ ਜਾਣਕਾਰੀ ਸ਼ਾਮਲ ਕੀਤੀ ਜਾਵੇ ਤਾਂ ਜੋ ਅਗਿਆਨਤਾ ਕਾਰਨ ਹੁੰਦੀ ਹਿੰਸਾ ਨੂੰ ਰੋਕਿਆ ਜਾ ਸਕੇ।





ਯੂਨਾਈਟਿਡ ਸਿੱਖਸ ਜਥੇਬੰਦੀ ਦੇ ਆਗੂਆਂ ਨੇ ਕਿਹਾ ਹੈ ਕਿ ਸਿੱਖਾਂ ਨੂੰ ਉਹਨਾਂ ਦੀ ਵੱਖਰੀ ਦਿੱਖ (ਦਸਤਾਰ ਅਤੇ ਦਾੜ੍ਹੀ) ਕਾਰਨ ਨਿਸ਼ਾਨਾ ਬਣਾਇਆ ਜਾਂਦਾ ਹੈ। ਉਹਨਾਂ ਅਨੁਸਾਰ, ‘ਅਮਰੀਕਾ ਵਿੱਚ ਵਧ ਰਹੀ ਸਿਆਸੀ ਕੱਟੜਤਾ ਨੇ ਘੱਟ ਗਿਣਤੀਆਂ ਲਈ ਮਾਹੌਲ ਨੂੰ ਹੋਰ ਖ਼ਤਰਨਾਕ ਬਣਾ ਦਿੱਤਾ ਹੈ।’ ਉਹਨਾਂ ਨੇ ਸਥਾਨਕ ਪੁਲਿਸ ਪ੍ਰਸ਼ਾਸਨ ਨਾਲ ਮਿਲ ਕੇ ‘ਸੇਫ਼ਟੀ ਸੈਮੀਨਾਰ’ ਕਰਵਾਉਣ ’ਤੇ ਜ਼ੋਰ ਦਿੱਤਾ ਹੈ।

ਅਮਰੀਕਾ ਦੇ ਕੈਲੀਫ਼ੋਰਨੀਆ ਅਤੇ ਨਿਊਯਾਰਕ ਵਰਗੇ ਸੂਬਿਆਂ ਦੇ ਗੁਰਦੁਆਰਾ ਪ੍ਰਬੰਧਕਾਂ ਨੇ ਸਾਂਝੇ ਤੌਰ ’ਤੇ ਕਿਹਾ ਹੈ ਕਿ ਸਿੱਖਾਂ ਵਿਰੁੱਧ ਨਫ਼ਰਤ ਵਿੱਚ 3700% ਦਾ ਵਾਧਾ ਇਹ ਦਰਸਾਉਂਦਾ ਹੈ ਕਿ ਅਮਰੀਕਾ ਵਿੱਚ ਸਿੱਖਾਂ ਬਾਰੇ ਜਾਗਰੂਕਤਾ ਦੀ ਭਾਰੀ ਕਮੀ ਹੈ। ਉਹਨਾਂ ਨੇ ਅਮਰੀਕੀ ਕਾਂਗਰਸ (ਪਾਰਲੀਮੈਂਟ) ਦੇ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ‘ਹੇਟ ਕ੍ਰਾਈਮ’ ਕਾਨੂੰਨਾਂ ਨੂੰ ਹੋਰ ਸਖ਼ਤ ਕੀਤਾ ਜਾਵੇ ਤਾਂ ਜੋ ਦੋਸ਼ੀਆਂ ਨੂੰ ਤੁਰੰਤ ਸਜ਼ਾ ਮਿਲ ਸਕੇ।

ਇਹ ਅੰਕੜੇ ਦਰਸਾਉਂਦੇ ਹਨ ਕਿ ਸਿੱਖਾਂ ਲਈ ਸੁਰੱਖਿਆ ਦੇ ਘੇਰੇ ਨੂੰ ਮਜ਼ਬੂਤ ਕਰਨ ਦੀ ਸਖ਼ਤ ਲੋੜ ਹੈ। ਸਾਰੀਆਂ ਸਿੱਖ ਜਥੇਬੰਦੀਆਂ ਇੱਕ ਗੱਲ ’ਤੇ ਸਹਿਮਤ ਹਨ ਕਿ ਸਿਆਸੀ ਬਿਆਨਬਾਜ਼ੀ, ਮੀਡੀਆ ਵਿੱਚ ਗਲਤ ਅਕਸ ਅਤੇ ਸਿੱਖ ਪਛਾਣ ਬਾਰੇ ਅਗਿਆਨਤਾ ਇਸ ਵਧਦੀ ਹਿੰਸਾ ਦੇ ਤਿੰਨ ਮੁੱਖ ਕਾਰਨ ਹਨ। ਉਹਨਾਂ ਦਾ ਮੰਨਣਾ ਹੈ ਕਿ ਸਿੱਖਾਂ ਨੂੰ ਹੁਣ ਆਪਣੀ ਸੁਰੱਖਿਆ ਅਤੇ ਹੱਕਾਂ ਲਈ ਅਮਰੀਕੀ ਸਿਆਸਤ ਵਿੱਚ ਹੋਰ ਵਧੇਰੇ ਸਰਗਰਮ ਹੋਣਾ ਪਵੇਗਾ।

ਲੈਟਿਨੋ ਭਾਈਚਾਰੇ ਵਿਰੁੱਧ ਅਪਰਾਧਾਂ ਵਿੱਚ 239% ਦਾ ਵਾਧਾ ਦਰਜ ਕੀਤਾ ਗਿਆ ਹੈ। 2025 ਵਿੱਚ ਇਹ ਮਾਮਲੇ 1,014 ਤੱਕ ਪਹੁੰਚ ਗਏ, ਜੋ ਕਿ ਐਫ਼.ਬੀ.ਆਈ. ਦੇ 34 ਸਾਲਾਂ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੌਰਾਨ ਇਮੀਗ੍ਰੇਸ਼ਨ ਵਿਰੁੱਧ ਸਖ਼ਤ ਰੁਖ ਅਤੇ ਭੜਕਾਊ ਬਿਆਨਬਾਜ਼ੀ ਨੇ ਇਸ ਨਫ਼ਰਤ ਨੂੰ ਹਵਾ ਦਿੱਤੀ ਹੈ। ਅੱਜ ਲੈਟਿਨੋ ਭਾਈਚਾਰਾ ਅਮਰੀਕਾ ਵਿੱਚ ਤੀਜਾ ਸਭ ਤੋਂ ਵੱਧ ਨਿਸ਼ਾਨਾ ਬਣਾਇਆ ਜਾਣ ਵਾਲਾ ਸਮੂਹ ਬਣ ਚੁੱਕਾ ਹੈ।

ਸਭ ਤੋਂ ਭਿਆਨਕ ਵਾਧਾ ਟਰਾਂਸਜੈਂਡਰ ਵਿਅਕਤੀਆਂ ਵਿਰੁੱਧ ਦੇਖਿਆ ਗਿਆ ਹੈ, ਜਿੱਥੇ ਅਪਰਾਧਾਂ ਵਿੱਚ 395% ਦਾ ਉਛਾਲ ਆਇਆ ਹੈ। ਇਸੇ ਤਰ੍ਹਾਂ, ਕੋਰੋਨਾ ਕਾਲ ਤੋਂ ਬਾਅਦ ਏਸ਼ੀਆਈ ਲੋਕਾਂ ਵਿਰੁੱਧ ਨਫ਼ਰਤ ਅਜੇ ਵੀ ਰੁਕਣ ਦਾ ਨਾਮ ਨਹੀਂ ਲੈ ਰਹੀ ਅਤੇ ਇਸ ਵਿੱਚ 195% ਦਾ ਵਾਧਾ ਹੋਇਆ ਹੈ।

(ਬਾਕੀ ਸਫ਼ਾ 26 ’ਤੇ)

## ਅਮਰੀਕਨ ਸਿੱਖ ਕੀ ਕਰਨ ?



ਅਮਰੀਕਾ ਵਿੱਚ ਸਿੱਖਾਂ ਵਿਰੁੱਧ ਵਧ ਰਹੇ ਨਫ਼ਰਤੀ ਅਪਰਾਧਾਂ ਦੇ ਮੱਦੇਨਜ਼ਰ, ਅਮਰੀਕਨ ਸਿੱਖ ਭਾਈਚਾਰੇ ਅਤੇ ਸੰਸਥਾਵਾਂ ਨੂੰ ਇੱਕ ਬਹੁ-ਪੱਖੀ ਰਣਨੀਤੀ ਜਾਂ ਨੀਤੀ ਅਪਨਾਉਣ ਦੀ ਲੋੜ ਹੈ। ਮਾਹਿਰਾਂ ਅਤੇ ਪੰਥਕ ਆਗੂਆਂ ਦੇ ਵਿਚਾਰਾਂ ਅਨੁਸਾਰ ਹੇਠ ਲਿਖੇ ਕਦਮ ਸਾਰਥਕ ਸਿੱਧ ਹੋ ਸਕਦੇ ਹਨ:

* ਸਿੱਖਾਂ ਨੂੰ ਸਿਰਫ਼ ਵੋਟਰ ਬਣਨ ਦੀ ਬਜਾਏ ਸਿਆਸਤ ਵਿੱਚ ਨੀਤੀ ਘੜਨ ਵਾਲੇ ਬਣਨਾ ਪਵੇਗਾ।

* ਸਿੱਖਾਂ ਨੂੰ ਆਪਣੇ ਇਲਾਕੇ ਦੇ ਮੇਅਰ, ਪੁਲਿਸ ਕਮਿਸ਼ਨਰ ਅਤੇ ਸੈਨੇਟਰਾਂ ਨਾਲ ਲਗਾਤਾਰ ਰਾਬਤਾ ਰੱਖਣਾ ਚਾਹੀਦਾ ਹੈ।

* ‘ਹੇਟ ਕ੍ਰਾਈਮ’ ਕਾਨੂੰਨਾਂ ਨੂੰ ਹੋਰ ਸਖ਼ਤ ਕਰਵਾਉਣ ਲਈ ਵਾਸ਼ਿੰਗਟਨ ਡੀ.ਸੀ. ਵਿੱਚ ਮਜ਼ਬੂਤ ਲਾਬਿੰਗ ਕਰਨੀ ਚਾਹੀਦੀ ਹੈ ਤਾਂ ਜੋ ਦੋਸ਼ੀਆਂ ਨੂੰ ਬਿਨਾਂ ਕਿਸੇ ਢਿੱਲ ਦੇ ਸਜ਼ਾ ਮਿਲੇ।

*ਨਫ਼ਰਤ ਅਕਸਰ ਅਗਿਆਨਤਾ ਵਿੱਚੋਂ ਨਿਕਲਦੀ ਹੈ। ਇਸ ਨੂੰ ਦੂਰ ਕਰਨ ਲਈ: ਸਿੱਖ ਕੌਲੀਸ਼ਨ ਵਾਂਗ ਹੋਰ ਜਥੇਬੰਦੀਆਂ ਨੂੰ ਵੀ ਯਤਨ ਕਰਨੇ ਚਾਹੀਦੇ ਹਨ ਕਿ ਅਮਰੀਕੀ ਸਕੂਲਾਂ ਦੀਆਂ ਇਤਿਹਾਸ ਦੀਆਂ ਕਿਤਾਬਾਂ ਵਿੱਚ ਸਿੱਖ ਧਰਮ ਅਤੇ ਸਿੱਖਾਂ ਦੇ ਅਮਰੀਕਾ ਲਈ ਯੋਗਦਾਨ ਬਾਰੇ ਜਾਣਕਾਰੀ ਸ਼ਾਮਲ ਕੀਤੀ ਜਾਵੇ। ਗੁਰਦੁਆਰਿਆਂ ਵਿੱਚ ਸਥਾਨਕ ਗੋਰੇ ਅਤੇ ਹੋਰ ਭਾਈਚਾਰਿਆਂ ਦੇ ਲੋਕਾਂ ਨੂੰ ਬੁਲਾ ਕੇ ‘ਲੰਗਰ’ ਅਤੇ ‘ਸਿੱਖ ਸਿਧਾਂਤਾਂ’ ਬਾਰੇ ਦੱਸਣਾ ਚਾਹੀਦਾ ਹੈ।

* ਅਕਸਰ ਸਿੱਖ ਨਫ਼ਰਤੀ ਘਟਨਾਵਾਂ ਨੂੰ ‘ਨਿੱਕੀ ਮੋਟੀ ਗੱਲ’ ਸਮਝ ਕੇ ਪੁਲਿਸ ਕੋਲ ਦਰਜ ਨਹੀਂ ਕਰਵਾਉਂਦੇ। ਭਾਈਚਾਰੇ ਵਿੱਚ ਇਹ ਜਾਗਰੂਕਤਾ ਫ਼ੈਲਾਉਣੀ ਚਾਹੀਦੀ ਹੈ ਕਿ ਭਾਵੇਂ ਕੋਈ ਸੜਕ ’ਤੇ ਲੰਘਦਾ ਗਾਲ੍ਹ ਹੀ ਕਿਉਂ ਨਾ ਕੱਢੇ, ਉਸ ਦੀ ਸ਼ਿਕਾਇਤ ਦਰਜ ਕਰਵਾਈ ਜਾਵੇ। ਸਿੱਖ ਸੰਸਥਾਵਾਂ ਨੂੰ ਆਪਣੀ ਇੱਕ ਕੇਂਦਰੀ ਐਪ ਜਾਂ ਹੈਲਪਲਾਈਨ ਬਣਾਉਣੀ ਚਾਹੀਦੀ ਹੈ ਜਿੱਥੇ ਅਜਿਹੀਆਂ ਘਟਨਾਵਾਂ ਦਾ ਤੁਰੰਤ ਡਾਟਾ ਇਕੱਠਾ ਕੀਤਾ ਜਾ ਸਕੇ।

* ਅਮਰੀਕੀ ਮੀਡੀਆ ਵਿੱਚ ਸਿੱਖਾਂ ਦਾ ਅਕਸ ਸਹੀ ਤਰੀਕੇ ਨਾਲ ਪੇਸ਼ ਕਰਨਾ ਜ਼ਰੂਰੀ ਹੈ। ਸਿੱਖਾਂ ਨੂੰ ਅਮਰੀਕੀ ਨਿਊਜ਼ ਚੈਨਲਾਂ ’ਤੇ ਬਤੌਰ ਮਾਹਿਰ ਪੇਸ਼ ਹੋਣਾ ਚਾਹੀਦਾ ਹੈ, ਨਾ ਕਿ ਸਿਰਫ਼ ਪੀੜਤ ਵਜੋਂ। ਨੌਜਵਾਨ ਸਿੱਖਾਂ ਨੂੰ ਸੋਸ਼ਲ ਮੀਡੀਆ ਰਾਹੀਂ ਆਪਣੀ ਪਛਾਣ ਅਤੇ ਸੱਭਿਆਚਾਰ ਨੂੰ ਸਕਾਰਾਤਮਕ ਤਰੀਕੇ ਨਾਲ ਪ੍ਰਚਾਰਨਾ ਚਾਹੀਦਾ ਹੈ।

* ਸਿੱਖਾਂ ਨੂੰ ਇਕੱਲੇ ਲੜਨ ਦੀ ਬਜਾਏ ਹੋਰ ਪ੍ਰਭਾਵਿਤ ਭਾਈਚਾਰਿਆਂ (ਜਿਵੇਂ ਯਹੂਦੀ, ਮੁਸਲਿਮ ਅਤੇ ਅਫ਼ਰੀਕੀ-ਅਮਰੀਕਨ) ਨਾਲ ਮਿਲ ਕੇ ‘ਸਾਂਝਾ ਮੋਰਚਾ’ ਬਣਾਉਣਾ ਚਾਹੀਦਾ ਹੈ। ਜਦੋਂ ਸਾਰੇ ਘੱਟ ਗਿਣਤੀ ਭਾਈਚਾਰੇ ਇੱਕਜੁੱਟ ਹੋ ਕੇ ਬੋਲਣਗੇ, ਤਾਂ ਸਰਕਾਰ ’ਤੇ ਦਬਾਅ ਜ਼ਿਆਦਾ ਪਵੇਗਾ।

ਅਮਰੀਕਨ ਸਿੱਖਾਂ ਦੀ ਨੀਤੀ ‘ਜਾਗਰੂਕਤਾ, ਏਕਤਾ ਅਤੇ ਸਖ਼ਤ ਕਾਨੂੰਨੀ ਪੈਰਵੀ’ ’ਤੇ ਅਧਾਰਿਤ ਹੋਣੀ ਚਾਹੀਦੀ ਹੈ। ਸਿੱਖਾਂ ਨੂੰ ਇਹ ਸਪਸ਼ਟ ਕਰਨਾ ਪਵੇਗਾ ਕਿ ਉਹ ਅਮਰੀਕਾ ਵਿੱਚ ਕੋਈ ‘ਮਹਿਮਾਨ’ ਨਹੀਂ, ਸਗੋਂ ਬਰਾਬਰ ਦੇ ‘ਸ਼ਹਿਰੀ’ ਹਨ।

## ਸਾਬਕਾ ਸੀ.ਆਈ.ਏ. ਅਧਿਕਾਰੀ ਨੇ ਕੀਤਾ ਦਾਅਵਾ

# ਕਨਿਸ਼ਕ ਜਹਾਜ਼ ਹਾਦਸੇ ਦੇ ਪਿੱਛੇ ਭਾਰਤੀ ਏਜੰਸੀ 'ਰਾਅ' ਦਾ ਹੱਥ

### 1985 ਦੀ ਕਨਿਸ਼ਕ ਤ੍ਰਾਸਦੀ 'ਤੇ ਫਿਰ ਤੋਂ ਖੜ੍ਹੇ ਹੋਏ ਸਵਾਲ

### 'ਟਾਈਮਜ਼ ਆਫ਼ ਇਸਲਾਮਾਬਾਦ' 'ਚ ਛਪੀ ਰਿਪੋਰਟ ਵਿੱਚ ਕੀਤਾ ਗਿਆ ਦਾਅਵਾ

ਇਸਲਾਮਾਬਾਦ: ਸੀ.ਆਈ.ਏ. ਦੇ ਇੱਕ ਸਾਬਕਾ ਸੀਨੀਅਰ ਅੱਤਵਾਦ-ਵਿਰੋਧੀ ਅਧਿਕਾਰੀ ਨੇ ਜਨਤਕ ਰੂਪ ਨਾਲ ਭਾਰਤ ਸਰਕਾਰ 'ਤੇ 1985 ਵਿੱਚ ਏਅਰ ਇੰਡੀਆ ਫ਼ਲਾਈਟ 182 (ਕਨਿਸ਼ਕ ਹਵਾਈ ਜਹਾਜ਼) 'ਤੇ ਹੋਈ ਬੰਬਾਰੀ ਦੀ ਸਾਜਿਸ਼ ਰਚਣ ਦਾ ਦੋਸ਼ ਲਗਾਇਆ ਹੈ।

ਜੌਨ ਕਿਰੀਆਕੋ ਨੇ 'ਦ ਕ੍ਰਿਸ ਹੇਜੇਸ ਰਿਪੋਰਟ' 'ਤੇ ਹਾਲ ਹੀ ਵਿੱਚ ਦਿੱਤੇ ਗਏ ਇੱਕ ਇੰਟਰਵਿਊ ਦੇ ਦੌਰਾਨ ਇਹ ਹੈਰਾਨ ਕਰਨ ਵਾਲਾ ਦਾਅਵਾ ਕੀਤਾ ਹੈ।

ਕਨਿਸ਼ਕ ਨਾਮ ਦੇ ਬੋਇੰਗ 747 ਜਹਾਜ਼ ਵਿੱਚ ਇਹ ਬੰਬਾਰੀ ਇਤਿਹਾਸ ਵਿੱਚ ਜਹਾਜ਼ ਅੱਤਵਾਦ ਦੀ ਸਭ ਤੋਂ ਵੱਡੀ ਜਾਨਲੇਵਾ ਘਟਨਾਵਾਂ ਵਿਚੋਂ ਇੱਕ ਬਣੀ ਹੋਈ ਹੈ।

23 ਜੂਨ 1985 ਨੂੰ ਆਇਰਲੈਂਡ ਦੇ ਸਮੁੰਦਰ ਤਟ ਤੋਂ ਦੂਰ ਅਟਲਾਂਟਿਕ ਮਹਾਸਾਗਰ ਦੇ ਉੱਪਰ ਹਵਾ ਵਿੱਚ ਬੰਬ ਫੱਟਣ ਨਾਲ ਜਹਾਜ਼ ਵਿੱਚ ਸਵਾਰ ਸਾਰੇ 329 ਯਾਤਰੀ ਅਤੇ ਚਾਲਕ ਦਲ ਦੇ ਮੈਂਬਰ ਮਾਰੇ ਗਏ ਸਨ।

ਪੀੜ੍ਹਿਤਾਂ ਵਿੱਚ 268 ਕੈਨੇਡਾ ਦੇ ਨਾਗਰਿਕ ਸਨ (ਜਿਨ ਵਿੱਚ ਜ਼ਿਆਦਾ ਤੋਂ ਜ਼ਿਆਦਾ ਭਾਰਤੀ ਮੂਲ ਦੇ ਸਨ), 27 ਬ੍ਰਿਟਿਸ਼ ਨਾਗਰਿਕ ਅਤੇ 22 ਭਾਰਤੀ ਨਾਗਰਿਕ ਸ਼ਾਮਲ ਸਨ, ਟੀਮ ਚਾਲਕ ਦਲ ਦੇ ਸਾਰੇ 22 ਮੈਂਬਰ ਵੀ ਸ਼ਾਮਲ ਸਨ।ਸਮੁੰਦਰ ਵਿਚੋਂ ਸਿਰਫ਼ 131 ਲਾਸ਼ਾਂ ਹੀ ਬਰਾਮਦ ਕੀਤੀਆਂ ਜਾ ਸਕੀਆਂ ਸਨ।

ਹਵਾਈ ਜਹਾਜ਼ ਲਗਭਗ 31,000 ਫੁੱਟ ਦੀ ਉੱਚਾਈ 'ਤੇ ਹਵਾ ਵਿੱਚ ਹੀ ਬਿਖਰ ਗਿਆ ਅਤੇ ਕੋਕਪਿਟ ਤੋਂ ਕੋਈ ਸੰਕਟ ਸੰਦੇਸ਼ (ਦੁੱਖ ਕਾਲ) ਵੀ ਜਾਰੀ ਨਹੀਂ ਕੀਤੀ ਗਈ।

ਤਸ਼ੱਦਦ ਪ੍ਰੋਗਰਾਮਾਂ ਬਾਰੇ ਮਸ਼ਹੂਰ ਸੀ.ਆਈ.ਏ. ਵ੍ਹਿਸਲਬਲੋਅਰ, ਕਿਰੀਆਕੌ ਨੇ ਦਲੀਲ ਦਿੱਤੀ ਕਿ ਅਮਰੀਕਾ ਚੋਣਵੇਂ ਤੌਰ 'ਤੇ ਦੇਸ਼ਾਂ ਨੂੰ ਅੱਤਵਾਦ ਦੇ ਰਾਜ ਸਪਾਂਸਰ ਵਜੋਂ ਲੇਬਲ ਕਰਦਾ ਹੈ।

ਉਸਨੇ ਕਿਹਾ ਕਿ ਭਾਰਤ ਸਰਕਾਰ ਨੂੰ ਕੈਨੇਡਾ ਵਿੱਚ ਕਤਲਾਂ ਅਤੇ ਅੱਤਵਾਦੀ ਹਮਲਿਆਂ ਲਈ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ, ਜਿਸ ਵਿੱਚ 747 ਜਹਾਜ਼ 'ਤੇ ਬੰਬਾਰੀ ਵੀ ਸ਼ਾਮਲ ਹੈ।ਸਾਬਕਾ ਅਧਿਕਾਰੀ ਨੇ ਅੱਗੇ ਕਿਹਾ ਕਿ ਕੈਨੇਡਾ ਵਿੱਚ ਕਨਿਸ਼ਕ ਜਹਾਜ਼ ਨੂੰ ਭਾਰਤੀਆਂ ਵੱਲੋਂ ਉਡਾਇਆ ਗਿਆ ਸੀ।

ਉਸ ਦੀਆਂ ਟਿੱਪਣੀਆਂ ਅਪ੍ਰੈਲ 2026 ਦੇ ਸ਼ੁਰੂ ਵਿੱਚ ਸਾਹਮਣੇ ਆਈਆਂ ਅਤੇ ਤੇਜ਼ੀ ਨਾਲ ਸੋਸ਼ਲ ਮੀਡੀਆ 'ਤੇ ਫੈਲ ਗਈਆਂ, ਖਾਸ ਕਰਕੇ ਸਿੱਖ ਭਾਈਚਾਰਿਆਂ ਵਿੱਚ।

ਇਨ੍ਹਾਂ ਟਿੱਪਣੀਆਂ ਨੇ ਕਨਿਸ਼ਕ ਬੰਬ ਧਮਾਕੇ ਨਾਲ ਜੁੜੀਆਂ ਥਿਊਰੀਆਂ ਨੂੰ ਮੁੜ ਹਵਾ ਦੇ ਦਿੱਤੀ ਹੈ। ਹਾਲਾਂਕਿ, ਕੈਨੇਡੀਅਨ ਜਾਂਚਾਂ ਨੇ ਲਗਾਤਾਰ ਕੈਨੇਡਾ ਵਿੱਚ ਸਥਿਤ ਖ਼ਾਲਿਸਤਾਨੀ ਸਿੱਖਾਂ 'ਤੇ ਇਸ ਹਮਲੇ ਦਾ ਦੋਸ਼ ਲਗਾਇਆ ਹੈ।

ਇਹ ਸਾਜ਼ਿਸ਼ ਬੱਬਰ ਖਾਲਸਾ ਸਮੂਹ ਨਾਲ ਜੁੜੀ ਹੋਈ ਸੀ ਅਤੇ ਇਸਨੂੰ ਭਾਰਤ ਦੇ 1984 ਦੇ ਆਪ੍ਰੇਸ਼ਨ ਬਲੂ ਸਟਾਰ ਅਤੇ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਏ ਸਿੱਖ ਵਿਰੋਧੀ ਦੰਗਿਆਂ ਦਾ ਬਦਲਾ ਮੰਨਿਆ ਗਿਆ ਸੀ।




ਤਲਵਿੰਦਰ ਸਿੰਘ ਪਰਮਾਰ ਨੂੰ ਸਾਜ਼ਿਸ਼ ਦਾ ਮਾਸਟਰਮਾਈਂਡ ਮੰਨਿਆ ਗਿਆ ਸੀ, ਜਦੋਂ ਕਿ ਇੰਦਰਜੀਤ ਸਿੰਘ ਰਿਆਤ ਨੂੰ 2003 ਵਿੱਚ ਗ਼ੈਰ-ਇਰਾਦਤਨ ਕਤਲ ਦਾ ਦੋਸ਼ੀ ਮੰਨਿਆ ਸੀ ਅਤੇ ਉਸਨੂੰ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਦੋ ਹੋਰ ਸ਼ੱਕੀ ਵਿਅਕਤੀਆਂ, ਰਿਪੁਦਮਨ ਸਿੰਘ ਮਲਿਕ ਅਤੇ ਅਜਾਇਬ ਸਿੰਘ ਬਾਗੜੀ, ਨੂੰ ਸਬੂਤਾਂ ਦੀ ਘਾਟ ਕਾਰਨ 2005 ਵਿੱਚ ਬਰੀ ਕਰ ਦਿੱਤਾ ਗਿਆ ਸੀ। ਜਸਟਿਸ ਜੌਨ ਮੇਜਰ ਦੀ ਅਗਵਾਈ ਹੇਠ 2010 ਵਿੱਚ ਗਠਿਤ 'ਮੇਜਰ ਜਾਂਚ ਕਮਿਸ਼ਨ' ਨੇ ਕੈਨੇਡੀਅਨ ਸੁਰੱਖਿਆ ਏਜੰਸੀਆਂ (ਆਰ.ਸੀ.ਐਮ.ਪੀ. ਅਤੇ ਸੀ.ਐਸ.ਆਈ.ਐਸ.) ਵੱਲੋਂ ਕੀਤੀਆਂ ਗਈਆਂ ਗਲਤੀਆਂ ਦੀ ਇੱਕ ਲੰਬੀ ਲੜੀ ਦਾ ਹਵਾਲਾ ਦਿੱਤਾ। ਰਿਪੋਰਟ ਨੇ ਖੁਫ਼ੀਆ ਜਾਣਕਾਰੀ ਸਾਂਝੀ ਕਰਨ ਅਤੇ ਹਵਾਈ ਅੱਡੇ ਦੀ ਸੁਰੱਖਿਆ ਵਿੱਚ ਕਮੀਆਂ ਦਾ ਪਰਦਾਫਾਸ਼ ਕੀਤਾ ਜਿਸ ਕਾਰਨ ਵੈਨਕੂਵਰ ਵਿੱਚ ਇੱਕ ਜਹਾਜ਼ ਵਿੱਚ ਬੰਬ ਲਗਾਇਆ ਗਿਆ।

ਜਾਂਚ ਕਮਿਸ਼ਨ ਨੇ ਇਸ ਦੁਖਾਂਤ ਨੂੰ ਕੈਨੇਡੀਅਨ ਇਤਿਹਾਸ ਦਾ ਸਭ ਤੋਂ ਭੈੜਾ ਸਮੂਹਿਕ ਕਤਲੇਆਮ ਐਲਾਨਿਆ। ਭਾਰਤ ਵਿੱਚ ਹੋਈਆਂ ਜਾਂਚਾਂ ਜਿਵੇਂ ਕਿ ਕ੍ਰਿਪਾਲ ਕਮਿਸ਼ਨ ਦੀ ਜਾਂਚ ਨੇ ਇਹ ਵੀ ਸਿੱਟਾ ਕੱਢਿਆ ਕਿ ਧਮਾਕਾ ਸਿੱਖ ਖ਼ਾਲਿਸਤਾਨੀਆਂ ਵੱਲੋਂ ਕੈਨੇਡਾ ਵਿੱਚ ਲਗਾਏ ਗਏ ਬੰਬ ਕਾਰਨ ਹੋਇਆ ਸੀ। ਨਾ ਤਾਂ ਕੈਨੇਡਾ ਅਤੇ ਨਾ ਹੀ ਭਾਰਤ ਨੇ ਅਧਿਕਾਰਤ ਤੌਰ 'ਤੇ 1985 ਦੇ ਹਮਲੇ ਲਈ ਪਾਕਿਸਤਾਨ ਨੂੰ ਦੋਸ਼ੀ ਠਹਿਰਾਇਆ।

ਅਧਿਕਾਰਤ ਜਾਂਚਾਂ ਦੁਆਰਾ ਪ੍ਰਗਟ ਕੀਤਾ ਗਿਆ ਮੁੱਖ ਉਦੇਸ਼ ਖ਼ਾਲਿਸਤਾਨੀਆਂ ਦਾ ਭਾਰਤੀ ਰਾਜ ਵਿਰੁੱਧ ਬਦਲਾ ਸੀ।

ਖੇਤਰੀ ਮੀਡੀਆ ਅਤੇ ਸਿੱਖ ਸਮਰਥਕ ਸਮੂਹਾਂ ਨੇ ਵਿਕਲਪਿਕ ਕਹਾਣੀਆਂ ਦੀ ਪੁਸ਼ਟੀ ਵਜੋਂ ਕਿਰੀਆਕੌ ਦੀਆਂ ਟਿੱਪਣੀਆਂ ਦਾ ਵੱਡੇ ਪੱਧਰ 'ਤੇ ਪ੍ਰਚਾਰ ਕੀਤਾ ਹੈ।

ਕੁਝ ਔਨਲਾਈਨ ਦਾਅਵਿਆਂ ਵਿੱਚ ਭਾਰਤੀ ਅਧਿਕਾਰੀਆਂ ਦੁਆਰਾ ਰਹੱਸਮਈ ਤਰੀਕੇ ਨਾਲ ਟਿਕਟ ਰੱਦ ਕਰਨ ਅਤੇ ਖ਼ਾਲਿਸਤਾਨੀਆ ਅਤੇ ਡਿਪਲੋਮੈਟਾਂ ਵਿਚਕਾਰ ਕਥਿਤ ਸਬੰਧਾਂ ਦਾ ਜ਼ਿਕਰ ਹੈ, ਹਾਲਾਂਕਿ ਇਹ ਦਾਅਵੇ ਅਜੇ ਮੁੱਖ ਧਾਰਾ ਦੀਆਂ ਅਦਾਲਤਾਂ ਵਿੱਚ ਸਾਬਤ ਨਹੀਂ ਹੋਏ ਹਨ।

ਕਿਰੀਆਕੌ ਦੇ ਇਸ ਖਾਸ ਦੋਸ਼ ਨੂੰ ਅੰਤਰਰਾਸ਼ਟਰੀ ਮੀਡੀਆ ਵਿੱਚ ਬਹੁਤੀ ਕਵਰੇਜ ਨਹੀਂ ਮਿਲੀ ਹੈ; ਜ਼ਿਆਦਾਤਰ ਗਲੋਬਲ ਮੀਡੀਆ ਆਊਟਲੈੱਟ ਅਜੇ ਵੀ ਹਮਲੇ ਲਈ ਖ਼ਾਲਿਸਤਾਨੀਆਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ।

ਏਅਰ ਇੰਡੀਆ ਬੰਬ ਧਮਾਕੇ ਦੇ ਲਗਭਗ ਉਸੇ ਸਮੇਂ, ਟੋਕੀਓ ਦੇ ਨਾਰੀਤਾ ਹਵਾਈ ਅੱਡੇ 'ਤੇ ਇੱਕ ਹੋਰ ਧਮਾਕਾ ਹੋਇਆ, ਜਿਸ ਵਿੱਚ ਦੋ ਸਮਾਨ ਸੰਭਾਲਣ ਵਾਲੇ ਕਰਮਚਾਰੀਆਂ ਦੀ ਮੌਤ ਹੋ ਗਈ।

ਜਾਂਚਕਰਤਾਵਾਂ ਦੇ ਅਨੁਸਾਰ, ਦੋਵੇਂ ਘਟਨਾਵਾਂ ਇੱਕੋ ਸਾਜ਼ਿਸ਼ ਦਾ ਹਿੱਸਾ ਸਨ।

ਇਸ ਦੁਖਦਾਈ ਘਟਨਾ ਤੋਂ ਬਾਅਦ, ਕੈਨੇਡਾ ਦੀ ਹਵਾਬਾਜ਼ੀ ਸੁਰੱਖਿਆ ਅਤੇ ਖੁਫ਼ੀਆ ਕਾਰਜਪ੍ਰਣਾਲੀ ਵਿੱਚ ਵੱਡੇ ਸੁਧਾਰ ਕੀਤੇ ਗਏ ਸਨ।

ਪੀੜਤਾਂ ਦੇ ਪਰਿਵਾਰਾਂ ਨੇ ਲੰਬੇ ਸਮੇਂ ਤੋਂ ਗੁੱਸਾ ਜ਼ਾਹਰ ਕੀਤਾ ਹੈ ਕਿ ਇਸ ਮਾਮਲੇ ਵਿੱਚ ਪੂਰੀ ਜਾਂਚ ਨਹੀਂ ਕੀਤੀ ਗਈ ਅਤੇ ਬਹੁਤ ਸਾਰੇ ਵਿਅਕਤੀਆਂ ਨੂੰ ਅਦਾਲਤ ਵਿੱਚ ਬਰੀ ਕਰ ਦਿੱਤਾ ਗਿਆ।

ਕਿਰੀਆਕੋ ਦਾ ਪਿਛਲਾ ਤਜਰਬਾ ਅਤੇ ਪਿਛੋਕੜ ਕੁਝ ਸਰਕਲਾਂ ਵਿੱਚ ਉਸਦੇ ਬਿਆਨਾਂ ਨੂੰ ਹੋਰ ਵੀ ਵਜ਼ਨਦਾਰ ਬਣਾਉਂਦਾ ਹੈ।

ਉਸਨੇ ਪਹਿਲਾਂ ਸੀ.ਆਈ.ਏ. ਦੀਆਂ 'ਸਖ਼ਤ ਪੁੱਛਗਿੱਛ ਤਕਨੀਕਾਂ' ਦਾ ਪਰਦਾਫਾਸ਼ ਕੀਤਾ ਸੀ, ਜਿਸ ਲਈ ਉਸਨੂੰ ਇੱਕ ਵ੍ਹਿਸਲਬਲੋਅਰ ਵਜੋਂ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਿਆ।

ਉਸਦੀਆਂ ਤਾਜ਼ਾ ਟਿੱਪਣੀਆਂ ਪੱਛਮੀ ਦੇਸ਼ਾਂ ਦੇ ਅੱਤਵਾਦੀਆਂ ਨੂੰ ਨਾਮਜ਼ਦ ਕਰਨ ਦੇ 'ਅਸੰਗਤ' ਤਰੀਕਿਆਂ ਦੀ ਵਿਆਪਕ ਆਲੋਚਨਾ ਦਾ ਹਿੱਸਾ ਹਨ।

ਇਸ ਦਾਅਵੇ ਨੇ ਪਿਛਲੀਆਂ ਘਟਨਾਵਾਂ ਵਿੱਚ 'ਰਾਜ ਦੀ ਸ਼ਮੂਲੀਅਤ' ਬਾਰੇ ਸੋਸ਼ਲ ਮੀਡੀਆ 'ਤੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ।ਅਧਿਕਾਰਤ ਕੈਨੇਡੀਅਨ ਅਤੇ ਭਾਰਤੀ ਰਿਕਾਰਡਾਂ ਅਨੁਸਾਰ, ਬੰਬ ਧਮਾਕੇ ਕੈਨੇਡੀਅਨ ਧਰਤੀ ਤੋਂ ਕੰਮ ਕਰ ਰਹੇ 'ਗ਼ੈਰ-ਸਰਕਾਰੀ ਸਿੱਖ ਕੱਟੜਪੰਥੀਆਂ' ਵੱਲੋਂ ਕੀਤੇ ਗਏ ਸਨ।

ਇਹ ਦੁਖਦਾਈ ਘਟਨਾ 1980 ਦੇ ਦਹਾਕੇ ਵਿੱਚ ਪੰਜਾਬ ਵਿੱਚ ਚੱਲ ਰਹੀ ਬਗਾਵਤ ਦੇ ਸਿਖਰ ਦੌਰਾਨ ਵਾਪਰੀ ਸੀ, ਜੋ ਕਿ ਤਣਾਅ ਦਾ ਸਮਾਂ ਸੀ।ਚਾਰ ਦਹਾਕਿਆਂ ਤੋਂ ਵੱਧ ਸਮੇਂ ਬਾਅਦ, 'ਕਨਿਸ਼ਕ ਕੇਸ' ਦੀਆਂ ਯਾਦਾਂ ਕੈਨੇਡਾ, ਭਾਰਤ ਅਤੇ ਦੁਨੀਆਂ ਭਰ ਦੇ ਪ੍ਰਭਾਵਿਤ ਭਾਈਚਾਰਿਆਂ ਦੇ ਦਿਲਾਂ ਵਿੱਚ ਦਰਦਨਾਕ ਤੌਰ 'ਤੇ ਤਾਜ਼ਾ ਹਨ।

ਕਿਰੀਆਕੋ ਦਾ ਦੋਸ਼ ਪਹਿਲਾਂ ਹੀ ਇੱਕ ਗੁੰਝਲਦਾਰ ਅਤੇ ਭਾਵਨਾਤਮਕ ਤੌਰ 'ਤੇ ਸੰਵੇਦਨਸ਼ੀਲ ਇਤਿਹਾਸਕ ਘਟਨਾ ਵਿੱਚ ਇੱਕ ਹੋਰ 'ਵਿਵਾਦਪੂਰਨ ਪਹਿਲੂ' ਜੋੜਦਾ ਹੈ।

# ਕੀ ਭਾਰਤ ਦੇ ਪੁਲਿਸ ਥਾਣੇ ਬਣ ਚੁੱਕੇ ਹਨ ਕਬਾੜਖਾਨੇ ?

### ਥਾਣਿਆਂ ਦੀਆਂ ਜਰਜ਼ਰ ਇਮਾਰਤਾਂ ਤੇ ਸੜ ਰਹੇ ਵਾਹਨਾਂ ਦੀ ਦਾਸਤਾਨ

### ਨਿਆਂ ਦਾ ਗਲਾ ਘੁੱਟਦੀ ਹਿਰਾਸਤੀ ਹਿੰਸਾ: ਅਦਾਲਤਾਂ ਸਖ਼ਤ, ਪਰ ਸਿਸਟਮ ਅਜੇ ਵੀ ਬੇਖ਼ੌਫ਼

ਕਿਸੇ ਵੀ ਲੋਕਤੰਤਰ ਦੀ ਸਫਲਤਾ ਉਸ ਦੀ ਕਾਨੂੰਨ ਵਿਵਸਥਾ 'ਤੇ ਨਿਰਭਰ ਕਰਦੀ ਹੈ ਅਤੇ ਇਸ ਵਿਵਸਥਾ ਦੀ ਪਹਿਲੀ ਇਕਾਈ 'ਪੁਲਿਸ ਥਾਣਾ' ਹੁੰਦਾ ਹੈ ਪਰ ਅੱਜ ਭਾਰਤ ਦੇ ਬਹੁਤੇ ਪੁਲਿਸ ਥਾਣੇ ਖੁਦ 'ਸਿਸਟਮ ਦੀ ਮਾਰ' ਹੇਠ ਹਨ। ਸਭ ਤੋਂ ਗੰਭੀਰ ਸਮੱਸਿਆ ਥਾਣਿਆਂ ਦੇ ਬਾਹਰ ਲੱਗੇ ਵਾਹਨਾਂ ਦੇ ਅੰਬਾਰ ਹਨ। ਜ਼ਬਤ ਕੀਤੇ ਗਏ ਲੱਖਾਂ ਵਾਹਨ ਸੜਕਾਂ 'ਤੇ ਸੜ ਰਹੇ ਹਨ, ਜੋ ਨਾ ਸਿਰਫ਼ ਟ੍ਰੈਫਿਕ ਵਿੱਚ ਵਿਘਨ ਪਾਉਂਦੇ ਹਨ, ਸਗੋਂ ਵਾਤਾਵਰਣ ਅਤੇ ਸਿਹਤ ਲਈ ਵੀ ਖ਼ਤਰਾ ਬਣ ਚੁੱਕੇ ਹਨ। ਜੰਗਾਲ ਖਾ ਰਹੇ ਇਹ ਵਾਹਨ ਬਿਮਾਰੀਆਂ ਫੈਲਾਉਣ ਵਾਲੇ ਮੱਛਰਾਂ ਦਾ ਗੜ੍ਹ ਬਣ ਗਏ ਹਨ। ਪੰਜਾਬ ਸਰਕਾਰ ਵਾਂਗ ਬਾਕੀ ਰਾਜਾਂ ਨੂੰ ਵੀ ਇਨ੍ਹਾਂ ਨੂੰ ਸਕ੍ਰੈਪ ਯਾਰਡਾਂ ਵਿੱਚ ਸ਼ਿਫਟ ਕਰਨ ਅਤੇ ਨਿਲਾਮੀ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਲੋੜ ਹੈ।

ਥਾਣਿਆਂ ਦਾ ਅੰਦਰੂਨੀ ਢਾਂਚਾ ਹੋਰ ਵੀ ਨਿਰਾਸ਼ਾਜਨਕ ਹੈ। ਅੰਕੜੇ ਦੱਸਦੇ ਹਨ ਕਿ ਸੈਂਕੜੇ ਥਾਣਿਆਂ ਕੋਲ ਅੱਜ ਵੀ ਨਾ ਤਾਂ ਫ਼ੋਨ ਹਨ ਅਤੇ ਨਾ ਹੀ ਸਰਕਾਰੀ ਵਾਹਨ। ਮਾਲਖਾਨਿਆਂ ਦੀ ਹਾਲਤ ਅਜਿਹੀ ਹੈ ਕਿ ਅਹਿਮ ਸਬੂਤ ਚੂਹਿਆਂ ਦੀ ਭੇਟ ਚੜ੍ਹ ਰਹੇ ਹਨ। ਜਦੋਂ ਸਬੂਤ ਹੀ ਸੁਰੱਖਿਅਤ ਨਹੀਂ ਰਹਿਣਗੇ, ਤਾਂ ਅਦਾਲਤਾਂ ਵਿੱਚ ਨਿਆਂ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ ?

ਅੱਜਕੱਲ੍ਹ ਥਾਣਿਆਂ ਵਿੱਚ ਜ਼ਬਤ ਕੀਤਾ ਸਾਮਾਨ (ਜਿਵੇਂ ਨਸ਼ੇ, ਹਥਿਆਰ, ਗਹਿਣੇ) ਇੱਕ ਗੰਦੇ ਕਮਰੇ ਵਿੱਚ ਬਿਨਾਂ ਕਿਸੇ ਤਰਤੀਬ ਦੇ ਪਿਆ ਰਹਿੰਦਾ ਹੈ। ਈ-ਮਾਲਖਾਨਾ ਲਾਗੂ ਹੋਣ ਦਾ ਮਤਲਬ ਹੈ: ਹਰ ਚੀਜ਼ 'ਤੇ ਇੱਕ ਬਾਰਕੋਡ ਲੱਗਿਆ ਹੋਵੇ। ਕੰਪਿਊਟਰ 'ਤੇ ਇੱਕ ਕਲਿੱਕ ਕਰਦਿਆਂ ਹੀ ਪਤਾ ਲੱਗ ਜਾਵੇ ਕਿ ਕਿਹੜਾ ਸਬੂਤ ਕਿੱਥੇ ਪਿਆ ਹੈ। ਸਾਮਾਨ ਨੂੰ ਚੂਹਿਆਂ ਜਾਂ ਸਿੱਲ੍ਹ ਤੋਂ ਬਚਾਉਣ ਲਈ ਲੋਹੇ ਦੇ ਆਧੁਨਿਕ ਰੈਕ ਹੋਣ।

ਡਿਜੀਟਲ ਰਿਕਾਰਡਿੰਗ ਦਾ ਮਤਲਬ ਸਿਰਫ਼ ਕੈਮਰੇ ਲਗਾਉਣਾ ਨਹੀਂ, ਸਗੋਂ ਇਹ ਯਕੀਨੀ ਬਣਾਉਣਾ ਹੈ ਕਿ ਥਾਣੇ ਦੇ ਹਰ ਕੋਨੇ (ਖ਼ਾਸ ਕਰਕੇ ਪੁੱਛਗਿੱਛ ਕਮਰੇ) ਵਿੱਚ ਕੈਮਰੇ ਚੱਲਦੇ ਹੋਣ। ਜੇਕਰ ਪੁਲਿਸ ਹਿਰਾਸਤ ਵਿੱਚ ਕਿਸੇ ਨਾਲ ਕੁੱਟਮਾਰ ਹੁੰਦੀ ਹੈ, ਤਾਂ ਉਸ ਦੀ ਰਿਕਾਰਡਿੰਗ ਡਿਲੀਟ ਨਾ ਕੀਤੀ ਜਾ ਸਕੇ ਅਤੇ ਅਦਾਲਤ ਵਿੱਚ ਸਬੂਤ ਵਜੋਂ ਪੇਸ਼ ਹੋਵੇ। ਪੁਲਿਸ ਨੂੰ ਪਤਾ ਹੋਵੇ ਕਿ ਉਹਨਾਂ ਦੀ ਹਰ ਹਰਕਤ ਰਿਕਾਰਡ ਹੋ ਰਹੀ ਹੈ, ਜਿਸ ਨਾਲ ਭ੍ਰਿਸ਼ਟਾਚਾਰ ਅਤੇ ਤਸ਼ੱਦਦ ਘਟੇਗਾ।

ਅਕਸਰ ਵੇਖਿਆ ਜਾਂਦਾ ਹੈ ਕਿ ਸਰਕਾਰ ਫੰਡ ਜਾਰੀ ਕਰ ਦਿੰਦੀ ਹੈ, ਪਰ ਥਾਣਿਆਂ ਵਿੱਚ ਕੰਪਿਊਟਰ ਖਰਾਬ ਪਏ ਰਹਿੰਦੇ ਹਨ।ਸੀਸੀਟੀਵੀ ਕੈਮਰੇ ਤਾਂ ਲੱਗੇ ਹੁੰਦੇ ਹਨ, ਪਰ ਜਦੋਂ ਕੋਈ ਵਾਰਦਾਤ ਹੁੰਦੀ ਹੈ ਤਾਂ ਪਤਾ ਲੱਗਦਾ ਹੈ ਕਿ ਉਹ 'ਬੰਦ' ਸਨ। ਸਾਫਟਵੇਅਰ ਬਣ ਜਾਂਦੇ ਹਨ, ਪਰ ਪੁਲਿਸ ਮੁਲਾਜ਼ਮਾਂ ਨੂੰ ਡਿਜੀਟਲ ਸਾਖਰਤਾ ਦੀ ਕਮੀ) ਕਾਰਣ ਚਲਾਉਣੇ ਨਹੀਂ ਆਉਂਦੇ। ਜੇਕਰ ਇਹ ਸਿਸਟਮ ਸਿਰਫ਼ ਕਾਗਜ਼ਾਂ 'ਤੇ ਹੀ ਰਿਹਾ, ਤਾਂ ਨਿਆਂ ਪ੍ਰਣਾਲੀ ਪੁਰਾਣੀ ਹੀ ਰਹੇਗੀ। ਇਸ ਨੂੰ 'ਅਸਲੀਅਤ' ਬਣਾਉਣ ਲਈ ਫੰਡ, ਟ੍ਰੇਨਿੰਗ ਅਤੇ ਸਖ਼ਤ ਨਿਗਰਾਨੀ ਦੀ ਲੋੜ ਹੈ ਤਾਂ ਜੋ ਆਮ ਜਨਤਾ ਦਾ ਪੁਲਿਸ 'ਤੇ ਵਿਸ਼ਵਾਸ ਵਧ ਸਕੇ ਅਤੇ ਕਿਸੇ ਵੀ ਬੇਗੁਨਾਹ ਨਾਲ ਧੱਕਾ ਨਾ ਹੋਵੇ।

ਪੁਲਿਸ ਮੁਲਾਜ਼ਮਾਂ ਦੀ ਕਾਰਜਸ਼ੈਲੀ ਨੂੰ ਲੈ ਕੇ ਅਸੀਂ ਅਕਸਰ ਆਲੋਚਨਾ ਕਰਦੇ ਹਾਂ, ਪਰ ਇਹ ਭੁੱਲ ਜਾਂਦੇ ਹਾਂ ਕਿ ਉਹ ਕਿਹੜੀਆਂ ਹਾਲਤਾਂ ਵਿੱਚ ਕੰਮ ਕਰ ਰਹੇ ਹਨ। ਬਿਨਾਂ ਆਰਾਮ ਕਮਰਿਆਂ, ਸਾਫ਼ ਪਖਾਨਿਆਂ ਅਤੇ ਲੋੜੀਂਦੀ ਨਫ਼ਰੀ ਦੇ, 24 ਘੰਟੇ ਡਿਊਟੀ ਕਰਨਾ ਮਾਨਸਿਕ ਤਣਾਅ ਪੈਦਾ ਕਰਦਾ ਹੈ। ਖਾਸ ਕਰਕੇ ਮਹਿਲਾ ਪੁਲਿਸ ਮੁਲਾਜ਼ਮਾਂ ਦੀ ਘੱਟ ਗਿਣਤੀ ਅਤੇ ਬੁਨਿਆਦੀ ਸਹੂਲਤਾਂ ਦੀ ਘਾਟ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਸੁਪਰੀਮ ਕੋਰਟ ਅਤੇ ਵੱਖ-ਵੱਖ ਕਮੇਟੀਆਂ (ਜਿਵੇਂ ਪ੍ਰਕਾਸ਼ ਸਿੰਘ ਕੇਸ ਅਤੇ ਰਿਬੇਰੋ ਕਮੇਟੀ) ਨੇ ਵਾਰ-ਵਾਰ ਪੁਲਿਸ ਸੁਧਾਰਾਂ ਦੀ ਵਕਾਲਤ ਕੀਤੀ ਹੈ, ਪਰ ਸਿਆਸੀ ਇੱਛਾ-ਸ਼ਕਤੀ ਦੀ ਕਮੀ ਕਾਰਨ ਇਹ ਸੁਧਾਰ ਠੰਡੇ ਬਸਤੇ ਵਿੱਚ ਹਨ। ਪੁਲਿਸ ਨੂੰ ਸਿਆਸੀ ਪ੍ਰਭਾਵ ਤੋਂ ਮੁਕਤ ਕਰਨਾ ਅਤੇ ਥਾਣਿਆਂ ਨੂੰ 'ਯੂਜ਼ਰ ਫਰੈਂਡਲੀ' ਬਣਾਉਣਾ ਸਮੇਂ ਦੀ ਮੁੱਖ ਲੋੜ ਹੈ।

ਜੇਕਰ ਸਰਕਾਰ ਸੱਚਮੁੱਚ ਪੁਲਿਸ ਨੂੰ 'ਆਧੁਨਿਕ' ਬਣਾਉਣਾ ਚਾਹੁੰਦੀ ਹੈ, ਤਾਂ ਸਿਰਫ਼ ਨਵੇਂ ਕਾਨੂੰਨ ਬਣਾਉਣਾ ਕਾਫ਼ੀ ਨਹੀਂ ਹੈ। ਥਾਣਿਆਂ ਦੀਆਂ ਜਰਜ਼ਰ ਇਮਾਰਤਾਂ ਨੂੰ ਨਵੀਂ ਰੂਹ ਦੇਣੀ ਪਵੇਗੀ ਅਤੇ ਪੁਲਿਸ ਨੂੰ ਇੱਕ ਡੰਡੇ ਵਾਲੀ ਫੋਰਸ ਦੀ ਬਜਾਏ ਸੇਵਾ ਪ੍ਰਦਾਤਾ ਵਜੋਂ ਵਿਕਸਤ ਕਰਨਾ ਹੋਵੇਗਾ। ਨਹੀਂ ਤਾਂ, ਵਿਕਸਿਤ ਭਾਰਤ ਦਾ ਸੰਕਲਪ ਅਧੂਰਾ ਹੀ ਰਹੇਗਾ।

ਪੰਜਾਬ ਵਿੱਚ ਪੁਲਿਸ ਹਿਰਾਸਤ ਅਤੇ ਜੇਲ੍ਹਾਂ ਅੰਦਰ ਹੋਣ ਵਾਲੀਆਂ ਮੌਤਾਂ ਨੇ ਸੂਬੇ ਦੇ ਕਾਨੂੰਨ-ਵਿਵਸਥਾ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ 'ਤੇ ਡੂੰਘੇ ਸਵਾਲ ਖੜ੍ਹੇ ਕਰ ਦਿੱਤੇ ਹਨ। ਹਾਲ ਹੀ ਵਿੱਚ ਮਦੁਰਾਈ ਅਦਾਲਤ ਵੱਲੋਂ 9 ਪੁਲਿਸ ਮੁਲਾਜ਼ਮਾਂ ਨੂੰ ਸੁਣਾਈ ਗਈ ਫ਼ਾਂਸੀ ਦੀ ਸਜ਼ਾ ਨੇ ਇਸ ਗੰਭੀਰ ਮੁੱਦੇ ਨੂੰ ਮੁੜ ਚਰਚਾ ਵਿੱਚ ਲਿਆ ਦਿੱਤਾ ਹੈ, ਜਿਸ ਦਾ ਸਿੱਧਾ ਅਸਰ ਪੰਜਾਬ ਦੀ ਸਿਆਸਤ ਅਤੇ ਪ੍ਰਸ਼ਾਸਨ 'ਤੇ ਵੀ ਦੇਖਣ ਨੂੰ ਮਿਲ ਰਿਹਾ ਹੈ।

ਪੁਲਿਸ ਬਾਰੇ ਸੁਪਰੀਮ ਕੋਰਟ ਦੀਆਂ ਹਦਾਇਤਾਂ ਕੀ ਹਨ ?

ਸੁਪਰੀਮ ਕੋਰਟ ਨੇ ਸਮੇਂ-ਸਮੇਂ 'ਤੇ ਪੁਲਿਸ ਦੀ ਕਾਰਗੁਜ਼ਾਰੀ, ਹਿਰਾਸਤੀ ਤਸ਼ੱਦਦ ਅਤੇ ਨਾਗਰਿਕਾਂ ਦੇ ਅਧਿਕਾਰਾਂ ਦੀ ਰਾਖੀ ਲਈ ਬਹੁਤ ਸਖ਼ਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਅਦਾਲਤ ਦਾ ਮੰਨਣਾ ਹੈ ਕਿ 'ਕਾਨੂੰਨ ਦਾ ਰਾਜ' ਸਭ ਲਈ ਬਰਾਬਰ ਹੈ ਅਤੇ ਪੁਲਿਸ ਕਾਨੂੰਨ ਤੋਂ ਉੱਪਰ ਨਹੀਂ ਹੈ।

ਸੁਪਰੀਮ ਕੋਰਟ ਦੇ ਕੁਝ ਅਹਿਮ ਫੈਸਲੇ ਅਤੇ ਟਿੱਪਣੀਆਂ ਹੇਠ ਲਿਖੇ ਅਨੁਸਾਰ ਹਨ:

ਡੀ.ਕੇ. ਬਾਸੂ ਬਨਾਮ ਪੱਛਮੀ ਬੰਗਾਲ (1997) — ਇਤਿਹਾਸਕ ਗਾਈਡਲਾਈਨਜ਼

ਡੀ.ਕੇ. ਬਾਸੂ ਬਨਾਮ ਪੱਛਮੀ ਬੰਗਾਲ (1997) ਮਾਮਲਾ ਭਾਰਤੀ ਕਾਨੂੰਨ ਦੇ ਇਤਿਹਾਸ ਵਿੱਚ ਇੱਕ ਅਜਿਹਾ ਮੋੜ ਸੀ, ਜਿਸ ਨੇ ਪੁਲਿਸ ਦੀਆਂ ਬੇਲਗਾਮ ਸ਼ਕਤੀਆਂ 'ਤੇ ਨੱਥ ਪਾਈ। ਸੁਪਰੀਮ ਕੋਰਟ ਨੇ ਮਹਿਸੂਸ ਕੀਤਾ ਕਿ ਸਿਰਫ਼ ਸੰਵਿਧਾਨਕ ਹੱਕ ਹੋਣਾ ਕਾਫ਼ੀ ਨਹੀਂ ਹੈ, ਸਗੋਂ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਸੁਰੱਖਿਆ ਲਈ ਸਖ਼ਤ ਪ੍ਰਕਿਰਿਆ ਹੋਣੀ ਚਾਹੀਦੀ ਹੈ।

ਅਦਾਲਤ ਨੇ 11 ਅਹਿਮ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ, ਜੋ ਅੱਜ ਵੀ ਹਰ ਪੁਲਿਸ ਮੁਲਾਜ਼ਮ ਲਈ ਮੰਨਣੇ ਲਾਜ਼ਮੀ ਹਨ:

ਗ੍ਰਿਫ਼ਤਾਰੀ ਜਾਂ ਪੁੱਛਗਿੱਛ ਕਰਨ ਵਾਲੇ ਹਰ ਪੁਲਿਸ ਮੁਲਾਜ਼ਮ ਦੀ ਵਰਦੀ 'ਤੇ ਉਸ ਦੇ ਨਾਮ ਦੀ ਸਪੱਸ਼ਟ ਅਤੇ ਪੜ੍ਹਨਯੋਗ ਨੇਮ-ਪਲੇਟ ਹੋਣੀ ਚਾਹੀਦੀ ਹੈ।

(ਬਾਕੀ ਸਫ਼ਾ 26 'ਤੇ)



## ਅਮਰੀਕਾ-ਇਰਾਨ ਜੰਗਬੰਦੀ

# ਗੀਤ-ਸੰਗੀਤ ਦੀਆਂ ਧੁਨਾਂ ਅੱਗੇ ਹਾਰ ਗਈ ਪ੍ਰਮਾਣੂ ਸ਼ਕਤੀ

## ਇਰਾਨ ਨੇ ਵਿਸ਼ਵ ਅੱਗੇ ਪੇਸ਼ ਕੀਤੀ 'ਮਨੁੱਖਤਾ' ਦੀ ਵੱਡੀ ਮਿਸਾਲ

ਜਗਮੋਹਨ ਸਿੰਘ ਲੱਕੀ



**ਏਸ਼ੀਆ ਦੇ ਦੱਖਣ-ਪੱਛਮ ਹਿੱਸੇ ਵਿੱਚ ਸਥਿਤ ਦੇਸ਼ ਇਰਾਨ ਦੀ ਧਰਤੀ 'ਤੇ ਉਥਲ ਪੁੱਥਲ ਅਤੇ ਅਸ਼ਾਂਤੀ ਵਾਲੇ ਮਾਹੌਲ ਦੌਰਾਨ ਜਦੋਂ ਇਰਾਨੀ ਕਲਾਕਾਰਾਂ ਸੰਗੀਤਕਾਰ ਅਲੀ ਗ਼ਮਸਾਰੀ ਅਤੇ ਗਾਇਕ ਅਲੀ ਜ਼ੰਦਵਾਕਿਲੀ ਨੇ 'ਵਿਸ਼ਵ ਸ਼ਾਂਤੀ' ਦੇ ਗੀਤ ਗਾਏ ਅਤੇ ਅਮਰੀਕੀ ਹਮਲਿਆਂ ਅਤੇ ਧਮਕੀਆਂ ਦਾ ਜਵਾਬ ਗੀਤਾਂ ਅਤੇ ਸੰਗੀਤ ਦੀਆਂ ਸੁਰਾਂ ਨਾਲ ਦਿੱਤਾ ਤਾਂ ਉਨ੍ਹਾਂ ਕਲਾਕਾਰਾਂ ਨੇ ਸਾਬਿਤ ਕਰ ਦਿੱਤਾ ਕਿ ਇਰਾਨ ਦੀ ਧਰਤੀ 'ਤੇ ਪੈਦਾ ਹੋਏ ਵਿਸ਼ਵ ਪ੍ਰਸਿੱਧ ਕਵੀਆਂ ਅਤੇ ਲੇਖਕਾਂ ਹਾਫਿਜ, ਸਾਦੀ, ਰੂਮੀ ਅਤੇ ਫਿਰਦੌਸੀ ਦੀ ਵਿਰਾਸਤ ਅੱਜ ਵੀ ਜ਼ਿੰਦਾ ਹੈ, ਜਿਨ੍ਹਾਂ ਨੇ ਪੂਰੀ ਦੁਨੀਆ ਨੂੰ ਪਿਆਰ-ਮੁਹੱਬਤ ਦਾ ਪੈਗਾਮ ਦਿੱਤਾ।**

ਵਿਸ਼ਵ ਦੀ ਸੁਪਰ ਸ਼ਕਤੀ ਅਮਰੀਕਾ ਅਤੇ ਇਜ਼ਰਾਇਲ ਦੇ ਜੰਗੀ ਜਹਾਜ਼ਾਂ ਵੱਲੋਂ ਦਿਨ ਰਾਤ ਸੁੱਟੇ ਜਾ ਰਹੇ ਖ਼ਤਰਨਾਕ ਬੰਬਾਂ ਕਾਰਨ ਕੰਬ ਰਹੀ ਇਰਾਨ ਦੀ ਧਰਤੀ 'ਤੇ ਜਦੋਂ ਇਰਾਨ ਦੇ ਪ੍ਰਸਿੱਧ ਕਲਾਕਾਰਾਂ ਨੇ ਗੀਤ- ਸੰਗੀਤ ਦੀਆਂ ਧੁਨਾਂ ਛੇੜੀਆਂ ਤਾਂ ਵੱਡੀ ਪ੍ਰਮਾਣੂ ਸ਼ਕਤੀ ਅਮਰੀਕਾ ਨੂੰ ਵੀ ਹਾਰ ਮੰਨਣੀ ਪੈ ਗਈ ਅਤੇ ਮਜ਼ਬੂਰੀ ਬੱਸ ਉਸ ਨੂੰ ਜੰਗ ਦੀ ਥਾਂ ਜੰਗਬੰਦੀ ਕਰਨ ਦਾ ਐਲਾਨ ਕਰਨਾ ਪਿਆ। ਭਾਵੇਂ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਇਹ ਦਾਅਵਾ ਕਰ ਰਹੇ ਹਨ ਕਿ ਇਸ ਜੰਗ ਵਿੱਚ ਅਮਰੀਕਾ ਦੀ ਜਿੱਤ ਹੋਈ ਹੈ ਅਤੇ ਉਹ ਹਾਰਿਆ ਨਹੀਂ ਹੈ ਪਰ ਹਾਲਾਤ ਚੀਕ ਚੀਕ ਕੇ ਕਹਿ ਰਹੇ ਹਨ ਕਿ ਅਮਰੀਕਾ ਦੀਆਂ ਫ਼ੌਜਾਂ 'ਜਿੱਤ' ਕੇ ਅੰਤ ਨੂੰ 'ਹਾਰ' ਗਈਆਂ ਹਨ।

ਲੰਘੇ ਦਿਨੀਂ ਜਦੋਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨੀ ਸਭਿਅਤਾ ਨੂੰ ਤਬਾਹ ਕਰਨ ਦੀ ਧਮਕੀ ਦਿੱਤੀ ਸੀ ਤਾਂ ਇੱਕ ਵਾਰ ਦੁਨੀਆਂ ਭਰ ਦੇ ਲੋਕਾਂ ਨੂੰ ਲੱਗਿਆ ਸੀ ਕਿ ਅਮਰੀਕਾ ਇਰਾਨ 'ਤੇ ਪ੍ਰਮਾਣੂੰ ਬੰਬ ਸੁੱਟੇਗਾ ਅਤੇ ਇਰਾਨ ਪੂਰੀ ਤਰ੍ਹਾਂ ਤਬਾਹ ਹੋ ਜਾਵੇਗਾ ਜਾਂ ਡਰਦਾ ਹੋਇਆ ਅਮਰੀਕਾ ਦੀ ਸ਼ਰਨ ਵਿੱਚ ਚਲਾ ਜਾਵੇਗਾ ਪਰ ਇਰਾਨ ਨੇ ਸਭ ਕਿਆਸ-ਅਰਾਈਆ ਨੂੰ ਫੇਲ੍ਹ ਕਰ ਦਿੱਤਾ ਅਤੇ ਅਮਰੀਕੀ ਦੇ ਜੰਗੀ ਜਹਾਜ਼ਾਂ ਵੱਲੋਂ ਇਰਾਨ ਦੀ ਧਰਤੀ 'ਤੇ ਸੁੱਟੇ ਜਾ ਰਹੇ ਬੰਬਾਂ ਦਾ ਜਵਾਬ ਮਨੁੱਖੀ ਲੜੀ ਬਣਾ ਕੇ ਵਿਸ਼ਵ ਦਾ ਥਾਣੇਦਾਰ ਕਹਾਉਂਦੇ ਟਰੰਪ ਨੂੰ ਵੀ ਤਰੇਲੀਆਂ ਆ ਗਈਆਂ ਅਤੇ ਉਸ ਦਾ ਇਰਾਨ 'ਤੇ ਕਬਜ਼ਾ ਕਰਨ ਦਾ ਸੁਪਨਾ ਦਿਨ ਦਿਹਾੜੇ ਟੁੱਟ ਗਿਆ।

ਡੋਨਾਲਡ ਟਰੰਪ ਨੇ ਜਦੋਂ ਇਰਾਨ ਦੇ ਪਾਵਰ ਪਲਾਂਟਾਂ ਅਤੇ ਹੋਰ ਅਹਿਮ ਸਥਾਨਾਂ 'ਤੇ ਬੰਬ ਸੁੱਟ ਕੇ ਤਬਾਹ ਕਰਨ ਦੀ ਧਮਕੀ ਦਿੱਤੀ ਤਾਂ ਪ੍ਰਸਿੱਧ ਇਰਾਨੀ ਸੰਗੀਤਕਾਰ ਅਲੀ ਗ਼ਮਸਾਰੀ ਇਰਾਨ ਦੇ ਪ੍ਰਸਿੱਧ ਸ਼ਹਿਰ ਤਹਿਰਾਨ ਦੇ ਦਮਾਵੰਦ ਪਾਵਰ ਪਲਾਂਟ ਦੇ ਸਾਹਮਣੇ ਪਹੁੰਚੇ, ਉਸਨੂੰ ਦੇਖ ਕੇ, ਕਈ ਹੋਰ ਕਲਾਕਾਰ ਆਪਣੇ ਸਾਜ਼ ਲੈ ਕੇ ਪ੍ਰਦਰਸ਼ਨ ਕਰਨ ਲਈ ਸੜਕਾਂ 'ਤੇ ਨਿਕਲ ਆਏ। ਇਰਾਨੀ ਸੰਗੀਤਕਾਰ ਘਮਸਾਰੀ ਅਮਰੀਕਾ ਦੇ ਬੰਬ ਧਮਾਕੇ ਦਾ ਮੁਕਾਬਲਾ ਕਰਨ ਲਈ ਪਾਵਰ ਪਲਾਂਟ ਦੇ ਸਾਹਮਣੇ ਇੱਕ ਚਟਾਈ ਵਿਛਾ ਕੇ ਬੈਠ ਗਿਆ ਅਤੇ ਲਗਾਤਾਰ ਦੋ ਦਿਨ ਆਪਣੇ ਆਪਣੇ ਸੰਗੀਤਕ ਸਾਜ਼ਾਂ ਨੂੰ ਵਜਾਇਆ। ਇਸੇ ਤਰ੍ਹਾਂ ਮਸ਼ਹੂਰ ਇਰਾਨੀ ਗਾਇਕ ਅਲੀ ਜ਼ੰਦਵਾਕਿਲੀ ਨੇ ਇਰਾਨ ਦੇ ਬੁਨਿਆਦੀ ਢਾਂਚੇ ਦੀ ਰੱਖਿਆ ਲਈ ਰੇਲਵੇ ਲਾਈਨ ਦੇ ਨਾਲ ਗੀਤ ਗਾਏ। ਇਸ ਦੌਰਾਨ, ਅਮਰੀਕਾ ਵੱਲੋਂ ਇਰਾਨ ਵਿੱਚ ਸ਼ਰੀਫ ਯੂਨੀਵਰਸਿਟੀ ਨੂੰ ਮਿਜ਼ਾਈਲ ਨਾਲ ਤਬਾਹ ਕਰਨ ਤੋਂ ਬਾਅਦ, ਇੱਕ ਗਣਿਤ ਦੇ ਪ੍ਰੋਫੈਸਰ ਨੇ ਅਗਲੇ ਹੀ ਦਿਨ ਰਾਖ ਅਤੇ ਮਲਬੇ ਦੇ ਵਿਚਕਾਰ ਇੱਕ ਔਨਲਾਈਨ ਕਲਾਸ ਲਗਾਈ। ਇੱਕ ਹੋਰ ਪ੍ਰੋਫੈਸਰ, ਡਾ. ਮਸੂਦ ਸ਼ਾਦਨਮ ਨੇ ਕਿਹਾ ਕਿ ਇਹ ਹਮਲੇ ਇਰਾਨ ਵਿੱਚ ਵਿਗਿਆਨਕ ਤਰੱਕੀ ਨੂੰ ਪ੍ਰਭਾਵਤ ਨਹੀਂ ਕਰ ਸਕਦੇ, ਕਿਉਂਕਿ ਇਮਾਰਤਾਂ ਨੂੰ ਦੁਬਾਰਾ ਬਣਾਇਆ ਜਾ ਸਕਦਾ ਹੈ, ਪਰ ਬੁੱਧੀ ਨੂੰ ਨਿਸ਼ਾਨਾ ਨਹੀਂ ਬਣਾਇਆ ਜਾ ਸਕਦਾ ਅਤੇ ਵਿਗਿਆਨ ਦੇ ਖੇਤਰ ਵਿੱਚ ਕੰਮ ਕਰਨ ਵਾਲੇ ਪ੍ਰਤਿਭਾਸ਼ਾਲੀ ਲੋਕ ਇੱਥੇ ਰਹਿੰਦੇ ਹਨ। ਇਰਾਨ ਦੇ ਪੂਰੀ ਤਰ੍ਹਾਂ ਤਬਾਹੀ ਦੇ ਅਮਰੀਕਾ ਦੇ ਵੱਡੇ ਖ਼ਤਰੇ ਦੇ ਵਿਚਕਾਰ, ਯੁਵਾ ਅਤੇ ਖੇਡ ਦੇ ਉਪ ਮੰਤਰੀ ਅਲੀਰੇਜ਼ਾ ਰਹੀਮੀ ਇੱਕ ਟੀ.ਵੀ. ਚੈਨਲ 'ਤੇ ਪ੍ਰਗਟ ਹੋਏ ਅਤੇ ਆਪਣੇ ਦੇਸ਼ ਵਾਸੀਆਂ ਨੂੰ ਮਨੁੱਖੀ ਲੜੀ ਬਣਾ ਕੇ ਅਮਰੀਕਾ ਦੀਆਂ ਧਮਕੀਆਂ ਦਾ ਜਵਾਬ ਦੇਣ ਦੀ ਅਪੀਲ ਕੀਤੀ, ਜਿਸ ਨੂੰ ਇਰਾਨੀ ਲੋਕਾਂ ਨੇ ਭਰਪੂਰ ਹੁੰਗਾਰਾ ਭਰਿਆ।



ਇੱਥੇ ਵਿਸ਼ਵ ਪ੍ਰਸਿੱਧ ਫ਼ਿਲਮ 'ਟਾਈਟੈਨਿਕ' ਦਾ ਇੱਕ ਸ਼ਾਨਦਾਰ ਦ੍ਰਿਸ਼ ਯਾਦ ਆ ਜਾਂਦਾ ਹੈ। ਇਸ ਫ਼ਿਲਮ ਵਿੱਚ ਜਿਵੇਂ ਹੀ ਜਹਾਜ਼ ਡੁੱਬਦਾ ਹੈ, ਅਮੀਰ ਲੋਕ ਬਚਾਅ ਕਿਸ਼ਤੀਆਂ 'ਤੇ ਚੜ੍ਹਨ ਲਈ ਕਾਹਲੀ ਕਰਦੇ ਹਨ, ਹੇਠਾਂ ਗਰੀਬਾਂ ਲਈ ਦਰਵਾਜ਼ੇ ਬੰਦ ਕਰ ਦਿੱਤੇ ਜਾਂਦੇ ਹਨ ਅਤੇ ਤਾਲੇ ਲੱਗ ਜਾਂਦੇ ਹਨ, ਕਿਉਂਕਿ ਉਨ੍ਹਾਂ ਦੀਆਂ ਜਾਨਾਂ ਦੀ ਕੋਈ ਕੀਮਤ ਨਹੀਂ ਹੁੰਦੀ। ਜਹਾਜ਼ ਚੀਕਾਂ ਅਤੇ ਰੋਣ-ਪਿੱਟਣ ਨਾਲ ਗੂੰਜ ਉੱਠਦਾ ਹੈ। ਇਸ ਦੌਰਾਨ, ਸੰਗੀਤਕਾਰਾਂ ਦਾ ਇੱਕ ਸਮੂਹ, ਆਪਣੇ ਸਾਜ਼ ਲੈ ਕੇ, ਰਵਾਨਾ ਹੋਣ ਤੋਂ ਪਹਿਲਾਂ ਰੁਕਦਾ ਹੈ ਅਤੇ ਆਖਰੀ ਵਾਰ ਪ੍ਰਦਰਸ਼ਨ ਕਰਦਾ ਹੈ। ਮੌਤ ਦੇ ਵਿਚਕਾਰ, ਉਹ ਜੀਵਨ, ਜੀਵਨਸ਼ਕਤੀ ਅਤੇ ਜੀਣ ਦੀ ਇੱਛਾ ਦੀ ਇੱਕ ਸ਼ਾਨਦਾਰ ਸੰਗੀਤਕ ਰਚਨਾ ਪੇਸ਼ ਕਰਦੇ ਹਨ। ਇਰਾਨ ਵਿੱਚ ਫ਼ਿਲਮ 'ਟਾਈਟੈਨਿਕ' ਦਾ ਇਹ ਦ੍ਰਿਸ਼ ਸੱਚਮੁੱਚ ਦਿਖਾਈ ਦਿੱਤਾ ਅਤੇ ਇਰਾਨੀ ਲੋਕਾਂ ਨੇ ਅਮਰੀਕਾ ਹਮਲੇ ਦੌਰਾਨ ਮੌਤ ਦੇ ਸਾਏ ਹੇਠ ਵੀ ਗੀਤ -ਸੰਗੀਤ ਰਾਹੀਂ 'ਵਿਸ਼ਵ ਸ਼ਾਂਤੀ' ਦਾ ਸੁਨੇਹਾ ਦਿੱਤਾ। ਇਰਾਨ ਵੱਲੋਂ ਅਮਰੀਕਾ ਦੇ ਲੋਕਾਂ ਲਈ ਜਾਰੀ ਸੰਦੇਸ਼ ਵਿੱਚ ਕਿਹਾ ਗਿਆ ਕਿ ਇਰਾਨ ਦੀ ਅਮਰੀਕਾ ਦੇ ਆਮ ਲੋਕਾਂ ਨਾਲ ਕੋਈ ਦੁਸ਼ਮਣੀ ਨਹੀਂ ਹੈ ਪਰ ਟਰੰਪ ਅਤੇ ਨੇਤਨਯਾਹੂ ਅਮਰੀਕੀ ਅਤੇ ਇਜ਼ਰਾਇਲੀ ਲੋਕਾਂ ਲਈ ਖ਼ਤਰਾ ਪੈਦਾ ਕਰ ਰਹੇ ਹਨ। ਇਰਾਨ ਦੇ ਇਸ ਸੰਦੇਸ਼ ਦਾ ਵੀ ਅਮਰੀਕੀ ਲੋਕਾਂ 'ਤੇ ਵੱਡਾ ਪ੍ਰਭਾਵ ਪਿਆ ਅਤੇ ਅਮਰੀਕਾ ਵਿੱਚ ਟਰੰਪ ਵਿਰੁੱਧ ਵੱਡੇ ਰੋਸ ਪ੍ਰਦਰਸ਼ਨ ਹੋਣ ਲੱਗ ਪਏ ਅਤੇ ਉਸ ਨੂੰ ਗੱਦੀ ਤੋਂ ਲਾਹੁਣ ਦੀ ਮੰਗ ਵੀ ਉੱਠਣ ਲੱਗੀ। ਅਮਰੀਕਾ ਦੇ 50 ਸੂਬਿਆਂ ਵਿੱਚ 3000 ਤੋਂ ਵੱਧ ਥਾਵਾਂ 'ਤੇ ਰਾਸ਼ਟਰਪਤੀ ਟਰੰਪ ਵਿਰੁੱਧ ਹੋਏ ਰੋਸ ਪ੍ਰਦਰਸ਼ਨਾਂ ਨੇ ਦਰਸ਼ਾਅ ਦਿੱਤਾ ਕਿ ਅਮਰੀਕਾ ਦੇ ਆਮ ਲੋਕ ਟਰੰਪ ਦੀਆਂ ਜੰਗੀ ਨੀਤੀਆਂ ਨਾਲ ਸਹਿਮਤ ਨਹੀਂ ਅਤੇ ਉਹ ਵਿਸ਼ਵ ਵਿੱਚ ਸ਼ਾਂਤੀ ਚਾਹੁੰਦੇ ਹਨ। ਇਹੋ ਕਾਰਨ ਹੈ ਕਿ ਅਮਰੀਕਾ ਵਿੱਚ ਟਰੰਪ ਦੇ ਹੋ ਰਹੇ ਵਿਰੋਧ ਅਤੇ ਵਿਸ਼ਵ ਭਰ ਦੇ ਲੋਕਾਂ ਵੱਲੋਂ ਇਰਾਨ ਦੇ ਕੀਤੇ ਜਾ ਰਹੇ ਸਮਰਥਣ ਕਾਰਨ ਟਰੰਪ ਨੂੰ ਇਰਾਨ ਨਾਲ ਜੰਗਬੰਦੀ ਦਾ ਫੈਸਲਾ ਕਰਨ ਲਈ ਮਜ਼ਬੂਰ ਹੋਣਾ ਪਿਆ। ਆਮ ਲੋਕਾਂ ਲਈ ਇਹ ਗੱਲ ਵੱਡੀ ਹੈਰਾਨੀ ਵਾਲੀ ਰਹੀ ਕਿ ਜਿਹੜਾ ਟਰੰਪ ਇਰਾਨ ਨੂੰ ਵਾਪਸ ਪੱਥਰ ਯੁੱਗ ਵਿੱਚ ਭੇਜਣ ਅਤੇ ਇਰਾਨੀ ਸਭਿਅਤਾ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਦੀਆਂ ਧਮਕੀਆਂ ਦੇ ਰਿਹਾ ਸੀ, ਉਹ ਇੱਕਦਮ ਹੀ ਇਰਾਨ ਨਾਲ ਜੰਗਬੰਦੀ ਲਈ ਕਿਵੇਂ ਰਾਜ਼ੀ ਹੋ ਗਿਆ? ਇਸ ਦੇ ਵੀ ਵੱਡੇ ਕਾਰਨ ਹਨ, ਕਿਉਂਕਿ ਇਰਾਨ ਦੀ ਹਮਾਇਤ ਵਿੱਚ ਰੂਸ ਅਤੇ ਚੀਨ ਆ ਗਏ ਸਨ, ਜੋ ਕਿ ਦੋਵੇਂ ਹੀ ਵਿਸ਼ਵ ਦੀਆਂ ਪ੍ਰਮਾਣੂ ਸ਼ਕਤੀਆਂ ਹਨ। ਰੂਸ ਅਤੇ ਚੀਨ ਨੇ ਸੰਯੁਕਤ ਰਾਸ਼ਟਰ ਸੰਘ ਦੀ ਸੁਰੱਖਿਆ ਕੌਂਸਲ ਵਿੱਚ 'ਹਾਰਮੁਜ਼ ਜਲਡਮਰੂ' ਖੁੱਲ੍ਹਵਾਉਣ ਲਈ ਤਾਕਤ ਦੀ ਵਰਤੋਂ ਦਾ ਅਧਿਕਾਰ ਦੇਣ ਵਾਲੇ ਮਤੇ ਦਾ ਵਿਰੋਧ ਕਰਦਿਆਂ ਇਸ ਮਤੇ ਨੂੰ 'ਵੀਟੋ' ਕਰ ਦਿੱਤਾ ਸੀ। ਰੂਸ ਅਤੇ ਚੀਨ ਨੇ ਇਸ ਮਤੇ ਨੂੰ ਇਰਾਨ ਦੇ ਵਿਰੁੱਧ ਦੱਸਿਆ ਸੀ।

ਅਮਰੀਕਾ ਅਤੇ ਇਰਾਨ ਵਿਚਾਲੇ ਜੰਗਬੰਦੀ ਕਰਵਾਉਣ ਵਿੱਚ ਚੀਨ ਅਤੇ ਪਾਕਿਸਤਾਨ ਦਾ ਵੱਡਾ ਹੱਥ ਹੈ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਇਰਾਨ ਨਾਲ ਜੰਗਬੰਦੀ ਦਾ ਐਲਾਨ ਕਰਦਿਆਂ ਖੁਦ ਮੰਨਿਆ ਹੈ ਕਿ ਇਸ ਜੰਗਬੰਦੀ ਦਾ ਸਿਹਰਾ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਅਤੇ ਆਰਮੀ ਚੀਫ਼ ਫੀਲਡ ਮਾਰਸ਼ਲ ਆਸਿਮ ਮੁਨੀਰ ਨੂੰ ਜਾਂਦਾ ਹੈ। ਬਾਅਦ ਵਿੱਚ ਟਰੰਪ ਨੇ ਇੱਕ ਇੰਟਰਵਿਊ ਵਿੱਚ ਇਹ ਵੀ ਮੰਨਿਆ ਕਿ ਇਸ ਜੰਗ ਨੂੰ ਰੁਕਵਾਉਣ ਵਿੱਚ ਚੀਨ ਦੀ ਵੀ ਮਹੱਤਵਪੂਰਨ ਭੂਮਿਕਾ ਰਹੀ। ਚੀਨ ਨੇ ਹੀ ਇਰਾਨ ਨੂੰ ਜੰਗਬੰਦੀ ਲਈ ਮਨਾਇਆ ਕਿਉਂਕਿ ਪਹਿਲਾਂ ਇਰਾਨ ਵੱਲੋਂ ਅਮਰੀਕਾ ਨਾਲ ਜੰਗਬੰਦੀ ਕਰਨ ਤੋਂ ਸਪਸ਼ਟ ਨਾਂਹ ਕਰ ਦਿੱਤੀ ਗਈ ਸੀ। ਚੀਨ ਨੇ ਸ਼ਾਂਤ ਪਰ ਪ੍ਰਭਾਵਸ਼ਾਲੀ ਤਰੀਕਿਆਂ ਨਾਲ ਇਰਾਨ ਨੂੰ ਜੰਗਬੰਦੀ ਲਈ ਮਨਾਇਆ। ਚੀਨ ਨੇ ਪਹਿਲਾਂ ਪਾਕਿਸਤਾਨ, ਤੁਰਕੀ ਅਤੇ ਮਿਸਰ ਰਾਹੀਂ ਇਰਾਨ 'ਤੇ ਦਬਾਅ ਪਾਇਆ,ਜਿਸ ਨੂੰ ਇਰਾਨ ਨੇ ਮੰਗ ਲਿਆ। ਚੀਨ ਨੇ ਹੀ ਪਹਿਲਾਂ ਇਰਾਨ ਅਤੇ ਉਸ ਦੇ ਕੱਟੜ ਦੁਸ਼ਮਣ ਸਾਊਦੀ ਅਰਬ ਨਾਲ ਸਮਝੌਤੇ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਚੀਨ ਨੇ ਇਹ ਜੰਗ ਸ਼ੁਰੂ ਹੋਣ ਵੇਲੇ ਹੀ ਕਹਿ ਦਿੱਤਾ ਸੀ ਕਿ ਸਾਰੀਆਂ ਧਿਰਾਂ ਨੂੰ ਇਮਾਨਦਾਰੀ ਦਿਖਾਉਣੀ ਚਾਹੀਦੀ ਹੈ ਅਤੇ ਜੰਗ ਛੇਤੀ ਖਤਮ ਕਰਨੀ ਚਾਹੀਦੀ ਹੈ, ਜਿਹੜੀ ਕਿ ਸ਼ੁਰੂ ਹੀ ਨਹੀਂ ਹੋਣੀ ਚਾਹੀਦੀ ਸੀ।

ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੂੰ ਅਹਿਸਾਸ ਹੋ ਗਿਆ ਹੈ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ ਕਿਉਂਕਿ ਜੰਗ ਤਾਂ ਖੁਦ ਇੱਕ ਵੱਡਾ ਮਸਲਾ ਹੁੰਦੀ ਹੈ। ਅਮਰੀਕਾ ਅਤੇ ਇਰਾਨ ਵਿਚਾਲੇ ਦੋ ਹਫ਼ਤਿਆਂ ਲਈ ਜੰਗਬੰਦੀ ਤਾਂ ਹੋ ਗਈ ਹੈ ਪਰ ਉਸ ਤੋਂ ਬਾਅਦ ਕੀ ਹੋਵੇਗਾ? ਇਹ ਵੀ ਵੇਖਣ ਵਾਲੀ ਗੱਲ ਹੋਵੇਗੀ । ਕੀ ਅਮਰੀਕਾ ਅਤੇ ਇਰਾਨ ਵਿਚਾਲੇ 'ਠੰਢ-ਠਢੌਲਾ' ਦੋ ਹਫ਼ਤਿਆਂ ਤੋਂ ਬਾਅਦ ਵੀ ਕਾਇਮ ਰਹਿੰਦਾ ਹੈ? ਇਸ ਸਵਾਲ ਦਾ ਜਵਾਬ ਤਾਂ 'ਸਮੇਂ ਦੀ ਬੁੱਕਲ' ਵਿੱਚ ਹੈ।



## ਅਮਰੀਕਾ ਵਿੱਚ ਭਾਰਤੀਆਂ ਲਈ 'ਧਰਮ ਸੰਕਟ'

# 100 ਸਾਲ ਪੁਰਾਣਾ ਨਾਗਰਿਕਤਾ ਕਾਨੂੰਨ ਬਦਲਣ ਦੀ ਤਿਆਰੀ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਰਹਿ ਰਹੇ ਲੱਖਾਂ ਭਾਰਤੀ ਪੇਸ਼ੇਵਰਾਂ ਅਤੇ ਐਚ-1ਬੀ ਵੀਜ਼ਾ ਧਾਰਕਾਂ ਲਈ ਖਤਰੇ ਦੀ ਘੰਟੀ ਵੱਜ ਗਈ ਹੈ। ਅਮਰੀਕੀ ਸੁਪਰੀਮ ਕੋਰਟ ਵਿੱਚ 'ਜਨਮ ਦੇ ਅਧਾਰ 'ਤੇ ਮਿਲਣ ਵਾਲੀ ਨਾਗਰਿਕਤਾ' ਨੂੰ ਲੈ ਕੇ ਚੱਲ ਰਹੀ ਸੁਣਵਾਈ ਨੇ ਭਾਰਤੀ ਭਾਈਚਾਰੇ ਵਿੱਚ ਹਲਚਲ ਮਚਾ ਦਿੱਤੀ ਹੈ। ਜੇਕਰ ਇਹ ਕਾਨੂੰਨ ਬਦਲਦਾ ਹੈ, ਤਾਂ ਅਮਰੀਕਾ ਵਿੱਚ ਪੈਦਾ ਹੋਣ ਵਾਲੇ ਭਾਰਤੀ ਬੱਚਿਆਂ ਨੂੰ ਆਪਣੇ-ਆਪ ਮਿਲਣ ਵਾਲੀ ਅਮਰੀਕੀ ਨਾਗਰਿਕਤਾ ਖਤਮ ਹੋ ਸਕਦੀ ਹੈ।

ਯਾਦ ਰਹੇ ਕਿ ਅਮਰੀਕਾ ਵਿੱਚ ਪਿਛਲੇ ਇੱਕ ਸਦੀ ਤੋਂ 'ਜਸ ਸੋਲੀ' ਦਾ ਸਿਧਾਂਤ ਲਾਗੂ ਹੈ, ਜਿਸ ਦਾ ਮਤਲਬ ਹੈ ਕਿ ਅਮਰੀਕੀ ਧਰਤੀ 'ਤੇ ਜਨਮ ਲੈਣ ਵਾਲਾ ਹਰ ਬੱਚਾ ਉੱਥੋਂ ਦਾ ਨਾਗਰਿਕ ਮੰਨਿਆ ਜਾਂਦਾ ਹੈ। ਹੁਣ ਟਰੰਪ ਪ੍ਰਸ਼ਾਸਨ ਇਸ 100 ਸਾਲ ਪੁਰਾਣੇ ਕਾਨੂੰਨ (1898 ਦੇ ਵੋਂਗ ਕਿਮ ਆਰਕ ਫੈਸਲੇ) ਨੂੰ ਚੁਣੌਤੀ ਦੇ ਰਿਹਾ ਹੈ। ਸਾਲੀਸਿਟਰ ਜਨਰਲ ਜੌਨ ਸਾਊਰ ਨੇ ਅਦਾਲਤ ਵਿੱਚ ਦਲੀਲ ਦਿੱਤੀ ਹੈ ਕਿ ਨਾਗਰਿਕਤਾ ਲਈ ਸਿਰਫ਼ ਜਨਮ ਕਾਫ਼ੀ ਨਹੀਂ, ਸਗੋਂ ਦੇਸ਼ ਪ੍ਰਤੀ 'ਸਿੱਧੀ ਅਤੇ ਤੁਰੰਤ ਵਫ਼ਾਦਾਰੀ' ਹੋਣੀ ਚਾਹੀਦੀ ਹੈ, ਜੋ ਕਿ ਅਸਥਾਈ ਵੀਜ਼ੇ 'ਤੇ ਆਏ ਲੋਕਾਂ ਦੇ ਬੱਚਿਆਂ ਵਿੱਚ ਨਹੀਂ ਹੁੰਦੀ। ਇਸ ਸੰਭਾਵੀ ਫੈਸਲੇ ਦੀ ਸਭ ਤੋਂ ਵੱਧ ਮਾਰ ਭਾਰਤੀਆਂ 'ਤੇ ਪੈਣ ਵਾਲੀ ਹੈ ਕਿਉਂਕਿ 2025 ਦੇ ਅੰਕੜਿਆਂ ਮੁਤਾਬਕ, ਕੁੱਲ ਐਚ-1ਬੀ ਵੀਜ਼ਿਆਂ ਦਾ 72 ਫੀਸਦੀ ਹਿੱਸਾ ਇਕੱਲੇ ਭਾਰਤੀਆਂ ਕੋਲ ਹੈ। ਭਾਰਤੀ ਪੇਸ਼ੇਵਰਾਂ ਨੂੰ ਗ੍ਰੀਨ ਕਾਰਡ ਮਿਲਣ ਵਿੱਚ 10 ਤੋਂ 20 ਸਾਲ ਲੱਗ ਜਾਂਦੇ ਹਨ। ਇਸ ਦੌਰਾਨ ਪੈਦਾ ਹੋਏ ਉਨ੍ਹਾਂ ਦੇ ਬੱਚੇ ਫਿਲਹਾਲ ਅਮਰੀਕੀ ਨਾਗਰਿਕ ਬਣਦੇ ਹਨ, ਪਰ ਨਵੇਂ ਨਿਯਮਾਂ ਨਾਲ ਉਹ 'ਬਿਨਾਂ ਦੇਸ਼' ਜਾਂ ਅਸਥਾਈ ਸਟੇਟਸ ਵਾਲੇ ਬਣ ਕੇ ਰਹਿ ਜਾਣਗੇ। ਐਚ-1ਬੀ ਪਰਿਵਾਰ: ਅੰਦਾਜ਼ਨ 5 ਲੱਖ ਤੋਂ ਵੱਧ ਅਜਿਹੇ ਭਾਰਤੀ ਪਰਿਵਾਰ ਹਨ ਜਿਨ੍ਹਾਂ ਦੇ ਬੱਚਿਆਂ ਦਾ ਭਵਿੱਖ ਇਸ ਫੈਸਲੇ 'ਤੇ ਟਿਕਿਆ ਹੈ।



**ਪ੍ਰਮੁੱਖ ਪ੍ਰਭਾਵ: ਬੱਚਿਆਂ ਅਤੇ ਮਾਪਿਆਂ 'ਤੇ ਕੀ ਅਸਰ ਪਵੇਗਾ?**

ਸਿੱਖਿਆ ਬੱਚਿਆਂ ਨੂੰ ਅਮਰੀਕੀ ਨਾਗਰਿਕਾਂ ਵਾਲੀ ਘੱਟ ਫੀਸ ਨਹੀਂ ਮਿਲੇਗੀ; ਉਨ੍ਹਾਂ ਨੂੰ ਵਿਦੇਸ਼ੀ ਵਿਦਿਆਰਥੀ ਮੰਨਿਆ ਜਾਵੇਗਾ। ਸਰਕਾਰੀ ਸਹੂਲਤਾਂ ਸਕਾਲਰਸ਼ਿਪ, ਸਰਕਾਰੀ ਲੋਨ ਅਤੇ ਸਿਹਤ ਸਹੂਲਤਾਂ ਤੱਕ ਪਹੁੰਚ ਖਤਮ ਹੋ ਸਕਦੀ ਹੈ। ਨੌਕਰੀਆਂ ਫੌਜ ਜਾਂ ਉੱਚ ਸਰਕਾਰੀ ਅਹੁਦਿਆਂ ਲਈ ਨਾਗਰਿਕਤਾ ਦੀ ਸ਼ਰਤ ਹੋਣ ਕਾਰਨ ਰਸਤੇ ਬੰਦ ਹੋ ਜਾਣਗੇ। ਸਪਾਂਸਰਸ਼ਿਪ ਬੱਚੇ ਵੱਡੇ ਹੋ ਕੇ ਆਪਣੇ ਮਾਪਿਆਂ ਨੂੰ ਗ੍ਰੀਨ ਕਾਰਡ ਲਈ ਸਪਾਂਸਰ ਨਹੀਂ ਕਰ ਸਕਣਗੇ।

**14ਵੀਂ ਸੋਧ ਦੀ ਨਵੀਂ ਵਿਆਖਿਆ**

ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਸੰਵਿਧਾਨ ਦੀ 14ਵੀਂ ਸੋਧ ਵਿੱਚ ਲਿਖਿਆ ਸ਼ਬਦ 'ਅਧਿਕਾਰ ਖੇਤਰ ਦੇ ਅਧੀਨ' ਸਿਰਫ਼ ਉਨ੍ਹਾਂ 'ਤੇ ਲਾਗੂ ਹੋਣਾ ਚਾਹੀਦਾ ਹੈ ਜੋ ਪੱਕੇ ਤੌਰ 'ਤੇ ਉੱਥੋਂ ਦੇ ਵਸਨੀਕ ਹਨ। ਉਹ 'ਜਸ ਸੈਂਗੁਇਨਿਸ' ਸਿਧਾਂਤ ਵੱਲ ਵਧਣਾ ਚਾਹੁੰਦੇ ਹਨ, ਜਿੱਥੇ ਬੱਚੇ ਦੀ ਨਾਗਰਿਕਤਾ ਉਸ ਦੇ ਮਾਪਿਆਂ ਦੀ ਨਾਗਰਿਕਤਾ 'ਤੇ ਨਿਰਭਰ ਕਰਦੀ ਹੈ।

**ਵਿਰੋਧ ਅਤੇ ਚੁਣੌਤੀਆਂ**

ਮਨੁੱਖੀ ਅਧਿਕਾਰ ਸੰਸਥਾਵਾਂ: ਉਨ੍ਹਾਂ ਦਾ ਕਹਿਣਾ ਹੈ ਕਿ ਇਹ ਸੰਵਿਧਾਨ ਦੀ ਮੂਲ ਭਾਵਨਾ ਦੇ ਖਿਲਾਫ਼ ਹੈ। ਅਮਰੀਕੀ ਟੈਕ ਉਦਯੋਗ ਭਾਰਤੀ ਪ੍ਰਤਿਭਾ 'ਤੇ ਨਿਰਭਰ ਹੈ। ਜੇਕਰ ਭਾਰਤੀ ਪੇਸ਼ੇਵਰ ਅਮਰੀਕਾ ਆਉਣਾ ਬੰਦ ਕਰ ਦਿੰਦੇ ਹਨ, ਤਾਂ ਅਮਰੀਕੀ ਆਰਥਿਕਤਾ ਨੂੰ ਵੱਡਾ ਝਟਕਾ ਲੱਗੇਗਾ। ਇੰਡੀਅਨ ਅਮੈਰੀਕਨ ਫਾਊਂਡੇਸ਼ਨ' ਵਰਗੀਆਂ ਸੰਸਥਾਵਾਂ ਇਸ ਵਿਰੁੱਧ ਲਾਮਬੰਦ ਹੋ ਰਹੀਆਂ ਹਨ।

ਸੁਪਰੀਮ ਕੋਰਟ ਦਾ ਇਹ ਇਤਿਹਾਸਕ ਫੈਸਲਾ ਜੂਨ ਜਾਂ ਜੁਲਾਈ 2026 ਤੱਕ ਆਉਣ ਦੀ ਉਮੀਦ ਹੈ। ਇਹ ਫੈਸਲਾ ਤੈਅ ਕਰੇਗਾ ਕਿ ਅਮਰੀਕਾ ਆਪਣੀ 'ਪ੍ਰਵਾਸੀਆਂ ਦੇ ਦੇਸ਼' ਵਾਲੀ ਪਛਾਣ ਬਰਕਰਾਰ ਰੱਖਦਾ ਹੈ ਜਾਂ ਆਪਣੇ ਕਾਨੂੰਨਾਂ ਵਿੱਚ ਵੱਡੀ ਤਬਦੀਲੀ ਕਰਦਾ ਹੈ। ਟਰੰਪ ਪ੍ਰਸ਼ਾਸਨ ਦਾ ਐਗਜ਼ੀਕਿਊਟਿਵ ਆਰਡਰ ਫਿਲਹਾਲ 20 ਜਨਵਰੀ 2025 ਤੋਂ ਬਾਅਦ ਜਨਮ ਲੈਣ ਵਾਲੇ ਬੱਚਿਆਂ 'ਤੇ ਲਾਗੂ ਕਰਨ ਦੀ ਗੱਲ ਕਹਿੰਦਾ ਹੈ, ਪਰ ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਦਾ ਪਰਛਾਵਾਂ ਪੁਰਾਣੇ ਪਰਿਵਾਰਾਂ 'ਤੇ ਵੀ ਪੈ ਸਕਦਾ ਹੈ।

## ਨਿਊ ਜਰਸੀ ਤੋਂ ਚੋਣ ਲੜ ਰਹੇ ਭਾਰਤੀ ਮੂਲ ਦੇ ਉਮੀਦਵਾਰ ਨੇ ਵਿਰੋਧੀਆਂ 'ਤੇ ਲਾਏ ਨਸਲੀ ਹਮਲੇ ਕਰਨ ਦੇ ਦੋਸ਼



ਸੈਕਰਾਮੈਂਟੋ, ਕੈਲੀਫ਼ੋਰਨੀਆ / ਹੁਸਨ ਲੜੋਆ ਬੰਗਾ: ਨਿਊ ਜਰਸੀ ਦੇ 12ਵੇਂ ਜ਼ਿਲ੍ਹੇ ਤੋਂ ਅਮਰੀਕੀ ਕਾਂਗਰਸ ਲਈ ਚੋਣ ਲੜ ਰਹੇ ਭਾਰਤੀ ਮੂਲ ਦੇ ਉਮੀਦਵਾਰ ਜੈ ਵੇਨਗਾਂਕਰ ਨੇ ਦੋਸ਼ ਲਾਇਆ ਹੈ ਕਿ ਕੰਜਰਵੇਟਿਵ ਕਾਰਕੁੰਨ ਲੌਰਾ ਲੂਮਰ ਦੁਆਰਾ ਸੋਸ਼ਲ ਮੀਡੀਆ ਉੱਪਰ ਉਸ ਵਿਰੁੱਧ ਪੋਸਟ ਪਾਉਣ ਤੋਂ ਬਾਅਦ ਉਸ ਉਪਰ ਨਸਲੀ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ ਤੇ ਧਮਕੀਆਂ ਮਿਲ ਰਹੀਆਂ ਹਨ। ਇੱਕ ਬਿਆਨ ਵਿੱਚ ਵੇਨਗਾਂਕਰ ਨੇ ਕਿਹਾ ਕਿ ਉਸ ਵੱਲੋਂ ਚੋਣ ਮੁਹਿੰਮ ਤਹਿਤ ਵੋਟਰਾਂ ਨੂੰ ਅਪੀਲ ਕਰਨ ਸਬੰਧੀ ਹਿੰਦੀ ਵਿੱਚ ਇੱਕ ਪੋਸਟ ਪਾਉਣ ਉਪਰੰਤ ਲੂਮਰ ਤੇ ਉਸ ਦੇ ਸਮਰਥਕਾਂ ਨੇ ਉਸ ਨੂੰ ਬੁਰਾ - ਭਲਾ ਕਿਹਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਭਰੋਸੇਮੰਦ ਲੂਮਰ ਤੇ ਉਸ ਦੇ ਸੱਜ ਪਿਛਾਕੜੀ ਜੋਟੀਦਾਰਾਂ ਨੇ ਨਸਲੀ ਹਮਲੇ ਕਰਦਿਆਂ ਉਸ ਨੂੰ ਗ਼ੈਰ ਅਮਰੀਕੀ ਕਿਹਾ ਹੈ। ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਨਾਲ ਨਾਲ ਦੇਸ਼ ਨਿਕਾਲਾ ਦੇਣ ਤੇ ਜਨਮ ਅਧਿਕਾਰ ਨਾਗਰਿਕਤਾ ਖਤਮ ਕਰ ਦੇਣ ਦੀਆਂ ਚਿਤਾਵਨੀਆਂ ਦਿੱਤੀਆਂ ਗਈਆਂ ਹਨ। 28 ਸਾਲਾ ਵੇਂਨਗਾਂਕਰ ਨੇ ਹੋਰ ਕਿਹਾ ਕਿ 12 ਵਾਂ ਕਾਂਗਰਸ ਜ਼ਿਲ੍ਹਾ ਸੱਭਿਆਚਾਰਕ ਭਿੰਨਤਾ ਵਾਲਾ ਹਲਕਾ ਹੈ। ਇਥੇ ਤਕਰੀਬਨ ਇੱਕ ਤਿਹਾਈ ਆਬਾਦੀ ਵਿਦੇਸ਼ ਵਿੱਚ ਪੈਦਾ ਹੋਏ ਲੋਕਾਂ ਦੀ ਹੈ ਤੇ 5 ਘਰਾਂ ਵਿੱਚੋਂ 2 ਘਰ ਹਿੰਦੀ ਬੋਲਣ ਵਾਲੇ ਲੋਕਾਂ ਦੇ ਹਨ। ਉਨ੍ਹਾਂ ਕਿਹਾ ਕਿ ਚੋਣ ਮੁਹਿੰਮ ਦੌਰਾਨ ਉਹ ਵਧ ਰਹੀਆਂ ਜੀਵਨ ਲਾਗਤਾਂ ਤੇ ਸਿਹਤ ਖ਼ਰਚਿਆਂ ਉੱਪਰ ਆਪਣਾ ਧਿਆਨ ਕੇਂਦ੍ਰਿਤ ਕਰਨਗੇ।

## ਗਲੋਬਲ ਰਣਨੀਤੀ ਨੂੰ ਮਜ਼ਬੂਤ ਕਰਨਗੇ ਭਾਰਤ ਅਤੇ ਅਮਰੀਕਾ



ਵਾਸ਼ਿੰਗਟਨ/ਏ.ਟੀ. ਨਿਊਜ਼: ਭਾਰਤ ਦੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਅਮਰੀਕਾ ਦੌਰੇ ਦੌਰਾਨ ਵ੍ਹਾਈਟ ਹਾਊਸ ਵਿੱਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਮੁਲਾਕਾਤ ਕੀਤੀ। ਦੋਵਾਂ ਨੇ ਦੁਵੱਲੇ ਸਬੰਧਾਂ ਦੀ ਸਮੀਖਿਆ ਕੀਤੀ, ਖ਼ਾਸ ਕਰਕੇ ਵਪਾਰ, ਮਹੱਤਵਪੂਰਨ ਖਣਿਜਾਂ, ਰੱਖਿਆ ਅਤੇ 'ਕਵਾਡ' 'ਤੇ ਚਰਚਾ ਕੀਤੀ। ਬੈਠਕ ਤੋਂ ਬਾਅਦ ਐਲਾਨ ਕੀਤਾ ਗਿਆ ਕਿ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਅਗਲੇ ਮਹੀਨੇ ਨਵੀਂ ਦਿੱਲੀ ਦਾ ਦੌਰਾ ਕਰਨਗੇ। ਭਾਰਤ ਵਿੱਚ ਅਮਰੀਕਾ ਦੇ ਰਾਜਦੂਤ ਸਰਜੀਓ ਗੋਰ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਫੋਟੋ ਸਾਂਝੀ ਕਰਦਿਆਂ ਲਿਖਿਆ, "ਵ੍ਹਾਈਟ ਹਾਊਸ ਵਿੱਚ ਤੁਹਾਡਾ ਸੁਆਗਤ ਹੈ ਵਿਕਰਮ ਮਿਸਰੀ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਹੋਈ ਸਾਰਥਕ ਬੈਠਕ ਵਿੱਚ ਸਾਡੇ ਦੁਵੱਲੇ ਸਬੰਧਾਂ, ਖ਼ਾਸ ਕਰਕੇ ਵਪਾਰ, ਅਹਿਮ ਖਣਿਜਾਂ, ਰੱਖਿਆ ਅਤੇ ਕਵਾਡ ਨੂੰ ਲੈ ਕੇ ਚਰਚਾ ਹੋਈ।" ਵਿਦੇਸ਼ ਮੰਤਰੀ ਰੂਬੀਓ ਅਗਲੇ ਮਹੀਨੇ ਭਾਰਤ ਆਉਣ ਲਈ ਉਤਸ਼ਾਹਿਤ ਹਨ।

ਭਾਰਤ ਵਿੱਚ ਅਮਰੀਕਾ ਦੇ ਰਾਜਦੂਤ ਸਰਜੀਓ ਗੋਰ ਦੇ ਜਵਾਬ ਵਿੱਚ, ਅਮਰੀਕਾ ਸਥਿਤ ਭਾਰਤੀ ਦੂਤਾਵਾਸ ਨੇ ਲਿਖਿਆ, "ਆਪਣੀ ਮੌਜੂਦਾ ਯਾਤਰਾ ਦੌਰਾਨ, ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਪਿਛਲੇ ਦਿਨੀਂ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਮੁਲਾਕਾਤ ਕੀਤੀ। ਅਸੀਂ ਇਹਨਾਂ ਮਹੱਤਵਪੂਰਨ ਖੇਤਰਾਂ ਵਿੱਚ ਆਪਣੇ ਸਹਿਯੋਗ ਨੂੰ ਹੋਰ ਗੂੜ੍ਹਾ ਕਰਨ ਅਤੇ ਭਾਰਤ-ਅਮਰੀਕਾ ਦੀ ਵਿਆਪਕ ਗਲੋਬਲ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਲਈ ਤਤਪਰ ਹਾਂ।"

**ਵਾਸ਼ਿੰਗਟਨ ਜਾਵੇਗਾ ਭਾਰਤੀ ਪ੍ਰਤੀਨਿਧ ਮੰਡਲ**

ਅਮਰੀਕੀ ਵਪਾਰ ਪ੍ਰਤੀਨਿਧੀ ਜੇਮਿਸਨ ਗ੍ਰੀਰ ਨਾਲ ਬੈਠਕ ਤੋਂ ਬਾਅਦ ਰਾਜਦੂਤ ਗੋਰ ਨੇ ਐਕਸ 'ਤੇ ਪੋਸਟ ਕਰਕੇ ਕਿਹਾ, " ਦੱਖਣੀ ਅਤੇ ਮੱਧ ਏਸ਼ੀਆ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਵਪਾਰਕ ਤਰਜੀਹਾਂ ਨੂੰ ਅੱਗੇ ਵਧਾਉਣ ਬਾਰੇ ਚਰਚਾ ਕਰਨ ਲਈ ਅਮਰੀਕੀ ਵਪਾਰ ਪ੍ਰਤੀਨਿਧੀ ਨਾਲ ਬਹੁਤ ਸਾਰਥਕ ਬੈਠਕ ਹੋਈ। ਭਾਰਤ ਅਤੇ ਅਮਰੀਕਾ ਪਹਿਲਾਂ ਹੀ ਇੱਕ ਵਪਾਰਕ ਸਮਝੌਤੇ 'ਤੇ ਸਹਿਮਤ ਹੋ ਚੁੱਕੇ ਹਨ ਅਤੇ ਅਸੀਂ ਇਸ ਮਹੀਨੇ ਦੇ ਅੰਤ ਵਿੱਚ ਵਾਸ਼ਿੰਗਟਨ ਵਿੱਚ ਇੱਕ ਭਾਰਤੀ ਪ੍ਰਤੀਨਿਧ ਮੰਡਲ ਦਾ ਸਵਾਗਤ ਕਰਨ ਦੀ ਉਡੀਕ ਕਰ ਰਹੇ ਹਾਂ।"

**ਅੱਤਵਾਦ ਦੇ ਖ਼ਿਲਾਫ਼ ਵੀ ਹੋਈ ਚਰਚਾ**

ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਐਫ.ਬੀ.ਆਈ. ਡਾਇਰੈਕਟਰ ਕਾਸ਼ ਪਟੇਲ ਨਾਲ ਵੀ ਮੁਲਾਕਾਤ ਕੀਤੀ, ਜਿਸ ਵਿੱਚ ਦੋਵਾਂ ਪੱਖਾਂ ਨੇ ਅੱਤਵਾਦ, ਸੰਗਠਿਤ ਅਪਰਾਧ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਸਹਿਯੋਗ ਬਾਰੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।

**ਕਵਾਡ ਸਹਿਯੋਗ ਅਤੇ ਭਵਿੱਖ ਦੀ ਕਾਰਜ ਯੋਜਨਾ**

ਅਮਰੀਕੀ ਵਿਦੇਸ਼ ਉਪ ਸਕੱਤਰ ਐਲੀਸਨ ਹੂਕਰ ਨੇ ਕਿਹਾ ਕਿ ਅਸੀਂ 'ਕਵਾਡ' ਰਾਹੀਂ ਅਮਰੀਕੀਆਂ ਅਤੇ ਭਾਰਤੀਆਂ ਦੋਵਾਂ ਨੂੰ ਵਧੇਰੇ ਸੁਰੱਖਿਅਤ ਅਤੇ ਖੁਸ਼ਹਾਲ ਬਣਾਉਣ ਦੇ ਵਿਵਹਾਰਕ ਤਰੀਕੇ ਲੱਭ ਰਹੇ ਹਾਂ।

ਜ਼ਿਕਰਯੋਗ ਹੈ ਕਿ ਭਾਰਤ ਦੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਅਮਰੀਕਾ ਦੌਰੇ ਦੌਰਾਨ ਰੱਖਿਆ, ਵਪਾਰ ਅਤੇ ਰਣਨੀਤਕ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਅਮਰੀਕੀ ਪ੍ਰਸ਼ਾਸਨ ਵਿੱਚ ਕਈ ਉੱਚ ਪੱਧਰੀ ਬੈਠਕਾਂ ਕੀਤੀਆਂ। ਵਾਸ਼ਿੰਗਟਨ ਵਿੱਚ, ਮਿਸਰੀ ਨੇ ਐਲਬ੍ਰਿਜ ਕੋਲਬੀ ਅਤੇ ਮਾਈਕ ਡਫੀ ਸਮੇਤ ਸੀਨੀਅਰ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ, ਜਿਸ ਵਿੱਚ ਰੱਖਿਆ ਅਦਾਨ-ਪ੍ਰਦਾਨ ਅਤੇ ਉਦਯੋਗਿਕ ਸਹਿਯੋਗ 'ਤੇ ਧਿਆਨ ਕੇਂਦਰਿਤ ਕੀਤਾ ਗਿਆ।

ਭਾਰਤੀ ਦੂਤਾਵਾਸ ਨੇ ਕਿਹਾ ਕਿ ਇਹਨਾਂ ਮੁਲਾਕਾਤਾਂ ਦਾ ਉਦੇਸ਼ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਹੱਤਵਪੂਰਨ ਖਣਿਜਾਂ ਵਿੱਚ ਸਹਿਯੋਗ ਸਮੇਤ ਭਾਰਤ-ਅਮਰੀਕਾ ਭਾਈਵਾਲੀ ਨੂੰ 21ਵੀਂ ਸਦੀ ਦੇ ਅਨੁਸਾਰ ਰੂਪਾਂਤਰਿਤ ਕਰਨਾ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਗਲੋਬਲ ਸਾਫਟ ਪਾਵਰ ਇੰਡੈਕਸ 2026: ਅਮਰੀਕਾ ਨੰਬਰ-1 'ਤੇ ਬਰਕਰਾਰ

## ਚੀਨ ਨੇ ਦਿੱਤੀ ਸਖ਼ਤ ਟੱਕਰ; ਭਾਰਤ ਦੀ ਰੈਂਕਿੰਗ ਪੱਛੜੀ

## ਘੱਟਗਿਣਤੀਆਂ 'ਤੇ ਹਮਲਿਆਂ ਨੇ ਵਿਸ਼ਵ ਪੱਧਰ 'ਤੇ ਭਾਰਤ ਨੂੰ ਲਾਇਆ ਦਾਗ

ਲੰਡਨ/ਏ.ਟੀ.ਨਿਊਜ਼: ਆਧੁਨਿਕ ਦੌਰ ਵਿੱਚ ਕਿਸੇ ਦੇਸ਼ ਦੀ ਤਾਕਤ ਸਿਰਫ਼ ਉਸਦੀ ਫ਼ੌਜੀ ਸ਼ਕਤੀ ਨਾਲ ਨਹੀਂ, ਸਗੋਂ ਉਸਦੀ ਸੰਸਕ੍ਰਿਤੀ, ਕੂਟਨੀਤੀ ਅਤੇ ਤਕਨੀਕੀ ਪ੍ਰਭਾਵ ਨਾਲ ਮਾਪੀ ਜਾਂਦੀ ਹੈ। ਹਾਲ ਹੀ ਵਿੱਚ ਜਾਰੀ ਹੋਏ 'ਬ੍ਰਾਂਡ ਫਾਈਨੈਂਸ ਗਲੋਬਲ ਸਾਫਟ ਪਾਵਰ ਇੰਡੈਕਸ 2026' ਵਿੱਚ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਦੀ ਸੂਚੀ ਸਾਹਮਣੇ ਆਈ ਹੈ। ਇਸ ਸੂਚੀ ਵਿੱਚ ਅਮਰੀਕਾ ਪਹਿਲੇ ਸਥਾਨ 'ਤੇ ਹੈ, ਜਦਕਿ ਚੀਨ ਬਹੁਤ ਹੀ ਮਾਮੂਲੀ ਫਰਕ ਨਾਲ ਦੂਜੇ ਨੰਬਰ 'ਤੇ ਆ ਗਿਆ ਹੈ।

ਸਾਫਟ ਪਾਵਰ ਦਾ ਮਤਲਬ ਕਿਸੇ ਦੇਸ਼ ਦੀ ਉਹ ਕਾਬਲੀਅਤ ਹੈ ਜਿਸ ਰਾਹੀਂ ਉਹ ਬਿਨਾਂ ਕਿਸੇ ਜ਼ੋਰ-ਜ਼ਬਰਦਸਤੀ ਦੇ ਆਪਣੀ ਸੰਸਕ੍ਰਿਤੀ, ਰਾਜਨੀਤਿਕ ਕਦਰਾਂ-ਕੀਮਤਾਂ ਅਤੇ ਵਿਦੇਸ਼ ਨੀਤੀ ਰਾਹੀਂ ਦੁਨੀਆ ਨੂੰ ਪ੍ਰਭਾਵਿਤ ਕਰਦਾ ਹੈ। ਰਿਪੋਰਟ ਦੇ ਅਨੁਸਾਰ, ਦੁਨੀਆ ਦੇ 10 ਸਭ ਤੋਂ ਪ੍ਰਭਾਵਸ਼ਾਲੀ ਦੇਸ਼ ਇਸ ਪ੍ਰਕਾਰ ਹਨ:

ਅਮਰੀਕਾ (ਸਕੋਰ: 74.9)
ਚੀਨ
ਜਾਪਾਨ
ਯੂਨਾਈਟਿਡ ਕਿੰਗਡਮ
ਜਰਮਨੀ
ਫਰਾਂਸ
ਸਵਿਟਜ਼ਰਲੈਂਡ
ਕੈਨੇਡਾ
ਇਟਲੀ
ਸੰਯੁਕਤ ਅਰਬ ਅਮੀਰਾਤ

**ਅਮਰੀਕਾ ਅਤੇ ਚੀਨ ਵਿਚਾਲੇ ਫਸਵਾਂ ਮੁਕਾਬਲਾ**

ਅਮਰੀਕਾ 74.9 ਦੇ ਸਕੋਰ ਨਾਲ ਪਹਿਲੇ ਸਥਾਨ 'ਤੇ ਹੈ, ਪਰ ਚੀਨ ਹੁਣ ਉਸ ਤੋਂ ਸਿਰਫ਼ 1.4 ਅੰਕ ਪਿੱਛੇ ਹੈ। ਅਮਰੀਕਾ ਦੀ ਤਾਕਤ ਉਸ ਦੇ ਮਨੋਰੰਜਨ ਉਦਯੋਗ, ਉੱਚ ਸਿੱਖਿਆ ਅਤੇ ਤਕਨੀਕੀ ਨਵੀਨਤਾ ਵਿੱਚ ਹੈ। ਦੂਜੇ ਪਾਸੇ, ਚੀਨ ਨੇ ਆਪਣੇ 'ਬੈਲਟ ਐਂਡ ਰੋਡ' ਪ੍ਰੋਜੈਕਟਾਂ ਅਤੇ ਮੈਨੂਫੈਕਚਰਿੰਗ ਪਾਵਰ ਰਾਹੀਂ ਤੇਜ਼ੀ ਨਾਲ ਆਪਣਾ ਪ੍ਰਭਾਵ ਵਧਾਇਆ ਹੈ।




**ਭਾਰਤ ਦੀ ਸਥਿਤੀ**

ਭਾਰਤ ਇਸ ਸਾਲ ਵਿਸ਼ਵ ਰੈਂਕਿੰਗ ਵਿੱਚ 32ਵੇਂ ਸਥਾਨ 'ਤੇ ਹੈ। ਪਿਛਲੇ ਸਾਲ (2025) ਦੇ ਮੁਕਾਬਲੇ ਭਾਰਤ 2 ਦਰਜੇ ਹੇਠਾਂ ਖਿਸਕ ਗਿਆ ਹੈ। ਹਾਲਾਂਕਿ ਭਾਰਤ ਟਾਪ-10 ਵਿੱਚ ਸ਼ਾਮਲ ਨਹੀਂ ਹੈ, ਪਰ ਰਿਪੋਰਟ ਮੁਤਾਬਕ ਭਾਰਤ ਦੀ ਸੰਸਕ੍ਰਿਤਕ ਵਿਰਾਸਤ, ਯੋਗਾ, ਆਯੁਰਵੇਦ, ਭਾਰਤੀ ਪਕਵਾਨ ਅਤੇ ਬਾਲੀਵੁੱਡ ਦਾ ਵਿਸ਼ਵ ਪੱਧਰ 'ਤੇ ਪ੍ਰਭਾਵ ਲਗਾਤਾਰ ਵਧ ਰਿਹਾ ਹੈ। ਗਲੋਬਲ ਸਾਫਟ ਪਾਵਰ ਇੰਡੈਕਸ ਵਿੱਚ 'ਸ਼ਾਸਨ' ਅਤੇ 'ਕਦਰਾਂ-ਕੀਮਤਾਂ' ਇੱਕ ਮਹੱਤਵਪੂਰਨ ਪੈਮਾਨਾ ਹੁੰਦੇ ਹਨ। ਜਦੋਂ ਅੰਤਰਰਾਸ਼ਟਰੀ ਪੱਧਰ 'ਤੇ ਮਨੁੱਖੀ ਅਧਿਕਾਰਾਂ ਜਾਂ ਘਟਗਿਣਤੀਆਂ 'ਤੇ ਹਮਲਿਆਂ ਦੀਆਂ ਖ਼ਬਰਾਂ ਚਰਚਾ ਵਿੱਚ ਆਉਂਦੀਆਂ ਹਨ, ਤਾਂ ਦੇਸ਼ ਦੀ 'ਉਦਾਰਵਾਦੀ ਲੋਕਤੰਤਰ' ਵਾਲੀ ਇਮੇਜ ਨੂੰ ਠੇਸ ਪਹੁੰਚਦੀ ਹੈ। ਪੱਛਮੀ ਦੇਸ਼ ਅਕਸਰ ਅਜਿਹੇ ਮੁੱਦਿਆਂ ਦੇ ਆਧਾਰ 'ਤੇ ਰੈਂਕਿੰਗ ਘਟਾ ਦਿੰਦੇ ਹਨ। ਭ੍ਰਿਸ਼ਟਾਚਾਰ ਸਿੱਧੇ ਤੌਰ 'ਤੇ 'ਕਾਰੋਬਾਰ ਅਤੇ ਵਪਾਰ' ਦੇ ਪੈਮਾਨੇ ਨੂੰ ਪ੍ਰਭਾਵਿਤ ਕਰਦਾ ਹੈ। ਜੇਕਰ ਕਿਸੇ ਦੇਸ਼ ਵਿੱਚ ਭ੍ਰਿਸ਼ਟਾਚਾਰ ਜ਼ਿਆਦਾ ਹੋਵੇ, ਤਾਂ ਵਿਦੇਸ਼ੀ ਨਿਵੇਸ਼ਕ ਉੱਥੇ ਪੈਸਾ ਲਗਾਉਣ ਤੋਂ ਡਰਦੇ ਹਨ। ਇਹ ਭਾਰਤ ਦੀ ਪ੍ਰਤਿਸ਼ਠਾ ਨੂੰ ਖਰਾਬ ਕਰਦਾ ਹੈ, ਜੋ ਕਿ ਸਾਫਟ ਪਾਵਰ ਦਾ ਇੱਕ ਮੁੱਖ ਹਿੱਸਾ ਹੈ।ਸਾਫਟ ਪਾਵਰ ਦਾ ਇੱਕ ਹਿੱਸਾ 'ਜੀਵਨ ਪੱਧਰ' ਅਤੇ 'ਆਰਥਿਕ ਸਥਿਰਤਾ' ਵੀ ਹੈ। ਹਾਲਾਂਕਿ ਭਾਰਤ ਦੁਨੀਆ ਦੀਆਂ ਸਭ ਤੋਂ ਤੇਜ਼ੀ ਨਾਲ ਵਧ ਰਹੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਹੈ, ਪਰ ਜੇਕਰ ਬੇਰੁਜ਼ਗਾਰੀ ਅਤੇ ਗਰੀਬੀ ਵਰਗੀਆਂ ਬੁਨਿਆਦੀ ਸਮੱਸਿਆਵਾਂ ਹੱਲ ਨਹੀਂ ਹੁੰਦੀਆਂ, ਤਾਂ ਇਹ ਦੇਸ਼ ਦੇ 'ਗਲੋਬਲ ਪ੍ਰਭਾਵ' ਨੂੰ ਸੀਮਤ ਕਰ ਦਿੰਦੀਆਂ ਹਨ। ਇੱਕ ਦੇਸ਼ ਜੋ ਆਪਣੀ ਵੱਡੀ ਆਬਾਦੀ ਨੂੰ ਬਿਹਤਰ ਜੀਵਨ ਨਹੀਂ ਦੇ ਪਾ ਰਿਹਾ, ਉਸ ਨੂੰ ਦੁਨੀਆ ਇੱਕ 'ਰੋਲ ਮਾਡਲ' ਵਜੋਂ ਦੇਖਣ ਵਿੱਚ ਝਿਜਕਦੀ ਹੈ।

**ਏਸ਼ੀਆ ਦਾ ਵਧਦਾ ਦਬਦਬਾ**

ਜਿੱਥੇ ਪੱਛਮੀ ਦੇਸ਼ (ਯੂਰਪ ਅਤੇ ਅਮਰੀਕਾ) ਅਜੇ ਵੀ ਮਜ਼ਬੂਤ ਹਨ, ਉੱਥੇ ਹੀ ਏਸ਼ੀਆਈ ਦੇਸ਼ਾਂ ਨੇ ਵੱਡੀ ਛਲਾਂਗ ਲਗਾਈ ਹੈ। ਜਾਪਾਨ ਤੀਜੇ ਸਥਾਨ 'ਤੇ ਹੈ, ਜਦਕਿ ਦੱਖਣੀ ਕੋਰੀਆ ਵੀ ਆਪਣੇ ਮਨੋਰੰਜਨ ਨਿਰਯਾਤ ਸਦਕਾ ਟਾਪ-15 ਵਿੱਚ ਥਾਂ ਬਣਾਉਣ ਵਿੱਚ ਕਾਮਯਾਬ ਰਿਹਾ ਹੈ। ਸੰਯੁਕਤ ਅਰਬ ਅਮੀਰਾਤ ਦਾ ਟਾਪ-10 ਵਿੱਚ ਆਉਣਾ ਮੱਧ ਪੂਰਬ ਦੇ ਵਧਦੇ ਪ੍ਰਭਾਵ ਨੂੰ ਦਰਸਾਉਂਦਾ ਹੈ।

# ਭਾਰਤ ਕਰੇਗਾ ਨਿਊਜ਼ੀਲੈਂਡ ਨਾਲ 'ਮੁਕਤ ਵਪਾਰ' ਸਮਝੌਤਾ

## 15 ਸਾਲਾਂ 'ਚ 20 ਖਰਬ ਡਾਲਰ ਦੇ ਨਿਵੇਸ਼ ਦਾ ਅਨੁਮਾਨ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਅਤੇ ਨਿਊਜ਼ੀਲੈਂਡ ਵਿਚਾਲੇ 24 ਅਪ੍ਰੈਲ ਨੂੰ 'ਮੁਕਤ ਵਪਾਰ' ਸਮਝੌਤਾ ਸਹੀਬੰਦ ਹੋਣ ਦੀ ਸੰਭਾਵਨਾ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਇਸ ਸਮਝੌਤੇ ਨਾਲ ਭਾਰਤੀ ਬਰਾਮਦਕਾਰਾਂ ਨੂੰ ਨਿਊਜ਼ੀਲੈਂਡ ਦੇ ਬਾਜ਼ਾਰ ਵਿੱਚ ਟੈਕਸ ਮੁਕਤ ਪਹੁੰਚ ਮਿਲੇਗੀ। ਇਸ ਨਾਲ ਅਗਲੇ 15 ਸਾਲਾਂ ਵਿੱਚ ਲਗਪਗ 20 ਖਰਬ ਅਮਰੀਕੀ ਡਾਲਰ ਦਾ ਨਿਵੇਸ਼ ਆ ਸਕਦਾ ਹੈ। ਦੋਵਾਂ ਮੁਲਕਾਂ ਨੇ ਪਿਛਲੇ ਸਾਲ 22 ਦਸੰਬਰ ਨੂੰ ਇਸ ਵਪਾਰਕ ਸਮਝੌਤੇ ਸਬੰਧੀ ਗੱਲਬਾਤ ਮੁਕੰਮਲ ਹੋਣ ਦਾ ਐਲਾਨ ਕੀਤਾ ਸੀ। ਇਸ ਸਮਝੌਤੇ ਦਾ ਮਕਸਦ ਅਗਲੇ ਪੰਜ ਸਾਲਾਂ ਵਿੱਚ ਦੁਵੱਲੇ ਵਪਾਰ ਨੂੰ 5 ਖਰਬ ਡਾਲਰ ਤੱਕ ਦੁੱਗਣਾ ਕਰਨਾ ਹੈ। ਅਧਿਕਾਰੀ ਨੇ ਦੱਸਿਆ ਕਿ ਇਸ ਸਮਝੌਤੇ 'ਤੇ 24 ਅਪਰੈਲ ਨੂੰ ਭਾਰਤ ਮੰਡਪਮ ਵਿੱਚ ਦਸਤਖ਼ਤ ਕੀਤੇ ਜਾਣ ਦੀ ਸੰਭਾਵਨਾ ਹੈ। ਸਮਝੌਤੇ ਅਧੀਨ ਭਾਰਤ ਨੂੰ ਉਥੋਂ ਦੇ ਬਾਜ਼ਾਰ ਵਿੱਚ 100 ਫ਼ੀਸਦੀ ਬਰਾਮਦ 'ਤੇ ਟੈਕਸ ਰਹਿਤ ਪਹੁੰਚ ਮਿਲੇਗੀ, ਨਿਊਜ਼ੀਲੈਂਡ ਦੇ 95 ਫ਼ੀਸਦੀ ਬਰਾਮਦ 'ਤੇ ਭਾਰਤ ਵੱਲੋਂ ਟੈਕਸ ਘਟਾਏ ਜਾਂ ਖ਼ਤਮ ਕੀਤੇ ਜਾਣਗੇ। ਇਸ ਵਿੱਚ ਉੱਨ, ਕੋਲਾ, ਲੱਕੜ, ਵਾਈਨ, ਐਵੋਕਾਡੋ ਅਤੇ ਬਲੂਬੈਰੀ ਵਰਗੇ ਉਤਪਾਦ ਸ਼ਾਮਲ ਹਨ। ਹਾਲਾਂਕਿ, ਨਵੀਂ ਦਿੱਲੀ ਨੇ ਕਿਸਾਨਾਂ ਅਤੇ ਘਰੇਲੂ ਸਨਅਤ ਦੀ ਸੁਰੱਖਿਆ ਲਈ ਦੁੱਧ, ਕ੍ਰੀਮ, ਲੱਸੀ, ਦਹੀਂ ਅਤੇ ਪਨੀਰ ਵਰਗੇ ਡੇਅਰੀ ਉਤਪਾਦਾਂ, ਪਿਆਜ਼, ਚੀਨੀ, ਮਸਾਲੇ, ਖ਼ੁਰਾਕੀ ਤੇਲ ਅਤੇ ਰਬੜ ਦੀ ਦਰਾਮਦ 'ਤੇ ਕੋਈ ਟੈਕਸ ਛੋਟ ਨਹੀਂ ਦਿੱਤੀ ਹੈ। ਇਸ ਸਮਝੌਤੇ ਅਧੀਨ, ਨਿਊਜ਼ੀਲੈਂਡ ਨੂੰ ਵੀ ਭੇਡ ਦਾ ਮਾਸ, ਉੱਨ, ਕੋਲਾ ਅਤੇ 95 ਫ਼ੀਸਦੀ ਤੋਂ ਵੱਧ ਜੰਗਲਾਤ ਅਤੇ ਲੱਕੜ ਨਾਲ ਸੰਬਧਿਤ ਉਤਪਾਦਾਂ 'ਤੇ ਟੈਕਸ ਰਹਿਤ ਪਹੁੰਚ ਮਿਲੇਗੀ। ਸੇਵਾ ਖੇਤਰ ਦੇ ਸੰਦਰਭ ਵਿੱਚ ਨਿਊਜ਼ੀਲੈਂਡ ਭਾਰਤੀ ਪੇਸ਼ੇਵਰਾਂ ਲਈ ਹੁਨਰਮੰਦ ਖੇਤਰਾਂ ਵਿੱਚ ਅਸਥਾਈ ਰੁਜ਼ਗਾਰ ਲਈ ਵੀਜ਼ਾ ਦੇਵੇਗਾ।



# ਹੁਣ ਵਲੈਤ ਜਾਣਾ ਹੋਇਆ ਹੋਰ ਮਹਿੰਗਾ, ਬਰਤਾਨੀਆ ਨੇ ਵੀਜ਼ਾ ਫ਼ੀਸਾਂ 'ਚ ਕੀਤਾ ਵਾਧਾ

ਲੰਡਨ/ਏ.ਟੀ.ਨਿਊਜ਼: ਯੂਨਾਈਟਿਡ ਕਿੰਗਡਮ (ਯੂ.ਕੇ.) ਨੇ ਵਿਜ਼ਿਟ, ਪੜ੍ਹਾਈ ਅਤੇ ਵਰਕ ਵੀਜ਼ਾ ਸਮੇਤ ਕਈ ਸ਼੍ਰੇਣੀਆਂ ਵਿੱਚ ਵੀਜ਼ਾ ਫੀਸਾਂ ਵਧਾ ਦਿੱਤੀਆਂ ਹਨ। ਸੋਧੀਆਂ ਹੋਈਆਂ ਦਰਾਂ ਪਿਛਲੇ ਦਿਨੀਂ ਲਾਗੂ ਹੋ ਗਈਆਂ ਹਨ, ਜਿਸ ਦਾ ਸਿੱਧਾ ਅਸਰ ਹਜ਼ਾਰਾਂ ਭਾਰਤੀ ਬਿਨੈਕਾਰਾਂ 'ਤੇ ਪੈਣ ਦੀ ਉਮੀਦ ਹੈ।

ਨਵੇਂ ਢਾਂਚੇ ਦੇ ਤਹਿਤ ਥੋੜ੍ਹੇ ਸਮੇਂ ਦੇ ਵਿਜ਼ਿਟ ਵੀਜ਼ਾ (ਛੇ ਮਹੀਨਿਆਂ ਤੱਕ) ਦੀ ਕੀਮਤ 127 ਪੌਂਡ ਤੋਂ ਵਧਾ ਕੇ 135 ਪੌਂਡ ਕਰ ਦਿੱਤੀ ਗਈ ਹੈ, ਜਦੋਂ ਕਿ ਲੰਬੀ ਮਿਆਦ ਦੇ ਵਿਜ਼ਿਟ ਵੀਜ਼ਿਆਂ ਵਿੱਚ ਵੀ ਮਹੱਤਵਪੂਰਨ ਵਾਧਾ ਦੇਖਿਆ ਗਿਆ ਹੈ। ਦੋ ਸਾਲਾਂ ਦੇ ਵੀਜ਼ੇ ਦੀ ਫੀਸ 475 ਪੌਂਡ ਤੋਂ ਵਧ ਕੇ 506ਪੌਂਡ, ਪੰਜ ਸਾਲਾਂ ਦੇ ਵੀਜ਼ੇ ਦੀ 848 ਪੌਂਡ ਤੋਂ 903 ਪੌਂਡ ਅਤੇ 10 ਸਾਲਾਂ ਦੇ ਵੀਜ਼ੇ ਦੀ ਫੀਸ 1,059 ਪੌਂਡ ਤੋਂ ਵਧ ਕੇ 1,128 ਪੌਂਡ ਹੋ ਗਈ ਹੈ।ਇਹ ਵਾਧਾ ਭਾਰਤੀਆਂ ਵੱਲੋਂ ਵੱਧ ਵੀਜ਼ਾ ਅਪਲਾਈ ਕੀਤੇ ਜਾਣ ਵਾਲੇ ਪ੍ਰਮੁੱਖ ਹਿੱਸਿਆਂ ਤੱਕ ਵੀ ਫੈਲਿਆ ਹੋਇਆ ਹੈ, ਜਿਸ ਵਿੱਚ ਸਟੱਡੀ (ਪੜ੍ਹਾਈ) ਵੀਜ਼ਾ ਫੀਸ 524 ਪੌਂਡ ਤੋਂ ਵਧ ਕੇ 558 ਪੌਂਡ ਅਤੇ ਸਕਿਲਡ ਵਰਕਰ ਵੀਜ਼ਾ (ਤਿੰਨ ਸਾਲਾਂ ਤੱਕ) ਦੀ ਫੀਸ 769 ਪੌਂਡ ਤੋਂ ਵਧ ਕੇ 819 ਪੌਂਡ ਹੋ ਗਈ ਹੈ।

ਬਰਤਾਨੀਆ ਜਾਣ ਵਾਲੇ ਵਿਦਿਆਰਥੀਆਂ ਅਤੇ ਹੁਨਰਮੰਦ ਪੇਸ਼ੇਵਰਾਂ ਲਈ ਭਾਰਤ ਸਭ ਤੋਂ ਵੱਡੇ ਸਰੋਤਾਂ ਵਿੱਚੋਂ ਇੱਕ ਬਣਿਆ ਹੋਇਆ ਹੈ। ਇਹ ਵਾਧਾ ਉਨ੍ਹਾਂ ਬਿਨੈਕਾਰਾਂ 'ਤੇ ਵਿੱਤੀ ਬੋਝ ਪਾ ਸਕਦਾ ਹੈ

(ਬਾਕੀ ਸਫ਼ਾ 26 'ਤੇ)

## 40 ਦਿਨਾਂ ਦੀ ਜੰਗ ਦਾ ਲੇਖਾ-ਜੋਖਾ

# ਅਮਰੀਕਾ-ਇਜ਼ਰਾਇਲ-ਇਰਾਨ ਜੰਗ ਦੇ ਨਿਕਲੇ ਭਿਆਨਕ ਸਿੱਟੇ

➤ ਇਰਾਨ ਨੇ ਇਜ਼ਰਾਇਲ 'ਤੇ 650 ਬੈਲਿਸਟਿਕ ਮਿਜ਼ਾਈਲਾਂ ਦਾਗੀਆਂ ➤ ਇਜ਼ਰਾਇਲ ਨੇ 10,800 ਤੋਂ ਵੱਧ ਹਵਾਈ ਹਮਲੇ ਕਰਕੇ ਇਰਾਨੀ ਫ਼ੌਜੀ ਢਾਂਚੇ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ-ਇਜ਼ਰਾਈਲ ਅਤੇ ਇਰਾਨ ਵਿਚਾਲੇ ਜਾਰੀ ਜੰਗ ਦੇ 40 ਦਿਨਾਂ ਬਾਅਦ ਸੀਜ਼ਫਾਇਰ (ਜੰਗਬੰਦੀ) ਹੋ ਗਈ। 40 ਦਿਨਾਂ ਤੱਕ ਚੱਲੇ ਇਸ ਸੰਘਰਸ਼ ਦਾ ਇੱਕ ਭਿਆਨਕ ਅੰਕੜਾ ਸਾਹਮਣੇ ਆਇਆ ਹੈ। ਇਜ਼ਰਾਇਲੀ ਫ਼ੌਜ ਵੱਲੋਂ ਜਾਰੀ ਅੰਕੜਿਆਂ ਅਨੁਸਾਰ, ਇਸ ਜੰਗ ਵਿੱਚ ਇਰਾਨ ਨੇ ਇਜ਼ਰਾਇਲ 'ਤੇ 650 ਬੈਲਿਸਟਿਕ ਮਿਜ਼ਾਈਲਾਂ ਦਾਗੀਆਂ।

ਦਰਅਸਲ, ਇਜ਼ਰਾਇਲੀ ਫ਼ੌਜ ਅਤੇ ਨੇਤਾਵਾਂ ਅਨੁਸਾਰ, 28 ਫਰਵਰੀ 2026 ਨੂੰ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਮਿਲ ਕੇ ਇਰਾਨ ਦੇ ਖ਼ਿਲਾਫ਼ ਆਪਣੀ ਮੁਹਿੰਮ ਸ਼ੁਰੂ ਕੀਤੀ ਗਈ ਸੀ, ਜਿਸਦਾ ਉਦੇਸ਼ ਇਰਾਨੀ ਸ਼ਾਸਨ ਦੀਆਂ ਫ਼ੌਜੀ ਸਮਰੱਥਾਵਾਂ ਨੂੰ ਕਮਜ਼ੋਰ ਕਰਨਾ, ਇਰਾਨ ਵੱਲੋਂ ਪੈਦਾ ਕੀਤੇ ਖਤਰਿਆਂ—ਜਿਸ ਵਿੱਚ ਉਸਦਾ ਪ੍ਰਮਾਣੂ ਅਤੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮ ਸ਼ਾਮਲ ਹੈ—ਤੋਂ ਦੂਰੀ ਬਣਾਉਣਾ ਅਤੇ ਇਰਾਨੀ ਲੋਕਾਂ ਲਈ ਸ਼ਾਸਨ ਨੂੰ ਉਖਾੜ ਸੁੱਟਣ ਵਾਸਤੇ ਹਾਲਾਤ ਤਿਆਰ ਕਰਨਾ ਸੀ।

ਇਜ਼ਰਾਇਲੀ ਫ਼ੌਜ ਅਨੁਸਾਰ, ਜੰਗ ਦੌਰਾਨ ਇਰਾਨ ਨੇ ਇਜ਼ਰਾਇਲ 'ਤੇ ਲਗਪਗ 650 ਬੈਲਿਸਟਿਕ ਮਿਜ਼ਾਈਲਾਂ ਦਾਗੀਆਂ। ਇਨ੍ਹਾਂ ਵਿੱਚੋਂ ਅੱਧੇ ਤੋਂ ਵੱਧ ਮਿਜ਼ਾਈਲਾਂ ਵਿੱਚ ਕਲੱਸਟਰ ਬੰਬ ਲੱਗੇ ਹੋਏ ਸਨ, ਜੋ ਵੱਡੇ ਖੇਤਰਾਂ ਵਿੱਚ ਅੰਧਾਧੁੰਦ ਧਮਾਕੇ ਕਰਦੇ ਹਨ। ਘੱਟੋ-ਘੱਟ 16 ਮਿਜ਼ਾਈਲਾਂ, ਜੋ ਸੈਂਕੜੇ ਕਿਲੋਗ੍ਰਾਮ ਵਿਸਫੋਟਕਾਂ ਨਾਲ ਲੈਸ ਰਵਾਇਤੀ ਹਥਿਆਰ ਸਨ, ਇਜ਼ਰਾਇਲ ਦੇ ਸੰਘਣੀ ਆਬਾਦੀ ਵਾਲੇ ਖੇਤਰਾਂ ਵਿੱਚ ਡਿੱਗੀਆਂ, ਜਿਸ ਨਾਲ ਭਾਰੀ ਨੁਕਸਾਨ ਹੋਇਆ। ਇਸ ਦੇ ਜਵਾਬ ਵਿੱਚ, ਇਜ਼ਰਾਇਲ ਨੇ 10,800 ਤੋਂ ਵੱਧ ਹਵਾਈ ਹਮਲੇ ਕਰਕੇ ਇਰਾਨੀ ਫ਼ੌਜੀ ਢਾਂਚੇ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ।



ਇਸ ਤੋਂ ਇਲਾਵਾ, ਕਲੱਸਟਰ ਬੰਬਾਂ ਵਾਲੇ ਵਾਰਹੈੱਡ ਲੈ ਕੇ ਜਾਣ ਵਾਲੀਆਂ ਮਿਜ਼ਾਈਲਾਂ ਦੇ ਰਿਹਾਇਸ਼ੀ ਇਲਾਕਿਆਂ ਵਿੱਚ ਡਿੱਗਣ ਦੀਆਂ ਲਗਪਗ 50 ਘਟਨਾਵਾਂ ਵੀ ਵਾਪਰੀਆਂ। ਇਰਾਨ ਦੁਆਰਾ ਕੀਤੇ ਗਏ ਮਿਜ਼ਾਈਲ ਹਮਲਿਆਂ ਵਿੱਚ ਘੱਟੋ-ਘੱਟ 20 ਇਜ਼ਰਾਈਲੀ ਅਤੇ ਵਿਦੇਸ਼ੀ ਨਾਗਰਿਕ ਮਾਰੇ ਗਏ। ਨਾਲ ਹੀ, ਵੈਸਟ ਬੈਂਕ ਵਿੱਚ ਚਾਰ ਫਲਸਤੀਨੀ ਵੀ ਮਾਰੇ ਗਏ। ਸਿਹਤ ਮੰਤਰਾਲੇ ਅਨੁਸਾਰ, ਇਜ਼ਰਾਇਲ ਵਿੱਚ 7,000 ਤੋਂ ਵੱਧ ਲੋਕ ਜ਼ਖਮੀ ਹੋਏ ਹਨ।

**ਇਰਾਨ ਨੇ ਕਦੋਂ ਅਤੇ ਕਿੰਨੀਆਂ ਮਿਜ਼ਾਈਲਾਂ ਦਾਗੀਆਂ ?**

ਅਮਰੀਕਾ-ਇਜ਼ਰਾਇਲ ਦੁਆਰਾ ਜੰਗ ਦੇ ਪਹਿਲੇ ਦਿਨ ਤਹਿਰਾਨ 'ਤੇ ਕੀਤੇ ਗਏ ਹਮਲੇ ਦੇ ਤੁਰੰਤ ਬਾਅਦ, ਇਰਾਨ ਨੇ ਇਜ਼ਰਾਇਲ 'ਤੇ ਲਗਪਗ 80 ਮਿਜ਼ਾਈਲਾਂ ਦਾਗੀਆਂ। ਇਸ ਤੋਂ ਅਗਲੇ ਦਿਨ ਇਰਾਨ ਨੇ ਕਰੀਬ 60 ਅਤੇ ਤੀਜੇ ਦਿਨ ਲਗਪਗ 30 ਮਿਜ਼ਾਈਲਾਂ ਦਾਗੀਆਂ। ਇਸ ਤੋਂ ਬਾਅਦ, ਜੰਗਬੰਦੀ ਹੋਣ ਤੱਕ ਇਰਾਨ ਨੇ ਰੋਜ਼ਾਨਾ ਔਸਤਨ 10-20 ਮਿਜ਼ਾਈਲਾਂ ਦਾਗੀਆਂ।

ਹੋਮ ਫਰੰਟ ਕਮਾਂਡ ਦੇ ਅਨੁਸਾਰ, ਇਰਾਨ ਦੁਆਰਾ ਕੀਤੇ ਗਏ ਮਿਜ਼ਾਈਲ ਹਮਲਿਆਂ ਵਿੱਚ ਘਰਾਂ ਨੂੰ ਹੋਏ ਨੁਕਸਾਨ ਕਾਰਨ 5,500 ਤੋਂ ਵੱਧ ਇਜ਼ਰਾਇਲੀ ਨਾਗਰਿਕਾਂ ਨੂੰ ਬੇਘਰ ਹੋਣਾ ਪਿਆ।

**ਇਜ਼ਰਾਈਲ ਨੇ ਇਰਾਨ 'ਤੇ 10,000 ਤੋਂ ਵੱਧ ਵਾਰ ਕੀਤੇ ਹਮਲੇ**

ਇਜ਼ਰਾਇਲੀ ਫ਼ੌਜ ਨੇ ਦੱਸਿਆ ਕਿ ਜੰਗ ਦੌਰਾਨ ਇਜ਼ਰਾਇਲੀ ਹਵਾਈ ਸੈਨਾ ਨੇ ਇਰਾਨ 'ਤੇ 1,000 ਤੋਂ ਵੱਧ ਹਮਲਿਆਂ ਦੀਆਂ ਲਹਿਰਾਂ ਵਿੱਚ 18,000 ਤੋਂ ਵੱਧ ਬੰਬ ਸੁੱਟੇ। 946 (ਇਜ਼ਰਾਇਲੀ ਰੱਖਿਆ ਬਲ) ਦੇ ਅਨੁਸਾਰ, ਹਵਾਈ ਰੱਖਿਆ ਪ੍ਰਣਾਲੀਆਂ, ਬੈਲਿਸਟਿਕ ਮਿਜ਼ਾਈਲ ਲਾਂਚਰਾਂ, ਹਥਿਆਰ ਉਤਪਾਦਨ ਕੇਂਦਰਾਂ, ਪ੍ਰਮਾਣੂ ਸਹੂਲਤਾਂ, ਵੱਖ-ਵੱਖ ਹੈੱਡਕੁਆਰਟਰਾਂ ਅਤੇ ਫ਼ੌਜੀ ਕਮਾਂਡਰਾਂ ਤੇ ਨੇਤਾਵਾਂ ਸਮੇਤ 4,000 ਤੋਂ ਵੱਧ ਟੀਚਿਆਂ 'ਤੇ 10,800 ਤੋਂ ਵੱਧ ਵੱਖ-ਵੱਖ ਹਮਲੇ ਕੀਤੇ ਗਏ।

(ਬਾਕੀ ਸਫ਼ਾ 26 'ਤੇ)

# ਵਿਸ਼ਵ ਵਿੱਚ ਸਿੱਖ ਪੰਥ ਦੀ ਨੁਮਾਇੰਦਗੀ ਕਿੱਥੇ ਹੈ ?

## ਕੀ ਅਸੀਂ ਸਿਸਟਮ ਨੂੰ ਬਦਲ ਰਹੇ ਹਾਂ ਜਾਂ ਸਿਸਟਮ ਸਾਨੂੰ ? ਕਿਥੇ ਹੈ ਗੁਰੂਆਂ ਦੀ ਵਿਚਾਰਧਾਰਾ ਦਾ ਪ੍ਰਗਟਾਵਾ ਤੇ ਨੀਤੀ ?

### ਸੱਤਾ ਦੀਆਂ ਬਰੂਹਾਂ 'ਤੇ ਬੈਠੇ 'ਗੂੰਗੇ' ਚਿਹਰੇ ਕਿਉਂ ਹਨ ?

### ਕੀ ਸਿਆਸਤ ਤੇ ਬਿਊਰੋਕ੍ਰੇਸੀ ਵਿੱਚ ਸਿੱਖਾਂ ਦੀ ਗਿਣਤੀ ਵਧਣ ਨਾਲ ਕੌਮੀ ਮਸਲੇ ਹੱਲ ਹੋ ਰਹੇ ਹਨ ?



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਕੀ ਸਿਰਫ਼ ਅਹੁਦਿਆਂ ਦੀ ਪ੍ਰਾਪਤੀ ਹੀ ਪੰਥਕ ਸ਼ਕਤੀ ਤੇ ਵਿਕਾਸ ਦਾ ਪ੍ਰਤੀਕ ਹੈ ? ਅੱਜ ਜਦੋਂ ਅਸੀਂ ਵਿਸ਼ਵ ਪੱਧਰ 'ਤੇ ਸਿੱਖਾਂ ਨੂੰ ਉੱਚ ਅਹੁਦਿਆਂ 'ਤੇ ਬਿਰਾਜਮਾਨ ਦੇਖਦੇ ਹਾਂ, ਤਾਂ ਦੂਜੇ ਪਾਸੇ ਸਿੱਖ ਪੰਥ ਵਿਰੁੱਧ ਵਧ ਰਹੀ ਨਫ਼ਰਤ, ਨਸਲਵਾਦ ਅਤੇ ਅਸੁਰੱਖਿਆ ਇੱਕ ਵੱਡੀ ਚਿੰਤਾ ਬਣ ਕੇ ਉੱਭਰੀ ਹੈ।

ਅਜੇ ਸਿੰਘ ਬੰਗਾ ਵਰਗੀਆਂ ਸ਼ਖਸੀਅਤਾਂ ਦਾ ਵਿਸ਼ਵ ਬੈਂਕ ਵਰਗੇ ਅਦਾਰਿਆਂ ਦੀ ਅਗਵਾਈ ਕਰਨਾ ਨਿੱਜੀ ਤੌਰ 'ਤੇ ਤਾਂ ਬਹੁਤ ਵੱਡੀ ਪ੍ਰਾਪਤੀ ਹੈ, ਪਰ ਕੀ ਇਹ ਨੁਮਾਇੰਦਗੀ ਸਿੱਖੀ ਦੇ 'ਸਰਬੱਤ ਦਾ ਭਲਾ' ਦੇ ਸਿਧਾਂਤ ਨੂੰ ਕੌਮਾਂਤਰੀ ਨੀਤੀਆਂ ਦਾ ਹਿੱਸਾ ਬਣਾ ਸਕੀ ਹੈ ? ਸ਼ਾਇਦ ਨਹੀਂ। ਪੱਛਮੀ ਸਿਆਸਤ ਵਿੱਚ ਸਿੱਖਾਂ ਨੂੰ ਆਪਣੀ ਜਗ੍ਹਾ ਬਣਾਈ ਰੱਖਣ ਲਈ ਅਕਸਰ ਪੰਥਕ ਸਰੋਕਾਰਾਂ ਨਾਲੋਂ 'ਸਿਆਸੀ ਵਫ਼ਾਦਾਰੀ' ਨੂੰ ਪਹਿਲ ਦੇਣੀ ਪੈਂਦੀ ਹੈ। ਇਹੀ ਕਾਰਨ ਹੈ ਕਿ ਜਦੋਂ ਸਿੱਖ ਭਾਈਚਾਰੇ 'ਤੇ ਭੀੜ ਪੈਂਦੀ ਹੈ, ਤਾਂ ਇਹ ਨੁਮਾਇੰਦਗੀ ਅਕਸਰ ਬੇਵੱਸ ਤੇ ਨਿਤਾਣੀ ਨਜ਼ਰ ਆਉਂਦੀ ਹੈ। ਪ੍ਰਵਾਸੀ ਸਿੱਖ ਵੀ ਇਤਰਾਜ਼ ਕਰਦੇ ਹਨ ਕਿ ਸਾਡੇ ਨੁਮਾਇੰਦੇ ਅੰਨੇ ਬੋਲੇ ਕਿਉਂ ?

ਅਮਰੀਕਾ ਵਰਗੇ ਮੁਲਕਾਂ ਵਿੱਚ ਸਿੱਖ ਪਛਾਣ (ਦਸਤਾਰ ਅਤੇ ਦਾੜ੍ਹੀ) ਨੂੰ 'ਇਮੀਗ੍ਰੇਸ਼ਨ ਵਿਰੋਧੀ' ਪ੍ਰਚਾਰ ਵਿੱਚ ਵਰਤਣਾ ਇੱਕ ਖ਼ਤਰਨਾਕ ਰੁਝਾਨ ਹੈ। ਜਦੋਂ ਸਿਆਸੀ ਪਾਰਟੀਆਂ ਵੋਟਾਂ ਲਈ ਸਿੱਖ ਦਿੱਖ ਨੂੰ "ਬਾਹਰੀ" ਜਾਂ "ਖ਼ਤਰਾ" ਵਜੋਂ ਪੇਸ਼ ਕਰਦੀਆਂ ਹਨ, ਤਾਂ ਆਮ ਜਨਤਾ ਵਿੱਚ ਉਸ ਭਾਈਚਾਰੇ ਪ੍ਰਤੀ ਨਫ਼ਰਤ ਵਧਦੀ ਹੈ। ਇੱਥੇ ਸਿੱਖਾਂ ਦੀ ਦਿੱਖ ਉਨ੍ਹਾਂ ਲਈ ਸਨਮਾਨ ਦੀ ਬਜਾਏ ਇੱਕ 'ਨਿਸ਼ਾਨਾ' ਬਣ ਜਾਂਦੀ ਹੈ।

ਯੂਕੇ ਵਿੱਚ ਜਦੋਂ ਸਿੱਖ ਬੀਬੀਆਂ ਨਾਲ ਹਿੰਸਾ ਹੁੰਦੀ ਹੈ ਜਾਂ ਨਸਲਵਾਦ ਵਧਦਾ ਹੈ, ਤਾਂ ਇਹ ਸਿਆਸੀ ਨੁਮਾਇੰਦੇ ਅਕਸਰ ਆਪਣੀ ਪਾਰਟੀ ਦੀਆਂ ਨੀਤੀਆਂ ਜਾਂ 'ਵੋਟ ਬੈਂਕ' ਦੀ ਰਾਜਨੀਤੀ ਕਾਰਨ ਉਨਾ ਸਖ਼ਤ ਸਟੈਂਡ ਨਹੀਂ ਲੈ ਪਾਉਂਦੇ ਜਿੰਨੀ ਉਮੀਦ ਕੀਤੀ ਜਾਂਦੀ ਹੈ। ਇਸ ਕਾਰਣ ਆਮ ਸਿੱਖ ਇਕੱਲਾ ਅਤੇ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ।

ਨਿਊਜ਼ੀਲੈਂਡ ਵਰਗੇ ਸ਼ਾਂਤ ਦੇਸ਼ਾਂ ਵਿੱਚ ਨਗਰ ਕੀਰਤਨਾਂ ਦੀ ਸੁਰੱਖਿਆ 'ਤੇ ਸਵਾਲ ਉੱਠਣਾ ਇਹ ਦੱਸਦਾ ਹੈ ਕਿ ਪੱਛਮੀ ਸਮਾਜਾਂ ਵਿੱਚ 'ਬਹੁ-ਸੱਭਿਆਚਾਰਵਾਦ' ਦਾ ਸੰਕਲਪ ਕਮਜ਼ੋਰ ਪੈ ਰਿਹਾ ਹੈ। ਆਰਥਿਕ ਮੰਦਹਾਲੀ ਅਤੇ ਸਥਾਨਕ ਨਸਲਵਾਦੀ ਰਾਸ਼ਟਰਵਾਦ ਦੇ ਵਧਣ ਕਾਰਨ, ਘੱਟ ਗਿਣਤੀਆਂ ਖਾਸ ਕਰਕੇ ਸਿੱਖ ਭਾਈਚਾਰੇ ਦੇ ਧਾਰਮਿਕ ਪ੍ਰਗਟਾਵੇ ਨੂੰ ਹੁਣ 'ਧਾਰਮਿਕ ਰਸਮ' ਦੀ ਬਜਾਏ 'ਘੁਸਪੈਠ' ਵਜੋਂ ਦੇਖਿਆ ਜਾਣ ਲੱਗਾ ਹੈ। ਉਨ੍ਹਾਂ ਦੀ ਧਾਰਮਿਕ ਆਜ਼ਾਦੀ ਖੋਹੀ ਜਾ ਰਹੀ ਹੈ।

ਇੱਕ ਵੱਡੀ ਕਮੀ ਇਹ ਰਹੀ ਹੈ ਕਿ ਅਸੀਂ ਪੱਛਮ ਨੂੰ ਆਪਣੀ 'ਦਿੱਖ' ਤਾਂ ਦਿਖਾ ਦਿੱਤੀ, ਪਰ ਆਪਣੀ 'ਹਸਤੀ' ਅਤੇ ਸਿਧਾਂਤਾਂ ਬਾਰੇ ਓਨੀ ਗਹਿਰਾਈ ਨਾਲ ਨਹੀਂ ਸਮਝਾ ਸਕੇ। ਪੱਛਮੀ ਲੋਕ ਸਾਨੂੰ ਦਸਤਾਰ ਤੋਂ ਤਾਂ ਪਛਾਣਦੇ ਹਨ, ਪਰ ਉਸ ਦਸਤਾਰ ਦੇ ਦਾਰਸ਼ਨਿਕ ਤੇ ਸਿਧਾਂਤਕ ਆਧਾਰ' ਨਿਆਂ, ਬਰਾਬਰੀ, ਸਾਂਝੀਵਾਲਤਾ, ਸਰਬਤ ਅਜ਼ਾਦੀ' ਅਤੇ 'ਸਰਬੱਤ ਦੇ ਭਲੇ' ਦੇ ਫ਼ਲਸਫ਼ੇ ਤੋਂ ਅਣਜਾਣ ਹਨ। ਜਿੰਨਾ ਚਿਰ ਕੋਈ ਸਮਾਜ ਤੁਹਾਡੇ ਸਿਧਾਂਤਾਂ ਨੂੰ ਨਹੀਂ ਸਮਝੇਗਾ, ਸਤਿਕਾਰ ਨਹੀਂ ਕਰੇਗਾ, ਉਹ ਸਿਰਫ਼ ਤੁਹਾਡੀ ਦਿੱਖ ਨੂੰ ਦੇਖ ਕੇ ਤੁਹਾਨੂੰ ਸਵੀਕਾਰ ਨਹੀਂ ਕਰੇਗਾ।

ਯੂਕੇ ਵਿੱਚ ਰਿਕਾਰਡ ਗਿਣਤੀ ਵਿੱਚ ਸਿੱਖ ਸੰਸਦ ਮੈਂਬਰ ਹਨ, ਕੈਨੇਡਾ ਵਿੱਚ ਲਗਭਗ 20 ਐਮਪੀ ਅਤੇ ਕੈਬਿਨੇਟ ਪੱਧਰ ਦੀ ਭੂਮਿਕਾ ਅਤੇ ਅਮਰੀਕਾ ਵਿੱਚ ਉੱਚ ਅਹੁਦਿਆਂ 'ਤੇ ਸਿੱਖ ਨਿਯੁਕਤੀਆਂ-ਇਹ ਸਾਰੇ ਅੰਕੜੇ ਮਾਣ ਕਰਨ ਵਾਲੇ ਹਨ। ਪਰ ਜਦੋਂ ਅਸਲੀ ਮਸਲਿਆਂ 'ਤੇ ਗੱਲ ਆਉਂਦੀ ਹੈ, ਇਹ ਨੁਮਾਇੰਦਗੀ ਸਿੱਖ ਪੰਥ ਦੀ ਪ੍ਰਤੀਨਿਧਤਾ ਨਹੀਂ ਕਰ ਰਹੀ ਹੁੰਦੀ।



"ਬਰਤਾਨਵੀ ਪਾਰਲੀਮੈਂਟ ਵਿੱਚ ਸਿੱਖ ਮੈਂਬਰਾਂ ਦੀ ਰਿਕਾਰਡ ਗਿਣਤੀ ਹੋਣ ਦੇ ਬਾਵਜੂਦ 'ਫ੍ਰੀ ਜੱਗੀ ਹੁਣੇ' ਵਰਗੀ ਮੁਹਿੰਮ ਨੂੰ ਆਪਣੀ ਹੀ ਸਰਕਾਰ ਵੱਲੋਂ ਨਜ਼ਰਅੰਦਾਜ਼ ਕੀਤਾ ਜਾਣਾ ਇਸ ਗੱਲ ਦਾ ਸਬੂਤ ਹੈ ਕਿ ਸਿਆਸੀ ਕੁਰਸੀਆਂ 'ਤੇ ਬੈਠੇ ਸਿੱਖ ਨੁਮਾਇੰਦੇ ਅਕਸਰ ਸਿਸਟਮ ਦੀਆਂ ਮਜਬੂਰੀਆਂ ਅਤੇ ਪਾਰਟੀ ਨੀਤੀਆਂ ਦੀਆਂ ਜ਼ੰਜੀਰਾਂ ਵਿੱਚ ਜਕੜੇ ਹੋਏ ਹਨ। ਯੂ.ਕੇ. ਸਰਕਾਰ ਇਸ ਮਸਲੇ ਬਾਰੇ ਬੁੱਤ ਵਾਂਗ ਚੁਪ ਹੈ। ਅਮਰੀਕਾ ਵਿੱਚ ਸਿੱਖ ਟਰੱਕ ਡਰਾਈਵਰਾਂ ਅਤੇ ਫ਼ੌਜੀ ਕਰਮਚਾਰੀਆਂ ਦੇ ਹੱਕਾਂ ਨਾਲ ਜੁੜੇ ਮਸਲੇ ਅਜੇ ਵੀ ਹੱਲ ਨਹੀਂ ਹੋਏ। ਕੈਨੇਡਾ ਵਿੱਚ ਵੱਡੀ ਰਾਜਨੀਤਿਕ ਮੌਜੂਦਗੀ ਦੇ ਬਾਵਜੂਦ ਸਿੱਖਾਂ ਦੀ ਸੁਰੱਖਿਆ ਮੁੱਖ ਤਰਜੀਹ ਨਹੀਂ ਬਣ ਸਕੀ। ਇਹ ਹਕੀਕਤ ਹੈ ਕਿ ਸਰਕਾਰਾਂ ਬਦਲਣ ਨਾਲ ਸਿਸਟਮ ਨਹੀਂ ਬਦਲਦਾ।

ਸਿੱਖ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਸਿੱਖਾਂ ਦੀ ਅਸਲ ਤਾਕਤ ਕਦੇ ਵੀ ਸਰਕਾਰੀ ਅਹੁਦਿਆਂ ਵਿੱਚ ਨਹੀਂ ਰਹੀ, ਸਗੋਂ 'ਜਥੇਬੰਦਕ ਸ਼ਕਤੀ' ਅਤੇ 'ਸੰਗਤੀ ਰੂਪ' ਵਿੱਚ ਰਹੀ ਹੈ। ਸਿੱਖ ਪੰਥ ਦੀ ਸੰਗਤੀ ਕਾਰਵਾਈ-ਚਾਹੇ ਵੋਟਿੰਗ ਬਲਾਕ ਹੋਣ ਜਾਂ ਸੰਘਰਸ਼-ਹਮੇਸ਼ਾ ਵੱਡਾ ਅਸਰ ਛੱਡਦੇ ਆਏ ਹਨ।

ਕੈਨੇਡਾ ਦੀ 2018/2019 ਦੀ 'ਪਬਲਿਕ ਰਿਪੋਰਟ ਆਨ ਦਾ ਟੈਰਰਿਜ਼ਮ ਥਰੈਟ ਟੂ ਕੈਨੇਡਾ' ਦਾ ਮਾਮਲਾ ਸਿੱਖ ਇਤਿਹਾਸ ਵਿੱਚ ਇੱਕ ਮਿਸਾਲ ਵਜੋਂ ਦੇਖਿਆ ਜਾਂਦਾ ਹੈ। ਕੈਨੇਡਾ ਸਰਕਾਰ ਨੇ ਆਪਣੀ ਸਾਲਾਨਾ ਸੁਰੱਖਿਆ ਰਿਪੋਰਟ ਵਿੱਚ ਪਹਿਲੀ ਵਾਰ 'ਸਿੱਖ (ਖ਼ਾਲਿਸਤਾਨੀ) ਕੱਟੜਵਾਦ' ਸ਼ਬਦ ਦੀ ਵਰਤੋਂ ਕੀਤੀ ਸੀ। ਇਸ ਰਿਪੋਰਟ ਵਿੱਚ ਬਿਨਾਂ ਕਿਸੇ ਠੋਸ ਸਬੂਤ ਦੇ ਪੂਰੇ ਸਿੱਖ ਭਾਈਚਾਰੇ ਦੀਆਂ ਸਿਆਸੀ ਭਾਵਨਾਵਾਂ ਨੂੰ ਅੱਤਵਾਦ ਨਾਲ ਜੋੜ ਕੇ ਪੇਸ਼ ਕੀਤਾ ਗਿਆ ਸੀ। ਇਸ ਨਾਲ ਕੈਨੇਡਾ ਵਿੱਚ ਰਹਿਣ ਵਾਲੇ ਲੱਖਾਂ ਨਿਰਦੋਸ਼ ਸਿੱਖਾਂ ਦੀ ਪਛਾਣ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਸੀ। ਉਸ ਸਮੇਂ ਕੈਨੇਡਾ ਦੀ ਪਾਰਲੀਮੈਂਟ ਅਤੇ ਕੈਬਨਿਟ ਵਿੱਚ ਕਈ ਸਿੱਖ ਚਿਹਰੇ ਮੌਜੂਦ ਸਨ। ਪਰ ਸ਼ੁਰੂਆਤੀ ਦੌਰ ਵਿੱਚ, ਉਹ ਆਪਣੀ ਹੀ ਸਰਕਾਰ ਦੀ ਰਿਪੋਰਟ ਦੇ ਵਿਰੁੱਧ ਖੁੱਲ੍ਹ ਕੇ ਬੋਲਣ ਤੋਂ ਕਤਰਾ ਰਹੇ ਸਨ। ਪਾਰਟੀ ਅਨੁਸ਼ਾਸਨ ਅਤੇ ਸਰਕਾਰੀ ਅਹੁਦਿਆਂ ਦੇ ਦਬਾਅ ਕਾਰਨ ਉਨ੍ਹਾਂ ਦੀ ਆਵਾਜ਼ ਓਨੀ ਪ੍ਰਭਾਵਸ਼ਾਲੀ ਨਹੀਂ ਸੀ ਜਿੰਨੀ ਕੌਮ ਨੂੰ ਉਮੀਦ ਸੀ। ਇਹ ਸਪੱਸ਼ਟ ਹੋ ਗਿਆ ਸੀ ਕਿ ਸਿਰਫ਼ 'ਕੁਰਸੀ' 'ਤੇ ਬੈਠਣਾ ਕੌਮੀ ਹਿੱਤਾਂ ਦੀ ਰਾਖੀ ਦੀ ਗਾਰੰਟੀ ਨਹੀਂ ਹੈ।

ਜਦੋਂ ਸਿਆਸੀ ਰਾਹ ਬੰਦ ਨਜ਼ਰ ਆਏ, ਤਾਂ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਕਮੇਟੀਆਂ (ਖ਼ਾਸਕਰ ਓਂਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਦੀਆਂ ਗੁਰਦੁਆਰਾ ਕੌਂਸਲਾਂ) ਨੇ ਕਮਾਨ ਸੰਭਾਲੀ। ਸੈਂਕੜੇ ਗੁਰਦੁਆਰਿਆਂ ਨੇ ਮਿਲ ਕੇ ਇੱਕ ਸਾਂਝਾ ਮਤਾ ਪਾਸ ਕੀਤਾ। ਸੰਗਤ ਨੇ ਆਪਣੇ ਇਲਾਕਿਆਂ ਦੇ ਐਮ.ਪੀਜ਼ (ਭਾਵੇਂ ਉਹ ਸਿੱਖ ਸਨ ਜਾਂ ਗ਼ੈਰ-ਸਿੱਖ) ਦੇ ਦਫ਼ਤਰਾਂ ਦਾ ਘੇਰਾਓ ਕੀਤਾ ਅਤੇ ਉਨ੍ਹਾਂ ਨੂੰ ਸਪੱਸ਼ਟ ਕੀਤਾ ਕਿ ਜੇਕਰ ਇਹ ਸ਼ਬਦਾਵਲੀ ਨਾ ਹਟਾਈ ਗਈ, ਤਾਂ ਉਨ੍ਹਾਂ ਨੂੰ ਵੋਟਾਂ ਵਿੱਚ ਖ਼ਮਿਆਜ਼ਾ ਭੁਗਤਣਾ ਪਵੇਗਾ। ਸਿੱਖ ਜਥੇਬੰਦੀਆਂ ਨੇ ਕੈਨੇਡਾ ਦੇ ਸੁਰੱਖਿਆ ਮੰਤਰੀ ਨੂੰ ਮਿਲ ਕੇ ਤੱਥ ਪੇਸ਼ ਕੀਤੇ ਕਿ ਰਿਪੋਰਟ ਵਿੱਚ ਵਰਤੀ ਗਈ ਭਾਸ਼ਾ ਪੱਖਪਾਤੀ ਅਤੇ ਗੁੰਮਰਾਹਕੁੰਨ ਹੈ।

ਚੋਣਾਂ ਨੇੜੇ ਹੋਣ ਅਤੇ ਸਿੱਖ ਸੰਗਤ ਦੇ ਭਾਰੀ ਦਬਾਅ ਕਾਰਨ, ਕੈਨੇਡਾ ਸਰਕਾਰ ਨੂੰ ਆਪਣੀ ਰਿਪੋਰਟ ਵਿੱਚ ਸੋਧ ਕਰਨੀ ਪਈ। ਸਰਕਾਰ ਨੇ ਰਿਪੋਰਟ ਵਿੱਚੋਂ "ਸਿੱਖ" ਅਤੇ "ਖ਼ਾਲਿਸਤਾਨੀ" ਵਰਗੇ ਸ਼ਬਦ ਹਟਾ ਕੇ ਉਨ੍ਹਾਂ ਨੂੰ "ਕੱਟੜਪੰਥੀ ਹਿੰਸਾ" ਵਰਗੇ ਆਮ ਸ਼ਬਦਾਂ ਨਾਲ ਬਦਲ ਦਿੱਤਾ।

ਇਹ ਮਾਮਲਾ ਸਾਨੂੰ ਦੱਸਦਾ ਹੈ ਕਿ ਸਿਆਸਤਦਾਨ ਹਮੇਸ਼ਾ 'ਵੋਟ' ਦੀ ਭਾਸ਼ਾ ਸਮਝਦੇ ਹਨ। ਜਦੋਂ ਸੰਗਤ ਗੁਰਦੁਆਰਾ ਸਾਹਿਬਾਨ ਦੇ ਮੰਚ ਤੋਂ ਇੱਕ ਹੋ ਕੇ ਬੋਲਦੀ ਹੈ, ਤਾਂ ਸਰਕਾਰਾਂ ਨੂੰ ਸੁਣਨਾ ਪੈਂਦਾ ਹੈ। ਸਿਆਸੀ ਨੁਮਾਇੰਦਗੀ ਉਦੋਂ ਹੀ ਕੰਮ ਕਰਦੀ ਹੈ ਜਦੋਂ ਉਸ ਦੇ ਪਿੱਛੇ ਇੱਕ ਸੁਚੇਤ ਅਤੇ ਜਥੇਬੰਦਕ ਕੌਮੀ ਦਬਾਅ ਹੋਵੇ। ਗੁਰਦੁਆਰਾ ਸਿਰਫ਼ ਪੂਜਾ ਅਸਥਾਨ ਨਹੀਂ, ਸਗੋਂ ਸਿੱਖਾਂ ਦੇ ਸਿਆਸੀ ਅਤੇ ਸਮਾਜਿਕ ਹੱਕਾਂ , ਨਿਆਂ ਤੇ ਰੱਬੀ ਸੱਚ ਦੀ ਰਾਖੀ ਦਾ ਕੇਂਦਰ ਵੀ ਹਨ। ਇਸੇ ਤਰ੍ਹਾਂ ਕਿਸਾਨ ਅੰਦੋਲਨ ਨੇ ਸਾਬਤ ਕੀਤਾ ਕਿ ਕੌਮੀ ਇਕਜੁੱਟਤਾ ਕਿਸੇ ਵੀ ਸਿਆਸੀ ਨੁਮਾਇੰਦਗੀ ਤੋਂ ਕਿਤੇ ਵੱਧ ਤਾਕਤਵਰ ਹੈ।

(ਬਾਕੀ ਸਫ਼ਾ 26 'ਤੇ)

# ਕਿਉਂ ਤਿੜਕ ਰਿਹਾ ਸ਼੍ਰੋਮਣੀ ਅਕਾਲੀ ਦਲ (ਸੁਧਾਰ ਲਹਿਰ/ਪੁਨਰ ਸੁਰਜੀਤ)

ਸ਼੍ਰੋਮਣੀ ਅਕਾਲੀ ਦਲ (ਸੁਧਾਰ ਲਹਿਰ/ਪੁਨਰ ਸੁਰਜੀਤ) ਵਿੱਚੋਂ ਜਿਵੇਂ-ਜਿਵੇਂ ਬੀਬੀ ਪਰਮਜੀਤ ਕੌਰ ਲਾਂਡਰਾਂ ਬਾਦਲ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ ਅਤੇ ਜਥੇਦਾਰ ਤੋਤਾ ਸਿੰਘ ਦੇ ਪੁੱਤਰ ਬਰਜਿੰਦਰ ਸਿੰਘ ਮੱਖਣ ਬਰਾੜ ਵਰਗੇ ਆਗੂ ਪਹਿਲਾਂ ਹੁਣ ਵਾਪਸ ਬਾਦਲ ਦਲ ਵਿੱਚ ਜਾ ਚੁਕੇ ਹਨ, ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ 'ਨਵਾਂ ਅਕਾਲੀ ਦਲ' ਕਿਉਂ ਤਿੜਕ ਰਿਹਾ ਹੈ। ਕੀ ਗਿਆਨੀ ਹਰਪ੍ਰੀਤ ਸਿੰਘ ਅਗਵਾਈ ਕਰਨ ਦੇ ਸਮਰਥ ਨਹੀਂ ਰਹੇ।

ਵੱਡੀ ਗੱਲ ਇਹ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਫ਼ੈਸਲਾ ਗਲਤ ਹੋਇਆ ਸੀ ਕਿ ਬਾਦਲ ਦਲ ਤੇ ਬਾਦਲ ਦਲ ਵਿਰੋਧੀ ਬਾਗੀ ਧੜਾ ਮਿਲਕੇ ਭਰਤੀ ਕਰੇ ਅਕਾਲੀ ਦਲ ਬਣਾਵੇ ਪਰ ਸਮੁਚੇ ਪੰਥ ਤੇ ਪੰਥਕ ਜਥੇਬੰਦੀਆਂ ਵਿਚੋਂ ਅਕਾਲੀ ਦਲ ਚੁਣਨ ਲਈ ਨਹੀਂ ਕਿਹਾ ਗਿਆ। ਇਸੇ ਕਰਕੇ ਸਿਧਾਂਤਕ ਏਕਤਾ ਵਾਲਾ ਅਕਾਲੀ ਦਲ ਹੋਂਦ ਵਿੱਚ ਨਾ ਆ ਸਕਿਆ। ਇਹ ਗਲਤ ਫ਼ੈਸਲਾ ਗਿਆਨੀ ਰਘਬੀਰ ਸਿੰਘ, ਜੋ ਉਸ ਸਮੇਂ ਦਾ ਜਥੇਦਾਰ ਅਕਾਲ ਤਖ਼ਤ ਸਨ ਨੇ ਕੀਤਾ।

ਨਤੀਜਾ ਇਹ ਹੋਇਆ ਜੋ ਅਕਾਲੀ ਦਲ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਬਣਿਆ ਉਸਦੇ ਲੀਡਰ ਬਾਦਲ ਦਲ ਦੇ ਲੀਡਰਾਂ ਦੇ ਕਿਰਦਾਰ ਤੋਂ ਵੱਖਰੇ ਨਹੀਂ ਸੀ। ਸਭ ਤੋਂ ਵੱਡੀ ਢਾਅ ਮਨਪ੍ਰੀਤ ਸਿੰਘ ਇਆਲੀ ਨੇ ਲਗਾਈ ਜਿਸਨੇ ਕਦੇ ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਨਹੀਂ ਮੰਨਿਆ ਸੀ। ਬਾਕੀ ਅਕਾਲੀ ਆਗੂ ਕਦੇ ਵੀ ਮਿਲਕੇ ਨਹੀਂ ਬੈਠੇ ਨਾ ਹੀ ਲੋਕਾਂ ਵਿੱਚ ਪਾਰਟੀ ਦਾ ਏਜੰਡਾ ਲੈਕੇ ਗਏ। ਨਾ ਹੀ ਪਾਰਟੀ ਦਾ ਫੰਡ ਇਕੱਠਾ ਹੋਇਆ ਨਾ ਹੀਂ ਕਿਸੇ ਨੇ ਯੋਗਦਾਨ ਦਿੱਤਾ।

ਇਹ ਲਹਿਰ ਲੋਕਾਂ ਵਿਚੋਂ ਨਹੀਂ, ਸਗੋਂ ਬਾਦਲ ਪਰਿਵਾਰ ਨਾਲ ਸਿਆਸੀ ਨਾਰਾਜ਼ਗੀ ਵਿੱਚੋਂ ਨਿਕਲੀ ਸੀ। ਇਸ ਵਿੱਚ ਉਹ ਆਗੂ ਸ਼ਾਮਲ ਸਨ ਜੋ ਬਾਦਲ ਪਰਿਵਾਰ ਨਾਲ ਸੱਤਾ ਜਾਂ ਅਹੁਦਿਆਂ ਦੀ ਵੰਡ ਕਾਰਨ ਨਾਰਾਜ਼ ਸਨ। ਜਦੋਂ ਕਿਸੇ ਲਹਿਰ ਦੀ ਬੁਨਿਆਦ ਸਿਰਫ਼ 'ਵਿਰੋਧ' ਹੋਵੇ ਅਤੇ ਲੋਕਾਂ ਦਾ ਜਜ਼ਬਾ ਸ਼ਾਮਲ ਨਾ ਹੋਵੇ, ਤਾਂ ਉਹ ਬਹੁਤਾ ਚਿਰ ਟਿਕ ਨਹੀਂ ਸਕਦੀ। ਕਿਸੇ ਵੀ ਜਥੇਬੰਦੀ ਦੀ ਮਜ਼ਬੂਤੀ ਲਈ ਇੱਕ ਸਰਵ-ਪ੍ਰਵਾਨਿਤ ਆਗੂ ਦਾ ਹੋਣਾ ਜ਼ਰੂਰੀ ਹੈ। ਨਵੇਂ ਅਕਾਲੀ ਦਲ ਵਿੱਚ 'ਹਰ ਕੋਈ ਪ੍ਰਧਾਨ' ਵਾਲੀ ਸਥਿਤੀ ਸੀ। ਇਨ੍ਹਾਂ ਵਿੱਚ ਆਪਸੀ ਤਾਲਮੇਲ ਦੀ ਕਮੀ ਰਹੀ ਰਿਹਾ।



ਲੋਕਾਂ ਨੂੰ ਇਹ ਸਮਝ ਨਹੀਂ ਆਇਆ ਕਿ ਇਹ ਦਲ ਬਾਦਲ ਦਲ ਤੋਂ ਵੱਖਰਾ ਕਿਵੇਂ ਹੈ ? ਸਿਰਫ਼ 'ਬਾਦਲਾਂ ਨੂੰ ਹਟਾਉਣਾ' ਕੋਈ ਸਥਾਈ ਵਿਚਾਰਧਾਰਾ ਨਹੀਂ ਹੋ ਸਕਦੀ। ਸਿਧਾਂਤਕ ਸਪੱਸ਼ਟਤਾ ਦੀ ਘਾਟ ਕਾਰਨ ਇਹ ਦਲ ਸਿਰਫ਼ ਇੱਕ 'ਨਾਰਾਜ਼ ਧੜਾ' ਬਣ ਕੇ ਰਹਿ ਗਿਆ।

ਆਖ਼ਿਰਕਾਰ, ਸਿਆਸਤਦਾਨਾਂ ਲਈ ਆਪਣੀ ਹੋਂਦ ਅਤੇ ਭਵਿੱਖ ਬਚਾਉਣਾ ਸਭ ਤੋਂ ਵੱਡੀ ਚੁਣੌਤੀ ਬਣ ਗਿਆ। ਕਈ ਆਗੂਆਂ ਨੂੰ ਮਹਿਸੂਸ ਹੋਣ ਲੱਗਾ ਕਿ ਅਲੱਗ ਰਹਿ ਕੇ ਉਹ ਸਿਆਸੀ ਤੌਰ 'ਤੇ ਗੁਮਨਾਮ ਹੋ ਜਾਣਗੇ। ਬਾਦਲ ਦਲ ਕੋਲ ਅਜੇ ਵੀ ਪਾਰਟੀ ਦਾ ਨਿਸ਼ਾਨ (ਤੱਕੜੀ), ਪੁਰਾਣਾ ਸੰਗਠਨ ਅਤੇ ਸਰੋਤ ਹਨ। ਆਪਣਾ ਸਿਆਸੀ ਭਵਿੱਖ ਸੁਰੱਖਿਅਤ ਕਰਨ ਲਈ, ਬਹੁਤ ਸਾਰੇ ਆਗੂਆਂ ਨੇ ਸਿਧਾਂਤਾਂ ਨਾਲੋਂ ਸਮਝੌਤੇ ਨੂੰ ਬਿਹਤਰ ਸਮਝਿਆ ਅਤੇ ਵਾਪਸੀ ਕਰਨੀ ਸ਼ੁਰੂ ਕਰ ਦਿੱਤੀ।

ਕਿਸੇ ਵੀ ਨਵੀਂ ਪਾਰਟੀ ਨੂੰ ਖੜ੍ਹਾ ਕਰਨ ਲਈ ਸਿਰਫ਼ ਭਾਸ਼ਣ ਨਹੀਂ, ਸਗੋਂ ਮਜ਼ਬੂਤ ਏਜੰਡਾ ,ਰੋਡ ਮੈਪ, ਆਰਥਿਕਤਾ ਅਤੇ ਜਨਤਕ ਪੱਧਰ ਤੱਕ ਦੇ ਕੇਡਰ ਦੀ ਲੋੜ ਹੁੰਦੀ ਹੈ। ਸ਼੍ਰੋਮਣੀ ਅਕਾਲੀ ਦਲ (ਸੁਧਾਰ ਲਹਿਰ/ਪੁਨਰ ਸੁਰਜੀਤ) ਕੋਲ ਫਿਲਹਾਲ ਉਹ ਵਿੱਤੀ ਸਾਧਨ ਅਤੇ ਸੰਗਠਨਾਤਮਕ ਤਾਕਤ ਨਹੀਂ ਹੈ ਜੋ ਦਹਾਕਿਆਂ ਤੋਂ ਸਥਾਪਿਤ ਸ਼੍ਰੋਮਣੀ ਅਕਾਲੀ ਦਲ ਕੋਲ ਹੈ। ਬਿਨਾਂ ਫੰਡਾਂ ਅਤੇ ਢਾਂਚੇ ਦੇ ਵੱਡੇ ਆਗੂਆਂ ਨੂੰ ਆਪਣਾ ਅਧਾਰ ਬਚਾਈ ਰੱਖਣਾ ਔਖਾ ਲੱਗ ਰਿਹਾ ਹੈ। ਕੁਝ ਲੀਡਰ ਘਰਾਂ ਵਿੱਚ ਬੈਠ ਚੁਕੇ ਹਨ।

ਜਿੱਥੋਂ ਤੱਕ ਗਿਆਨੀ ਹਰਪ੍ਰੀਤ ਸਿੰਘ ਦਾ ਸਵਾਲ ਹੈ, ਉਹ ਇੱਕ ਧਾਰਮਿਕ ਸ਼ਖ਼ਸੀਅਤ ਹਨ, ਜਨਤਕ ਲਹਿਰ ਚਲਾਉਣ ਦਾ ਉਨ੍ਹਾਂ ਕੋਲ ਹੌਂਸਲਾ ਤੇ ਤਜਰਬਾ ਨਹੀਂ ਹੈ। ਨਾ ਹੀ ਉਨ੍ਹਾਂ ਦਾ ਸੋਸ਼ਲ ਮੀਡੀਆ ਸਰਗਰਮ ਹੈ। ਸਿਆਸਤ ਵਿੱਚ 'ਕਿਲਰ ਇੰਸਟਿੰਕਟ' (ਹਮਲਾਵਰ ਸਿਆਸੀ ਰਣਨੀਤੀ) ਦੀ ਲੋੜ ਹੁੰਦੀ ਹੈ ਜੋ ਨਵੇਂ ਅਕਾਲੀ ਦਲ ਵਿੱਚ ਘਾਟ ਹੈ।?

ਜੇਕਰ ਇਹ ਧੜਾ ਆਪਣੀ ਹੋਂਦ ਬਚਾਉਣਾ ਚਾਹੁੰਦਾ ਹੈ, ਤਾਂ ਇਨ੍ਹਾਂ ਨੂੰ ਸਿਰਫ਼ 'ਬਾਦਲ ਵਿਰੋਧ' ਤੱਕ ਸੀਮਤ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਨੂੰ ਪੰਜਾਬ ਦੇ ਮੌਜੂਦਾ ਮੁੱਦਿਆਂ (ਨਸ਼ਾ, ਬੇਰੁਜ਼ਗਾਰੀ,ਸਨਅਤ, ਖੇਤੀਬਾੜੀ , ਖੁਦਮੁਖਤਿਆਰੀ) 'ਤੇ ਇੱਕ ਸਪੱਸ਼ਟ ਰੋਡਮੈਪ ਦੇਣਾ ਹੋਵੇਗਾ। ਪੁਰਾਣੇ ਚਿਹਰਿਆਂ ਦੀ ਥਾਂ ਨਵੇਂ ਅਤੇ ਨੌਜਵਾਨ ਚਿਹਰਿਆਂ ਨੂੰ ਅੱਗੇ ਲਿਆਉਣਾ ਪਵੇਗਾ, ਤਾਂ ਜੋ ਇਹ ਪ੍ਰਭਾਵ ਜਾਵੇ ਕਿ ਇਹ ਸਿਰਫ਼ 'ਨਾਰਾਜ਼ ਸਾਬਕਾ ਮੰਤਰੀਆਂ' ਦਾ ਗਰੁੱਪ ਨਹੀਂ ਹੈ। ਜੇਕਰ ਉਹ ਆਮ ਆਦਮੀ ਪਾਰਟੀ ਜਾਂ ਕਾਂਗਰਸ ਤੋਂ ਦੂਰ ਰਹਿ ਕੇ ਇੱਕ ਮਜ਼ਬੂਤ ਖੇਤਰੀ ਤੀਜਾ ਬਦਲ ਪੇਸ਼ ਕਰ ਸਕਦੇ ਹਨ, ਤਾਂ ਹੀ ਉਨ੍ਹਾਂ ਦਾ ਭਵਿੱਖ ਹੈ।

ਵਾਰਿਸ ਪੰਜਾਬ ਦੇ (ਅੰਮ੍ਰਿਤਪਾਲ ਸਿੰਘ ਦੇ ਪ੍ਰਭਾਵ ਹੇਠਲਾ ਗਰੁੱਪ) ਅਤੇ ਨਵੇਂ ਅਕਾਲੀ ਦਲ (ਸੁਧਾਰ ਲਹਿਰ) ਵਿਚਾਲੇ ਸਮਝੌਤਾ ਪੰਜਾਬ ਦੀ ਸਿਆਸਤ ਵਿੱਚ ਫਾਇਦੇਮੰਦ ਕਦਮ ਹੋ ਸਕਦਾ ਹੈ।

'ਵਾਰਿਸ ਪੰਜਾਬ ਦੇ' ਕੋਲ ਅਜਿਹੇ ਨੌਜਵਾਨਾਂ ਦੀ ਵੱਡੀ ਫ਼ੌਜ ਹੈ ਜੋ ਬੇਹੱਦ ਸਰਗਰਮ ਅਤੇ ਜਜ਼ਬਾਤੀ ਹਨ। ਨਵੇਂ ਅਕਾਲੀ ਦਲ ਕੋਲ ਤਜ਼ਰਬੇਕਾਰ ਆਗੂ ਤਾਂ ਹਨ ਪਰ ਜੋਸ਼ੀਲੇ ਵਰਕਰਾਂ ਦੀ ਕਮੀ ਹੈ। ਇਹ ਸਮਝੌਤਾ ਇਸ ਖੱਪੇ ਨੂੰ ਭਰ ਸਕਦਾ ਹੈ।

(ਬਾਕੀ ਸਫ਼ਾ 26 'ਤੇ)

## ਯੇ ਦੋਸਤੀ ਹਮ ਨਹੀਂ ਤੋੜੇਂਗੇ.......

# ਭਾਰਤ ਵਿੱਚ ਰਾਜਨੀਤੀ ਅਤੇ ਅਪਰਾਧ ਵਿਚਾਲੇ ਹੋਈ 'ਦੋਸਤੀ'

## ਵੱਖ-ਵੱਖ ਸੂਬਿਆਂ 'ਚ ਅਪਰਾਧੀ ਨੇਤਾਵਾਂ ਦੀ ਵੱਧ ਰਹੀ ਹੈ ਗਿਣਤੀ



### ➤ ਅਪਰਾਧਿਕ ਪਿਛੋਕੜ ਵਾਲੇ ਨੇਤਾ ਨੂੰ ਮਿਲਦੀਆਂ ਨੇ ਵਧੇਰੇ ਵੋਟਾਂ ➤ ਰਾਜਨੀਤੀ ਦਾ ਹੋ ਰਿਹਾ ਅਪਰਾਧੀਕਰਨ ਚਿੰਤਾ ਦਾ ਵਿਸ਼ਾ

ਭਾਰਤ ਦੀ ਰਾਜਨੀਤੀ ਨੂੰ ਹੋਰ ਚੁਨੌਤੀਆਂ ਦੇ ਨਾਲ- ਨਾਲ 'ਅਪਰਾਧ' ਵਰਗੀ ਖਤਰਨਾਕ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਚਿੰਤਾ ਦੀ ਗੱਲ ਇਹ ਹੈ ਕਿ ਜਿਸ ਤਰ੍ਹਾਂ ਭਾਰਤ ਦੀ ਰਾਜਨੀਤੀ ਵਿੱਚ ਅਪਰਾਧੀ ਨੇਤਾਵਾਂ ਦੀ ਗਿਣਤੀ ਵੱਧ ਰਹੀ ਹੈ, ਉਸ ਤੋਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਭਾਰਤ ਵਿੱਚ 'ਰਾਜਨੀਤੀ' ਅਤੇ 'ਅਪਰਾਧ' ਵਿਚਾਲੇ ਦੋਸਤੀ ਹੋ ਗਈ ਹੋਵੇ ਤੇ ਦੋਸਤੀ ਦੀ ਇਹ ਤੰਦ ਲਗਾਤਾਰ ਹੋਲੀ ਹੋਲੀ ਮਜ਼ਬੂਤ ਹੁੰਦੀ ਜਾ ਰਹੀ ਹੈ। ਭਾਵੇਂ ਕਿ ਸਮੇਂ ਸਮੇਂ 'ਤੇ ਅਪਰਾਧੀਆਂ ਨੂੰ ਰਾਜਨੀਤੀ ਕਰਨ ਤੋਂ ਰੋਕਣ ਲਈ ਕਈ ਨਿਯਮ ਅਤੇ ਕਾਨੂੰਨ ਬਣਾਏ ਗਏ, ਪਰ ਸਭ ਬੇਅਸਰ ਰਹੇ।

ਲੰਘੇ ਦਿਨੀਂ ਰਾਜ ਸਭਾ ਦੇ ਸੰਸਦ ਮੈਂਬਰਾਂ ਦੇ ਪਿਛੋਕੜ ਬਾਰੇ ਇੱਕ ਵਾਰ ਫਿਰ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ ਹਨ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ.ਡੀ.ਆਰ.) ਦੀ ਤਾਜ਼ਾ ਰਿਪੋਰਟ ਦੇ ਅਨੁਸਾਰ, ਉੱਚ ਸਦਨ ਦੇ ਲਗਭਗ ਇੱਕ ਤਿਹਾਈ ਸੰਸਦ ਮੈਂਬਰਾਂ ਨੇ ਆਪਣੇ ਹਲਫ਼ਨਾਮਿਆਂ ਵਿੱਚ ਅਪਰਾਧਿਕ ਮਾਮਲਿਆਂ ਦਾ ਖੁਲਾਸਾ ਕੀਤਾ ਹੈ। ਇਹ ਰਿਪੋਰਟ 233 ਰਾਜ ਸਭਾ ਸੰਸਦ ਮੈਂਬਰਾਂ ਵਿੱਚੋਂ 229 ਦੇ ਹਲਫ਼ਨਾਮਿਆਂ ਦੇ ਵਿਸ਼ਲੇਸ਼ਣ 'ਤੇ ਅਧਾਰਿਤ ਹੈ, ਜਿਸ ਵਿੱਚ ਹਾਲ ਹੀ ਵਿੱਚ ਚੁਣੇ ਗਏ 37 ਮੈਂਬਰ ਵੀ ਸ਼ਾਮਲ ਹਨ। ਰਿਪੋਰਟ ਦਰਸਾਉਂਦੀ ਹੈ ਕਿ ਕੁੱਲ 229 ਸੰਸਦ ਮੈਂਬਰਾਂ ਵਿੱਚੋਂ 73 ਯਾਨੀ ਲਗਭਗ 32 ਪ੍ਰਤੀਸ਼ਤ ਸੰਸਦ ਮੈਂਬਰਾਂ ਵਿਰੁੱਧ ਕਿਸੇ ਨਾ ਕਿਸੇ ਤਰ੍ਹਾਂ ਦਾ ਅਪਰਾਧਿਕ ਮਾਮਲਾ ਦਰਜ ਹੈ। ਇਨ੍ਹਾਂ ਵਿੱਚੋਂ 36 ਸੰਸਦ ਮੈਂਬਰ (ਲਗਭਗ 16 ਪ੍ਰਤੀਸ਼ਤ) ਗੰਭੀਰ ਧਾਰਾਵਾਂ ਅਧੀਨ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ। ਇਹ ਸਥਿਤੀ ਰਾਜਨੀਤੀ ਵਿੱਚ ਅਪਰਾਧ ਦੇ ਵਧਦੇ ਪ੍ਰਭਾਵ ਵੱਲ ਇਸ਼ਾਰਾ ਕਰਦੀ ਹੈ।

ਇਹ ਮਾਮਲਾ ਸਿਰਫ਼ ਅਪਰਾਧਿਕ ਮਾਮਲਿਆਂ ਤੱਕ ਹੀ ਸੀਮਤ ਨਹੀਂ ਹੈ। ਰਾਜ ਸਭਾ ਦੇ ਕਈ ਮੈਂਬਰ ਦੌਲਤ ਦੇ ਮਾਮਲੇ ਵਿੱਚ ਵੀ ਬਹੁਤ ਅਮੀਰ ਹਨ। ਰਿਪੋਰਟ ਦੇ ਅਨੁਸਾਰ, 31 ਸੰਸਦ ਮੈਂਬਰ ਜਾਂ ਲਗਭਗ 14 ਪ੍ਰਤੀਸ਼ਤ ਮੈਂਬਰ ਅਰਬਪਤੀ ਹਨ। ਬੰਦੀ ਪਾਰਥਸਾਰਧੀ ਰੈਡੀ ਸੂਚੀ ਵਿੱਚ ਸਭ ਤੋਂ ਉੱਪਰ ਹਨ, ਜਿਨ੍ਹਾਂ ਨੇ 5,300 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਐਲਾਨੀ ਹੈ। ਉਨ੍ਹਾਂ ਤੋਂ ਬਾਅਦ ਰਾਜਿੰਦਰ ਗੁਪਤਾ ਅਤੇ ਅੱਲਾ ਅਯੋਧਿਆ ਰਾਮੀ ਰੈਡੀ ਦਾ ਨੰਬਰ ਆਉਂਦਾ ਹੈ। ਦੂਜੇ ਪਾਸੇ, ਸੰਤ ਬਲਬੀਰ ਸਿੰਘ ਸਭ ਤੋਂ ਘੱਟ ਦੌਲਤ ਵਾਲੇ ਸੰਸਦ ਮੈਂਬਰ ਹਨ, ਜਿਨ੍ਹਾਂ ਦੀ ਕੁੱਲ ਜਾਇਦਾਦ ਲਗਭਗ 3 ਲੱਖ ਰੁਪਏ ਦੱਸੀ ਗਈ ਹੈ। ਇਹ ਅੰਤਰ ਦਰਸਾਉਂਦਾ ਹੈ ਕਿ ਸੰਸਦ ਵਿੱਚ ਆਰਥਿਕ ਅਸਮਾਨਤਾ ਵੀ ਬਹੁਤ ਜ਼ਿਆਦਾ ਹੈ।

ਜੇ ਮੌਜੂਦਾ ਲੋਕ ਸਭਾ ਦੇ ਮੈਂਬਰਾਂ ਦੀ ਗੱਲ ਕੀਤੀ ਜਾਵੇ ਤਾਂ ਇੱਕ ਰਿਪੋਰਟ ਦੇ ਅਨੁਸਾਰ, ਇਸ 18ਵੀਂ ਲੋਕ ਸਭਾ ਦੇ 46 ਪ੍ਰਤੀਸ਼ਤ ਸੰਸਦ ਮੈਂਬਰਾਂ ਵਿਰੁੱਧ ਕਈ ਅਪਰਾਧਿਕ ਮਾਮਲੇ ਹਨ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ.ਡੀ.ਆਰ.) ਨੇ ਸਾਰੇ ਲੋਕ ਸਭਾ ਮੈਂਬਰਾਂ ਦੇ ਹਲਫਨਾਮਿਆਂ ਦਾ ਅਧਿਐਨ ਕਰਕੇ ਇਹ ਜਾਣਕਾਰੀ ਇਕੱਠੀ ਕੀਤੀ ਹੈ। ਏ.ਡੀ.ਆਰ. ਰਿਪੋਰਟ ਦੇ ਅਨੁਸਾਰ, 543 ਲੋਕ ਸਭਾ ਮੈਂਬਰਾਂ ਵਿਚੋਂ 46 ਪ੍ਰਤੀਸ਼ਤ (251) ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ। ਇਸ ਤੋਂ ਇਲਾਵਾ, ਸਾਰੇ ਲੋਕ ਸਭਾ ਮੈਂਬਰਾਂ ਵਿੱਚੋਂ 31 ਪ੍ਰਤੀਸ਼ਤ (170) ਵਿਰੁੱਧ ਗੰਭੀਰ ਅਪਰਾਧਿਕ ਮਾਮਲੇ ਦਰਜ ਹਨ, ਜਿਵੇਂ ਕਿ ਬਲਾਤਕਾਰ, ਕਤਲ, ਅਗਵਾ ਆਦਿ। 27 ਲੋਕ ਸਭਾ ਮੈਂਬਰਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਉਹ ਜਾਂ ਤਾਂ ਜੇਲ੍ਹ ਵਿੱਚ ਹਨ ਜਾਂ ਜ਼ਮਾਨਤ 'ਤੇ ਬਾਹਰ ਹਨ। ਚਾਰ ਲੋਕ ਸਭਾ ਮੈਂਬਰਾਂ 'ਤੇ ਕਤਲ ਦੇ ਮਾਮਲੇ, 27 'ਤੇ ਕਤਲ ਦੀ ਕੋਸ਼ਿਸ਼ ਦੇ ਮਾਮਲੇ, ਦੋ 'ਤੇ ਬਲਾਤਕਾਰ ਦੇ ਮਾਮਲੇ, 15 'ਤੇ ਔਰਤਾਂ ਵਿਰੁੱਧ ਹੋਰ ਅਪਰਾਧ, ਚਾਰ 'ਤੇ ਅਗਵਾ ਦੇ ਮਾਮਲੇ, ਅਤੇ 43 ਲੋਕ ਸਭਾ ਮੈਂਬਰਾਂ 'ਤੇ ਨਫ਼ਰਤ ਭਰੇ ਭਾਸ਼ਣ ਦੇ ਮਾਮਲੇ ਦਰਜ ਹਨ।

ਭਾਰਤ ਵਿੱਚ ਰਾਜਨੀਤੀ ਨੂੰ ਅਪਰਾਧ ਦੀ 'ਅਮਰਵੇਲ' ਚੁੰਬੜ ਗਈ ਹੈ, ਜੋ ਕਿ ਭਾਰਤੀ ਰਾਜਨੀਤੀ ਨੂੰ ਦਿਨੋਂ ਦਿਨ ਖੋਖਲਾ ਕਰੀ ਜਾ ਰਹੀ ਹੈ। ਭਾਵੇਂ ਭਾਰਤ ਵਿੱਚ ਰਾਜਨੀਤੀ ਨੂੰ ਅਪਰਾਧ ਮੁਕਤ ਬਣਾਉਣ ਲਈ ਬਹੁਤ ਯਤਨ ਹੋ ਰਹੇ ਹਨ ਪਰ ਇਹਨਾਂ ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਭਾਰਤ ਵਿੱਚ ਉਹਨਾਂ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੀ ਗਿਣਤੀ ਵਧਦੀ ਜਾ ਰਹੀ ਹੈ, ਜਿਨ੍ਹਾਂ ਵਿਰੁੱਧ ਅਪਰਾਧਿਕ ਮਾਮਲੇ ਪੈਂਡਿੰਗ ਹਨ।)




ਭਾਰਤੀ ਰਾਜਨੀਤੀ ਵਿੱਚ ਕਿਸੇ ਨੇਤਾ ਦਾ ਅਪਰਾਧੀ ਹੋਣਾ ਕੋਈ ਵੱਡੀ ਗੱਲ ਨਹੀਂ ਹੈ, ਭਾਂਵੇਂ ਕਿ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਰਾਜਨੀਤੀ ਦੇ ਵਿੱਚ ਦਿੱਗਜ਼ ਚਿਹਰੇ ਅੱਜ ਵੀ ਮੌਜੂਦ ਨੇ ਪਰ ਉਹਨਾਂ ਨੂੰ ਤੇਜ਼ ਤਰਾਰ ਰਾਜਨੀਤੀ ਕਰਨ ਵਾਲੇ ਪਿਛਲੀ ਕਤਾਰ ਵਿੱਚ ਖੜ੍ਹਾ ਕਰ ਦਿੰਦੇ ਨੇ। ਇਸ ਦੇਸ਼ 'ਚ ਕਈ ਵੱਡੇ ਨੇਤਾ ਅਜਿਹੇ ਹਨ, ਜਿਨ੍ਹਾਂ ਖ਼ਿਲਾਫ਼ ਅਗਵਾ ਤੋਂ ਲੈ ਕੇ ਕਤਲ ਤੱਕ ਦੇ ਮਾਮਲੇ ਪੈਂਡਿੰਗ ਹਨ।

ਦਰਅਸਲ, ਸੁਪ੍ਰੀਮ ਕੋਰਟ ਦੀ ਇੱਕ ਸ਼ਰਤ ਅਨੁਸਾਰ ਕਿਸੇ ਵੀ ਆਗੂ ਨੂੰ ਵਿਧਾਇਕ ਬਣਨ ਤੋਂ ਪਹਿਲਾਂ ਇੱਕ ਸਵੈ-ਘੋਸ਼ਿਤ ਹਲਫ਼ਨਾਮਾ ਦਾਇਰ ਕਰਨਾ ਪੈਂਦਾ ਹੈ, ਜਿਸ ਵਿੱਚ ਉਸ ਵਿਰੁੱਧ ਕਿੰਨੇ ਅਪਰਾਧਿਕ ਮਾਮਲੇ ਦਰਜ ਹਨ, ਇਸ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਹਲਫ਼ਨਾਮੇ ਮੁਤਾਬਕ ਭਾਰਤ ਦੇ ਕੁੱਲ ਵਿਧਾਇਕਾਂ ਵਿੱਚੋਂ 44 ਫ਼ੀਸਦੀ ਵਿਧਾਇਕਾਂ ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਹਨ। ਕੁਝ ਨੇਤਾਵਾਂ 'ਤੇ ਕੁਝ ਦੋਸ਼ ਮਾਮੂਲੀ ਜਾਂ ਸਿਆਸੀ ਹਨ, ਪਰ ਜ਼ਿਆਦਾਤਰ ਵਿਧਾਇਕਾਂ 'ਤੇ ਕਤਲ ਦੀ ਕੋਸ਼ਿਸ਼, ਸਰਕਾਰੀ ਅਧਿਕਾਰੀਆਂ 'ਤੇ ਹਮਲੇ ਅਤੇ ਚੋਰੀ ਵਰਗੇ ਗੰਭੀਰ ਦੋਸ਼ ਲੱਗੇ ਸਨ।

ਰਾਜਨੀਤੀ ਨੂੰ ਅਪਰਾਧ ਮੁਕਤ ਬਣਾਉਣ ਲਈ ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ, ਜਿਨ੍ਹਾਂ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਵਿਰੁੱਧ ਅਪਰਾਧਕ ਮਾਮਲੇ ਪੈਂਡਿੰਗ ਹਨ, ਦੀ ਗਿਣਤੀ ਵਧਦੀ ਜਾ ਰਹੀ ਹੈ।

ਅਪਰਾਧ ਕੇਸਾਂ ਵਾਲੇ ਬਹੁਤੇ ਆਗੂ ਅਦਾਲਤਾਂ ਦੇ ਫ਼ੈਸਲਿਆਂ ਤੋਂ ਚਿੰਤਤ ਨਹੀਂ ਹਨ ਕਿਉਂਕਿ ਜਦੋਂ ਤੱਕ ਅਦਾਲਤ ਵੱਲੋਂ ਉਨ੍ਹਾਂ ਨੂੰ ਦੋਸ਼ੀ ਠਹਿਰਾਉਣ ਦਾ ਫ਼ੈਸਲਾ ਨਹੀਂ ਸੁਣਾਇਆ ਜਾਂਦਾ, ਉਦੋਂ ਤੱਕ ਇਨ੍ਹਾਂ ਆਗੂਆਂ ਨੂੰ ਚੋਣ ਲੜਨ ਤੋਂ ਕੋਈ ਨਹੀਂ ਰੋਕ ਸਕਦਾ, ਭਾਵੇਂ ਜੇਲ੍ਹ ਵਿੱਚ ਰਹਿੰਦਿਆਂ ਵੀ ਚੋਣਾਂ ਲੜੀਆਂ ਜਾ ਸਕਦੀਆਂ ਹਨ ਉਪਰੋਕਤ ਤਬਸਰੇ ਤੋਂ ਸਪਸ਼ਟ ਹੈ ਕਿ ਭਾਰਤ ਦੀ ਰਾਜਨੀਤੀ ਵਿੱਚ ਅਪਰਾਧੀ ਨੇਤਾਵਾਂ ਦਾ ਬੋਲਬਾਲਾ ਹੋ ਗਿਆ ਹੈ ਜੋ ਕਿ ਭਾਰਤ ਦੀ ਭੋਲੀ ਭਾਲੀ ਜਨਤਾ 'ਤੇ ਰਾਜ ਕਰ ਰਹੇ ਹਨ। ਭਾਵੇਂ ਕਿ ਭਾਰਤ ਦੀ ਰਾਜਨੀਤੀ ਨੂੰ ਅਪਰਾਧ ਮੁਕਤ ਕਰਨ ਲਈ ਲੱਖਾਂ ਕੋਸ਼ਿਸ਼ਾਂ ਹੋਈਆਂ, ਪਰ ਸਭ ਬੇਅਸਰ ਰਹੀਆਂ। ਚਾਹੀਦਾ ਤਾਂ ਇਹ ਹੈ ਕਿ ਅਪਰਾਧ ਵਿੱਚ ਸ਼ਾਮਲ ਨੇਤਾਵਾਂ ਦੇ ਚੋਣ ਲੜਨ 'ਤੇ ਹੀ ਪਾਬੰਦੀ ਲਗਾਈ ਜਾਵੇ ਤਾਂ ਕਿ ਭਾਰਤ ਦੀ ਰਾਜਨੀਤੀ ਨੂੰ ਸਾਫ਼ ਸੁਥਰਾ ਬਣਾਇਆ ਜਾ ਸਕੇ।

### ਪੰਜਾਬ ਦੀ ਸਿਆਸਤ 'ਚ ਅਪਰਾਧੀਆਂ ਦਾ ਪ੍ਰਛਾਵਾ

ਪੰਜਾਬ ਦੀ ਸਿਆਸਤ 'ਤੇ ਵੀ ਅਪਰਾਧਵਾਦ ਆਪਣਾ ਪ੍ਰਭਾਵ ਪਾ ਚੁੱਕਿਆ ਹੈ। ਅਨੇਕਾਂ ਸਿਆਸੀ ਆਗੂਆਂ ਖ਼ਿਲਾਫ਼ ਮਾਮਲੇ ਦਰਜ਼ ਹਨ। ਕਈ ਸਿਆਸੀ ਆਗੂਆਂ ਖ਼ਿਲਾਫ਼ ਤਾਂ ਗੰਭੀਰ ਜ਼ੁਰਮਾਂ ਤਹਿਤ ਜਾਂਚ ਪੜਤਾਲ ਹੋ ਰਹੀ ਹੈ। ਇਸ ਦੇ ਬਾਵਜੂਦ ਇਹ ਆਗੂ ਪੰਜਾਬ ਦੀ ਸਿਆਸਤ ਵਿੱਚ ਪੂਰੀ ਤਰ੍ਹਾਂ ਸਰਗਰਮ ਹਨ ਅਤੇ ਇਸ ਸਮੇਂ ਅਗਲੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਕਰ ਰਹੇ ਹਨ। ਜਿਸ ਤਰੀਕੇ ਨਾਲ ਪੰਜਾਬ ਦੀ ਸਿਆਸਤ ਵਿੱਚ ਅਪਰਾਧੀ ਨੇਤਾਵਾਂ ਦੀ ਗਿਣਤੀ ਵੱਧ ਰਹੀ ਹੈ, ਉਹ ਚਿੰਤਾ ਦਾ ਵਿਸ਼ਾ ਹੈ।

# ਜ਼ਹਿਰੀਲਾ ਹੋ ਗਿਐ ਪੰਜਾਬ ਦਾ ਪਾਣੀ

### ➤ ਜ਼ਮੀਨੀ ਪਾਣੀ 'ਚ ਯੂਰੇਨੀਅਮ ਦਾ ਖ਼ਤਰਾ ਦੋਗੁਣਾ ➤ 6 ਵਰ੍ਹਿਆਂ 'ਚ 24.2 ਤੋਂ ਵਧ ਕੇ 53.04 % ਸੈਂਪਲ ਅਸੁਰੱਖਿਅਤ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ 'ਚ ਜ਼ਮੀਨੀ ਪਾਣੀ ਦੀ ਗੁਣਵੱਤਾ ਨੂੰ ਲੈ ਕੇ ਗੰਭੀਰ ਚਿੰਤਾ ਸਾਹਮਣੇ ਆਈ ਹੈ। ਸੰਸਦ 'ਚ ਪੇਸ਼ ਕੀਤੇ ਗਏ ਤਾਜ਼ਾ ਅੰਕੜਿਆਂ ਅਨੁਸਾਰ ਸੂਬੇ ਵਿੱਚ ਯੂਰੇਨੀਅਮ ਨਾਲ ਦੂਸ਼ਿਤ ਜ਼ਮੀਨੀ ਪਾਣੀ ਦੇ ਮਾਮਲਿਆਂ 'ਚ ਤੇਜ਼ੀ ਨਾਲ ਵਾਧਾ ਦਰਜ ਕੀਤਾ ਗਿਆ ਹੈ। ਪਿਛਲੇ ਛੇ ਸਾਲਾਂ 'ਚ ਸੁਰੱਖਿਅਤ ਸੀਮਾ ਤੋਂ ਵੱਧ ਯੂਰੇਨੀਅਮ ਵਾਲੇ ਨਮੂਨਿਆਂ ਦਾ ਅਨੁਪਾਤ ਦੋਗੁਣਾ ਤੋਂ ਵੀ ਵੱਧ ਹੋ ਗਿਆ ਹੈ, ਜੋ 2019 ਦੇ 24.2 ਫ਼ੀਸਦੀ ਤੋਂ ਵਧ ਕੇ 2024 'ਚ 53.04 ਫ਼ੀਸਦੀ ਤੱਕ ਪੁੱਜ ਗਿਆ ਹੈ।

ਰਾਜ ਸਭਾ 'ਚ ਪਿਛਲੇ ਦਿਨੀਂ ਦਿੱਤੀ ਗਈ ਜਾਣਕਾਰੀ ਅਨੁਸਾਰ, ਸਾਲ 2024 'ਚ ਪੰਜਾਬ ਦੇ 296 ਜ਼ਮੀਨੀ ਪਾਣੀ ਨਮੂਨਿਆਂ ਦੀ ਜਾਂਚ ਕੀਤੀ ਗਈ, ਜਿਨ੍ਹਾਂ 'ਚੋਂ 53.04 ਫ਼ੀਸਦੀ 'ਚ ਯੂਰੇਨੀਅਮ ਦਾ ਪੱਧਰ ਵਿਸ਼ਵ ਸਿਹਤ ਸੰਸਥਾ (ਡਬਲਯੂਐੱਚਓ) ਤੇ ਵਾਤਾਵਰਣ ਸੁਰੱਖਿਆ ਏਜੰਸੀ (ਈਪੀਏ) ਵੱਲੋਂ ਨਿਰਧਾਰਿਤ 30 ਪਾਰਟਸ ਪ੍ਰਤੀ ਬਿਲੀਅਨ (ਪੀਪੀਬੀ) ਦੀ ਸੁਰੱਖਿਅਤ ਸੀਮਾ ਤੋਂ ਵੱਧ ਪਾਇਆ ਗਿਆ। ਇਹ ਸੂਬੇ 'ਚ ਲਗਾਤਾਰ ਵਿਗੜ ਰਹੀ ਸਥਿਤੀ ਨੂੰ ਦਰਸਾਉਂਦਾ ਹੈ।

ਕੇਂਦਰੀ ਜਲ ਸ਼ਕਤੀ ਰਾਜ ਮੰਤਰੀ ਰਾਜ ਭੂਸ਼ਣ ਚੌਧਰੀ ਨੇ ਆਪਣੇ ਲਿਖਤੀ ਜਵਾਬ 'ਚ ਦੱਸਿਆ ਕਿ 2023 'ਚ 32.6 ਫ਼ੀਸਦੀ ਨਮੂਨੇ ਅਸੁਰੱਖਿਅਤ ਪਾਏ ਗਏ ਸਨ, ਜੋ 2024 'ਚ ਵਧ ਕੇ 53.04 ਫ਼ੀਸਦੀ ਹੋ ਗਏ। ਇਸ ਤੋਂ ਪਹਿਲਾਂ 2022 'ਚ ਇਹ ਅੰਕੜਾ 33.7 ਫ਼ੀਸਦੀ ਤੇ 2019 'ਚ 24.2 ਫ਼ੀਸਦੀ ਸੀ। ਸਾਲ ਦਰ ਸਾਲ ਇਹ ਵਾਧਾ ਭੂਜਲ ਪ੍ਰਦੂਸ਼ਣ ਦੀ ਗੰਭੀਰਤਾ ਨੂੰ ਉਜਾਗਰ ਕਰਦਾ ਹੈ।

ਰਾਸ਼ਟਰੀ ਪੱਧਰ 'ਤੇ ਵੀ ਯੂਰੇਨੀਅਮ ਪ੍ਰਦੂਸ਼ਣ ਦੇ ਮਾਮਲਿਆਂ 'ਚ ਵਾਧਾ ਦੇਖਿਆ ਗਿਆ ਹੈ, ਪਰ ਪੰਜਾਬ ਦੀ ਸਥਿਤੀ ਹੋਰ ਸੂਬਿਆਂ ਦੇ ਮੁਕਾਬਲੇ ਕਾਫ਼ੀ ਗੰਭੀਰ ਹੈ। 2024 'ਚ ਦੇਸ਼ ਭਰ ਦੇ 3754 ਨਮੂਨਿਆਂ 'ਚੋਂ 6.7 ਫ਼ੀਸਦੀ 'ਚ ਯੂਰੇਨੀਅਮ ਸੁਰੱਖਿਅਤ ਸੀਮਾ ਤੋਂ ਵੱਧ ਪਾਇਆ ਗਿਆ, ਜਦਕਿ 2019 'ਚ ਇਹ ਅੰਕੜਾ 3 ਫ਼ੀਸਦੀ ਸੀ।

ਹਰਿਆਣਾ 'ਚ ਵੀ ਜ਼ਮੀਨੀ ਪਾਣੀ ਪ੍ਰਦੂਸ਼ਣ ਦੇ ਮਾਮਲੇ ਸਾਹਮਣੇ ਆਏ ਹਨ, ਪਰ ਉੱਥੇ ਸਥਿਤੀ ਤੁਲਨਾਤਮਕ ਤੌਰ 'ਤੇ ਕੰਟਰੋਲ 'ਚ ਹੈ। 2024 'ਚ ਹਰਿਆਣਾ ਦੇ 15 ਫ਼ੀਸਦੀ ਨਮੂਨੇ ਅਸੁਰੱਖਿਅਤ ਪਾਏ ਗਏ, ਜੋ 2023 ਦੇ 18.7 ਫ਼ੀਸਦੀ ਤੋਂ ਘੱਟ ਹਨ। ਇਸ ਵਿਰੁੱਧ ਪੰਜਾਬ 'ਚ ਇਹ ਪ੍ਰਤੀਸ਼ਤ ਦੇਸ਼ 'ਚ ਸਭ ਤੋਂ ਵੱਧ ਦਰਜ ਕੀਤਾ ਗਿਆ ਹੈ।

ਕੇਂਦਰੀ ਭੂਜਲ ਬੋਰਡ ਦੀ ਸਾਲਾਨਾ ਜ਼ਮੀਨੀ ਪਾਣੀ ਦੀ ਗੁਣਵੱਤਾ ਰਿਪੋਰਟ 2025 ਅਨੁਸਾਰ, ਪੰਜਾਬ, ਹਰਿਆਣਾ, ਦਿੱਲੀ, ਕਰਨਾਟਕ ਤੇ ਉੱਤਰ ਪ੍ਰਦੇਸ਼ ਦੇ ਕੁਝ ਹਿੱਸਿਆਂ 'ਚ ਯੂਰੇਨੀਯਮ ਪ੍ਰਦੂਸ਼ਣ ਦੇ ਵੱਧ ਮਾਮਲੇ ਸਾਹਮਣੇ ਆਏ ਹਨ, ਜਦਕਿ ਬਾਕੀ ਬਹੁਤ ਸਾਰੇ ਸੂਬਿਆਂ 'ਚ ਸਥਿਤੀ ਆਮ ਪਾਈ ਗਈ ਹੈ।



ਸਰਕਾਰ ਨੇ ਆਪਣੇ ਜਵਾਬ 'ਚ ਸਾਫ਼ ਕੀਤਾ ਕਿ ਵੱਧ ਪ੍ਰਤੀਸ਼ਤ ਵਾਲੇ ਅੰਕੜੇ ਉਨ੍ਹਾਂ ਖੇਤਰਾਂ 'ਚ ਕੇਂਦਰੀ ਜਾਂਚ ਦਾ ਨਤੀਜਾ ਹਨ, ਜਿਨ੍ਹਾਂ ਨੂੰ 2023 'ਚ ਸੋਧੇ ਗਏ ਪ੍ਰੋਟੋਕਾਲ ਮੁਤਾਬਕ 'ਹੌਟਸਪੌਟ' ਵਜੋਂ ਚਿੰਨ੍ਹਿਤ ਕੀਤਾ ਗਿਆ ਹੈ। ਇਸ ਦਾ ਇਹ ਮਤਲਬ ਨਹੀਂ ਕਿ ਪੂਰੇ ਰਾਜ ਦਾ ਜ਼ਮੀਨੀ ਪਾਣੀ ਸਮਾਨ ਤੌਰ 'ਤੇ ਦੂਸ਼ਿਤ ਹੈ।

ਸਰਕਾਰ ਅਨੁਸਾਰ, ਭੂਜਲ 'ਚ ਯੂਰੇਨੀਅਮ ਦੀ ਮੌਜੂਦਗੀ ਮੁੱਖ ਤੌਰ 'ਤੇ ਭੂ-ਵਿਗਿਆਨਿਕ ਕਾਰਨਾਂ ਨਾਲ ਜੁੜੀ ਹੋਈ ਹੈ ਤੇ ਇਹ ਸਥਾਨਕ ਭੂਗੋਲਿਕ ਹਾਲਤਾਂ ਦਾ ਨਤੀਜਾ ਹੈ।

ਕੈਨੇਡਾ ਦਾ 'ਮੇਪਲ ਲੀਫ਼' ਸੁਪਨਾ ਹੋਇਆ ਧੁੰਦਲਾ

# ਹੁਣ ਪੰਜਾਬੀ ਨੌਜਵਾਨਾਂ ਦੀ ਪਹਿਲੀ ਪਸੰਦ ਬਣੇ ਯੂ.ਕੇ. ਤੇ ਦੁਬਈ

## 30 ਲੱਖ ਦੀ ਖੇਡ ਤੇ ਰਿਫ਼ਿਊਜ਼ਲ ਦੇ ਡਰ, ਸਖ਼ਤ ਨੀਤੀਆਂ ਕਾਰਣ ਕੈਨੇਡਾ ਤੋਂ ਪੰਜਾਬੀਆਂ ਦਾ ਮੋਹ ਭੰਗ

## ਸਰਕਾਰੀ ਦਾਅਵੇ ਬਨਾਮ ਜ਼ਮੀਨੀ ਹਕੀਕਤ: ਕੀ ਸੱਚਮੁੱਚ ਪੰਜਾਬ 'ਚ ਰੁਜ਼ਗਾਰ ਮਿਲ ਰਿਹਾ ਹੈ ਜਾਂ ਹਵਾਈ ਕਿਲ੍ਹੇ ਹਨ ?





ਦਹਾਕਿਆਂ ਤੋਂ ਪੰਜਾਬੀ ਮਾਨਸਿਕਤਾ ਵਿੱਚ 'ਕੈਨੇਡਾ' ਸਿਰਫ਼ ਇੱਕ ਦੇਸ਼ ਨਹੀਂ, ਸਗੋਂ ਖ਼ੁਸ਼ਹਾਲੀ ਦਾ ਇੱਕ ਅਜਿਹਾ ਸੁਪਨਾ ਰਿਹਾ ਹੈ ਜਿਸ ਦੀ ਪ੍ਰਾਪਤੀ ਲਈ ਪੰਜਾਬ ਦੇ ਕਿਸਾਨਾਂ ਨੇ ਆਪਣੀਆਂ ਜ਼ਮੀਨਾਂ ਗਹਿਣੇ ਰੱਖੀਆਂ ਅਤੇ ਮਾਵਾਂ ਨੇ ਆਪਣੇ ਗਹਿਣੇ ਵੇਚੇ। ਪਰ ਅੱਜ ਦੇ ਬਦਲਦੇ ਹਾਲਾਤ ਇਹ ਸੰਕੇਤ ਦੇ ਰਹੇ ਹਨ ਕਿ ਇਹ 'ਮੇਪਲ ਲੀਫ਼' ਸੁਪਨਾ ਹੁਣ ਪੰਜਾਬੀ ਨੌਜਵਾਨਾਂ ਦੀ ਪਹੁੰਚ ਤੋਂ ਦੂਰ ਹੁੰਦਾ ਜਾ ਰਿਹਾ ਹੈ। ਕੈਨੇਡਾ ਸਰਕਾਰ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ, ਜੀ.ਆਈ.ਸੀ. ਦੀ ਰਕਮ ਵਿੱਚ ਦੁੱਗਣਾ ਵਾਧਾ ਅਤੇ ਵੀਜ਼ਾ ਰਿਫ਼ਿਊਜ਼ਲ ਦੀ ਵਧਦੀ ਦਰ ਨੇ ਪੰਜਾਬ ਦੇ ਦੋਆਬਾ ਅਤੇ ਮਾਲਵਾ ਖੇਤਰਾਂ ਵਿੱਚ ਇੱਕ ਵੱਡੀ ਬੇਚੈਨੀ ਪੈਦਾ ਕਰ ਦਿੱਤੀ ਹੈ। ਸਾਲ 2026 ਤੱਕ ਆਉਂਦੇ-ਆਉਂਦੇ ਇਹ ਰੁਝਾਨ ਹੁਣ ਚਿੰਤਾ ਅਤੇ ਨਿਰਾਸ਼ਾ ਵਿੱਚ ਬਦਲ ਚੁੱਕਾ ਹੈ। ਪੰਜਾਬ ਦੇ ਆਈਲੈਟਸ ਸੈਂਟਰਾਂ ਵਿੱਚ ਬੈਠੇ ਹਜ਼ਾਰਾਂ ਨੌਜਵਾਨ ਹੁਣ ਕੈਨੇਡਾ ਜਾਣ ਦਾ ਧਿਆਨ ਛਡਕੇ ਯੂ.ਕੇ., ਅਸਟ੍ਰੇਲੀਆ ਜਾਣ ਦੀ ਤਿਆਰੀ ਕਰ ਰਹੇ ਹਨ।

### ਕੈਨੇਡਾ ਦਾ ਸੁਪਨਾ ਮਹਿੰਗਾ ਕਿਉਂ ਹੋਇਆ ?

ਕੈਨੇਡਾ ਸਰਕਾਰ ਦੀਆਂ ਨਵੀਆਂ ਨੀਤੀਆਂ ਨੇ ਪੰਜਾਬੀ ਪਰਿਵਾਰਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਪਹਿਲਾਂ ਕੈਨੇਡਾ ਜਾਣ ਲਈ ਗਾਰੰਟੀਡ ਇਨਵੈਸਟਮੈਂਟ ਸਰਟੀਫ਼ਿਕੇਟ ਦੀ ਰਕਮ ਲਗਭਗ 10,000 ਡਾਲਰ ਸੀ, ਜੋ ਹੁਣ ਵਧ ਕੇ 22,000 ਡਾਲਰ (ਲਗਭਗ 15 ਲੱਖ ਰੁਪਏ ਤੋਂ ਵੱਧ) ਹੋ ਗਈ ਹੈ।

ਫ਼ੀਸਾਂ ਅਤੇ ਹੋਰ ਖਰਚੇ ਮਿਲਾ ਕੇ ਹੁਣ ਇੱਕ ਵਿਦਿਆਰਥੀ ਦਾ ਕੁਲ ਖਰਚਾ 30 ਤੋਂ 35 ਲੱਖ ਰੁਪਏ ਤੱਕ ਪਹੁੰਚ ਗਿਆ ਹੈ। ਪੰਜਾਬ ਦੇ ਛੋਟੇ ਕਿਸਾਨਾਂ ਲਈ ਆਪਣੀ ਜ਼ਮੀਨ ਵੇਚ ਕੇ ਵੀ ਇੰਨੀ ਵੱਡੀ ਰਕਮ ਜੁਟਾਉਣੀ ਹੁਣ ਅਸੰਭਵ ਹੁੰਦੀ ਜਾ ਰਹੀ ਹੈ।

### ਨੀਤੀਆਂ ਵਿੱਚ ਸਖ਼ਤੀ ਅਤੇ ਰਿਫ਼ਿਊਜ਼ਲ ਦਾ ਹੜ੍ਹ

ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਲਈ ਸਖ਼ਤ ਕਦਮ ਚੁੱਕੇ ਹਨ। 2026 ਦੀ ਇੱਕ ਆਡਿਟ ਰਿਪੋਰਟ ਮੁਤਾਬਕ:

**ਸਟੂਡੈਂਟ ਡਾਇਰੈਕਟ ਸਟ੍ਰੀਮ ਦਾ ਖ਼ਤਮ ਹੋਣਾ:** ਤੇਜ਼ੀ ਨਾਲ ਵੀਜ਼ਾ ਦੇਣ ਵਾਲੀ ਇਹ ਪ੍ਰਣਾਲੀ ਹੁਣ ਬੰਦ ਕਰ ਦਿੱਤੀ ਗਈ ਹੈ।

**ਵੀਜ਼ਾ ਦਰ ਵਿੱਚ ਗਿਰਾਵਟ:** 2023 ਵਿੱਚ ਭਾਰਤੀ ਵਿਦਿਆਰਥੀਆਂ ਦੀ ਹਿੱਸੇਦਾਰੀ 51.6% ਸੀ, ਜੋ 2025-26 ਤੱਕ ਘਟ ਕੇ ਸਿਰਫ਼ 8% ਰਹਿ ਗਈ ਹੈ।

ਹੁਣ ਹਰ ਦਸਤਾਵੇਜ਼ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ, ਜਿਸ ਕਾਰਨ ਮਾਮੂਲੀ ਕਮੀ ਵਾਲੀਆਂ ਫ਼ਾਈਲਾਂ ਵੀ ਰੱਦ ਹੋ ਰਹੀਆਂ ਹਨ।

### ਏਜੰਟਾਂ ਦੀ ਲੁੱਟ ਅਤੇ 'ਫ਼ਰਜ਼ੀਵਾੜੇ' ਦਾ ਸ਼ਿਕਾਰ ਹੁੰਦਾ ਪੰਜਾਬ

ਪੰਜਾਬ ਦੀ 'ਮਾਈਗ੍ਰੇਸ਼ਨ ਇੰਡਸਟਰੀ' ਵਿੱਚ ਬ੍ਰਿਜੇਸ਼ ਮਿਸ਼ਰਾ ਵਰਗੇ ਕਈ ਏਜੰਟਾਂ ਨੇ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਹੈ। ਜਲੰਧਰ ਦੀਆਂ ਗਲੀਆਂ ਵਿੱਚ ਅਜਿਹੇ ਸੈਂਕੜੇ ਏਜੰਟ ਹਨ ਜੋ 'ਵੀਜ਼ਾ ਗਾਰੰਟੀ' ਦੇ ਨਾਂਅ 'ਤੇ ਲੱਖਾਂ ਰੁਪਏ ਲੈਂਦੇ ਹਨ ਪਰ ਨਕਲੀ ਆਫ਼ਰ ਲੈਟਰ ਫ਼ੜਾ ਦਿੰਦੇ ਹਨ। ਸੈਂਕੜੇ ਨੌਜਵਾਨ ਕੈਨੇਡਾ ਜਾ ਕੇ ਵੀ ਸੜਕਾਂ 'ਤੇ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਏ ਕਿਉਂਕਿ ਉਨ੍ਹਾਂ ਦੇ ਏਜੰਟਾਂ ਨੇ ਉਨ੍ਹਾਂ ਨੂੰ ਧੋਖੇ ਨਾਲ ਨਕਲੀ ਕਾਲਜਾਂ ਵਿੱਚ ਭੇਜ ਦਿੱਤਾ ਸੀ।

ਪੰਜਾਬ ਪੁਲਿਸ ਦੇ ਆਈ.ਟੀ. ਸੈੱਲ ਵਿੱਚ ਹਜ਼ਾਰਾਂ ਸ਼ਿਕਾਇਤਾਂ ਦਰਜ ਹਨ, ਪਰ ਏਜੰਟਾਂ ਦਾ ਨੈੱਟਵਰਕ ਇੰਨਾ ਮਜ਼ਬੂਤ ਹੈ ਕਿ ਉਹ ਨਵੇਂ ਨਾਵਾਂ ਹੇਠ ਦੁਬਾਰਾ ਦਫ਼ਤਰ ਖੋਲ੍ਹ ਲੈਂਦੇ ਹਨ।

### ਯੂ.ਕੇ., ਦੁਬਈ ਅਤੇ ਨਿਊਜ਼ੀਲੈਂਡ ਵੱਲ ਨੌਜਵਾਨਾਂ ਦਾ ਰੁਝਾਨ ਕਿਉਂ ?

ਕੈਨੇਡਾ ਦੇ ਬੰਦ ਹੁੰਦੇ ਦਰਵਾਜ਼ਿਆਂ ਨੇ ਪੰਜਾਬੀ ਨੌਜਵਾਨਾਂ ਨੂੰ ਨਵੇਂ ਰਾਹ ਲੱਭਣ ਲਈ ਮਜਬੂਰ ਕਰ ਦਿੱਤਾ ਹੈ। ਪੜ੍ਹਾਈ ਦੇ ਨਾਲ-ਨਾਲ ਕੰਮ ਕਰਨ ਦੀ ਸਹੂਲਤ ਅਤੇ ਕੈਨੇਡਾ ਦੇ ਮੁਕਾਬਲੇ ਘੱਟ ਸ਼ੁਰੂਆਤੀ ਨਿਵੇਸ਼ ਕਾਰਨ ਯੂਕੇ ਪੰਜਾਬੀਆਂ ਦੀ ਪਹਿਲੀ ਪਸੰਦ ਬਣ ਰਿਹਾ ਹੈ।

ਮੱਧ ਵਰਗੀ ਪਰਿਵਾਰਾਂ ਦੀਆਂ ਧੀਆਂ ਹੁਣ ਦੁਬਈ ਵਿੱਚ ਨੈਨੀ ਜਾਂ ਸੇਲਜ਼ ਵਿੱਚ ਕੰਮ ਕਰਨ ਜਾ ਰਹੀਆਂ ਹਨ। ਉੱਥੇ ਵੀਜ਼ਾ ਪ੍ਰਕਿਰਿਆ ਸੌਖੀ ਹੈ ਅਤੇ ਖਰਚਾ ਵੀ ਘੱਟ ਹੈ।

ਨਿਊਜ਼ੀਲੈਂਡ: ਇੱਥੇ ਸਕਿੱਲਡ ਵਰਕਰਾਂ ਲਈ ਨਵੇਂ ਰਾਹ ਖੁੱਲ੍ਹੇ ਹਨ, ਜਿਸ ਕਾਰਨ ਤਕਨੀਕੀ ਸਿੱਖਿਆ ਪ੍ਰਾਪਤ ਨੌਜਵਾਨ ਇੱਧਰ ਦਾ ਰੁਖ ਕਰ ਰਹੇ ਹਨ।

### ਕੈਨੇਡਾ ਵਿੱਚ ਅਸਰੱਖਿਅਤ ਮਾਹੌਲ ਤੇ ਬੇਰੁਜ਼ਗਾਰੀ

ਅਸੁਰੱਖਿਆ ਦਾ ਮਾਹੌਲ ਵੀ ਮਾਪਿਆਂ ਨੂੰ ਮਜਬੂਰ ਕਰਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਕਿਸੇ ਵੀ ਕੀਮਤ 'ਤੇ ਵਿਦੇਸ਼ ਭੇਜ ਦੇਣ।

ਬ੍ਰੈਂਪਟਨ ਅਤੇ ਸਰੀ ਵਰਗੇ ਸ਼ਹਿਰਾਂ ਵਿੱਚ ਹੁਣ ਮਾਹੌਲ ਬਦਲ ਚੁੱਕਾ ਹੈ। ਵਧਦੇ ਕਿਰਾਏ, ਕੰਮ ਦੀ ਘਾਟ ਅਤੇ ਵਰਕ ਪਰਮਿਟ ਖ਼ਤਮ ਹੋਣ ਦੇ ਡਰ ਨੇ ਉੱਥੇ ਰਹਿੰਦੇ ਨੌਜਵਾਨਾਂ ਨੂੰ ਮਾਨਸਿਕ ਰੋਗੀ ਬਣਾ ਦਿੱਤਾ ਹੈ। ਹਜ਼ਾਰਾਂ ਨੌਜਵਾਨ ਹੁਣ 'ਰਿਫ਼ਿਊਜ਼ੀ' ਸਟੇਟਸ ਲਈ ਅਪਲਾਈ ਕਰ ਰਹੇ ਹਨ ਤਾਂ ਜੋ ਉਹ ਉੱਥੇ ਰਹਿ ਸਕਣ, ਜੋ ਕਿ ਆਪਣੇ ਆਪ ਵਿੱਚ ਇੱਕ ਵੱਡਾ ਖ਼ਤਰਾ ਹੈ। ਕਿਉਂਕਿ ਕੈਨੇਡਾ ਸਰਕਾਰ ਇਸ ਉਪਰ ਵੀ ਪਾਬੰਦੀਆਂ ਲਗਾ ਚੁਕੀ ਹੈ।

ਅੱਜ ਕੱਲ੍ਹ ਕੈਨੇਡਾ ਵਿੱਚ ਪੰਜਾਬੀ ਨੌਜਵਾਨ ਸਿਰਫ਼ ਵੀਜ਼ਾ ਜਾਂ ਪੀ.ਆਰ. ਦੇ ਸੰਕਟ ਦਾ ਹੀ ਨਹੀਂ, ਸਗੋਂ ਭਿਆਨਕ ਬੇਰੁਜ਼ਗਾਰੀ ਦਾ ਵੀ ਸਾਹਮਣਾ ਕਰ ਰਹੇ ਹਨ। ਜਿਸ ਸੁਪਨਿਆਂ ਦੇ ਦੇਸ਼ ਵਿੱਚ ਉਹ ਡਾਲਰ ਕਮਾਉਣ ਗਏ ਸਨ, ਉੱਥੇ ਹੁਣ ਗੁਜ਼ਾਰਾ ਕਰਨਾ ਵੀ ਮੁਸ਼ਕਿਲ ਹੋ ਰਿਹਾ ਹੈ। ਬ੍ਰੈਂਪਟਨ, ਸਰੀ, ਟੋਰੰਟੋ ਅਤੇ ਐਡਮੰਟਨ ਵਰਗੇ ਸ਼ਹਿਰਾਂ ਵਿੱਚ ਪੰਜਾਬੀਆਂ ਦੀ ਗਿਣਤੀ ਇੰਨੀ ਜ਼ਿਆਦਾ ਹੋ ਗਈ ਹੈ ਕਿ ਉੱਥੇ 'ਸਰਵਾਈਵਲ ਜੌਬਸ' (ਜਿਵੇਂ ਕਿ ਸਟੋਰਾਂ, ਗੈਸ ਸਟੇਸ਼ਨਾਂ ਜਾਂ ਵੇਅਰਹਾਊਸਾਂ ਵਿੱਚ ਕੰਮ) ਲਈ ਵੀ ਮਾਰਾਮਾਰੀ ਹੈ। ਸੋਸ਼ਲ ਮੀਡੀਆ 'ਤੇ ਅਕਸਰ ਅਜਿਹੀਆਂ ਵੀਡੀਓਜ਼ ਵਾਇਰਲ ਹੁੰਦੀਆਂ ਹਨ ਜਿੱਥੇ ਇੱਕ ਟਿਮ ਹੌਰਟਨਸ ਜਾਂ ਵਾਲਮਾਰਟ ਦੀ ਨੌਕਰੀ ਲਈ ਹਜ਼ਾਰਾਂ ਭਾਰਤੀ ਵਿਦਿਆਰਥੀ ਲੰਬੀਆਂ ਲਾਈਨਾਂ ਵਿੱਚ ਖੜ੍ਹੇ ਹੁੰਦੇ ਹਨ।

ਕੈਨੇਡਾ ਵਿੱਚ ਮਹਿੰਗਾਈ ਵਧਣ ਕਾਰਣ ਲੋਕਾਂ ਨੇ ਖਰਚੇ ਘਟਾ ਦਿੱਤੇ ਹਨ। ਜਦੋਂ ਲੋਕ ਖਰਚਾ ਘੱਟ ਕਰਦੇ ਹਨ, ਤਾਂ ਕਾਰੋਬਾਰਾਂ (ਰੀਟੇਲ ਸਟੋਰਾਂ, ਰੈਸਟੋਰੈਂਟਾਂ) ਨੂੰ ਘੱਟ ਸਟਾਫ਼ ਦੀ ਲੋੜ ਹੁੰਦੀ ਹੈ। ਇਸ ਦਾ ਸਭ ਤੋਂ ਪਹਿਲਾ ਅਸਰ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਪੈਂਦਾ ਹੈ, ਜਿਨ੍ਹਾਂ ਨੂੰ ਕੰਮ ਤੋਂ ਕੱਢ ਦਿੱਤਾ ਜਾਂਦਾ ਹੈ।

ਕੈਨੇਡਾ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਕੈਂਪਸ ਤੋਂ ਬਾਹਰ ਕੰਮ ਕਰਨ ਦੇ ਘੰਟਿਆਂ ਨੂੰ ਹਫ਼ਤੇ ਵਿੱਚ 24 ਘੰਟੇ ਤੱਕ ਸੀਮਤ ਕਰ ਦਿੱਤਾ ਹੈ। ਜਿੱਥੇ ਕੈਨੇਡਾ ਵਿੱਚ ਕਮਰੇ ਦਾ ਕਿਰਾਇਆ 600-800 ਡਾਲਰ ਹੈ ਅਤੇ ਰਾਸ਼ਨ ਦਾ ਖਰਚਾ ਵੱਖਰਾ, ਉੱਥੇ ਸਿਰਫ਼ 24 ਘੰਟੇ ਕੰਮ ਕਰਕੇ ਵਿਦਿਆਰਥੀ ਆਪਣੀ ਫ਼ੀਸ ਤਾਂ ਕੀ, ਆਪਣਾ ਖਰਚਾ ਵੀ ਪੂਰਾ ਨਹੀਂ ਕਰ ਪਾ ਰਹੇ।

ਬੇਰੁਜ਼ਗਾਰੀ ਅਤੇ ਵਰਕ ਪਰਮਿਟ ਖ਼ਤਮ ਹੋਣ ਦੇ ਡਰ ਕਾਰਨ ਕਈ ਪੰਜਾਬੀ ਨੌਜਵਾਨ ਹੁਣ ਸ਼ਰਨਾਰਥੀ ਵਜੋਂ ਅਪਲਾਈ ਕਰ ਰਹੇ ਹਨ। ਇਹ ਰਸਤਾ ਨਾ ਸਿਰਫ਼ ਕਾਨੂੰਨੀ ਤੌਰ 'ਤੇ ਉਲਝਿਆ ਹੋਇਆ ਹੈ, ਸਗੋਂ ਇਹ ਨੌਜਵਾਨਾਂ ਵਿੱਚ ਮਾਨਸਿਕ ਤਣਾਅ ਅਤੇ ਡਿਪਰੈਸ਼ਨ ਦਾ ਕਾਰਨ ਵੀ ਬਣ ਰਿਹਾ ਹੈ। ਉਹ ਆਪਣੇ ਪਰਿਵਾਰਾਂ ਨੂੰ ਆਪਣੀ ਅਸਲ ਹਾਲਤ ਦੱਸਣ ਤੋਂ ਕਤਰਾਉਂਦੇ ਹਨ। ਬਹੁਤ ਸਾਰੇ ਪੰਜਾਬੀ ਨੌਜਵਾਨ ਅਜਿਹੇ ਕੋਰਸ ਕਰਕੇ ਕੈਨੇਡਾ ਜਾਂਦੇ ਹਨ ਜਿਨ੍ਹਾਂ ਦੀ ਉੱਥੇ ਮੰਗ ਨਹੀਂ ਹੈ। ਬਿਨਾਂ ਕਿਸੇ ਤਕਨੀਕੀ ਹੁਨਰ (ਜਿਵੇਂ ਕਿ ਪਲੰਬਿੰਗ, ਇਲੈਕਟ੍ਰੀਸ਼ੀਅਨ, ਆਈ.ਟੀ. ਜਾਂ ਹੈਲਥਕੇਅਰ) ਦੇ, ਉਹ ਸਿਰਫ਼ ਲੇਬਰ ਦੇ ਕੰਮ 'ਤੇ ਨਿਰਭਰ ਰਹਿੰਦੇ ਹਨ, ਜਿੱਥੇ ਮੁਕਾਬਲਾ ਬਹੁਤ ਸਖ਼ਤ ਹੈ।

ਕੈਨੇਡਾ ਵਿੱਚ ਰਿਹਾਇਸ਼ ਦੀ ਕਮੀ ਕਾਰਨ ਉੱਥੋਂ ਦੇ ਸਥਾਨਕ ਲੋਕ ਹੁਣ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨਫ਼ਰਤ ਦੀ ਨਿਗਾਹ ਨਾਲ ਦੇਖਣ ਲੱਗੇ ਹਨ। ਇਸ 'ਨਸਲੀ ਵਿਤਕਰੇ' ਕਾਰਣ ਵੀ ਕਈ ਵਾਰ ਪੰਜਾਬੀਆਂ ਨੂੰ ਨੌਕਰੀਆਂ ਮਿਲਣ ਵਿੱਚ ਦਿੱਕਤ ਆ ਰਹੀ ਹੈ।

ਇਹ ਕਹਿਣਾ ਬਿਲਕੁਲ ਸਹੀ ਹੈ ਕਿ ਕੈਨੇਡਾ ਵਿੱਚ ਬੇਰੁਜ਼ਗਾਰੀ ਦਾ ਸੰਕਟ ਗੰਭੀਰ ਹੈ। ਪੰਜਾਬ ਵਿੱਚੋਂ ਜੋ ਤਸਵੀਰ ਰੰਗੀਨ ਦਿਖਾਈ ਦਿੰਦੀ ਹੈ, ਕੈਨੇਡਾ ਦੀਆਂ ਸੜਕਾਂ 'ਤੇ ਉਹ ਬਹੁਤ ਫ਼ਿੱਕੀ ਹੈ। ਹੁਣ ਪੰਜਾਬੀ ਨੌਜਵਾਨਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਸਿਰਫ਼ ਕੈਨੇਡਾ ਪਹੁੰਚਣਾ ਹੀ ਕਾਮਯਾਬੀ ਨਹੀਂ ਹੈ, ਸਗੋਂ ਉੱਥੇ ਦੇ ਹਾਲਾਤਾਂ ਮੁਤਾਬਕ ਆਪਣੇ ਆਪ ਨੂੰ ਤਿਆਰ ਕਰਨਾ ਅਤੇ 'ਬੈਕਅੱਪ ਪਲਾਨ' ਰੱਖਣਾ ਬਹੁਤ ਜ਼ਰੂਰੀ ਹੈ।

### ਪੰਜਾਬ ਸਰਕਾਰ ਦੇ ਦਾਅਵੇ ਬਨਾਮ ਜ਼ਮੀਨੀ ਹਕੀਕਤ

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਆਪਣੇ ਚਾਰ ਸਾਲਾਂ ਦੇ ਰਿਪੋਰਟ ਕਾਰਡ (2022-2026) ਵਿੱਚ ਰੁਜ਼ਗਾਰ ਨੂੰ ਆਪਣੀ ਸਭ ਤੋਂ ਵੱਡੀ ਪ੍ਰਾਪਤੀ ਦੱਸਿਆ ਹੈ। ਸਰਕਾਰ ਦਾ ਦਾਅਵਾ ਹੈ ਕਿ ਪਿਛਲੇ ਚਾਰ ਸਾਲਾਂ ਵਿੱਚ 65,264 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਇਹ ਪੰਜਾਬ ਦੇ ਇਤਿਹਾਸ ਵਿੱਚ ਕਿਸੇ ਵੀ ਸਰਕਾਰ ਵੱਲੋਂ ਦਿੱਤੀਆਂ ਗਈਆਂ ਸਭ ਤੋਂ ਵੱਧ ਨੌਕਰੀਆਂ ਹੋਣ ਦਾ ਦਾਅਵਾ ਹੈ। ਮੁੱਖ ਮੰਤਰੀ ਅਨੁਸਾਰ, ਇਹ ਨੌਕਰੀਆਂ ਬਿਨਾਂ ਕਿਸੇ ਰਿਸ਼ਵਤ ਜਾਂ ਸਿਫ਼ਾਰਸ਼ ਦੇ, ਸਿਰਫ਼ ਮੈਰਿਟ ਦੇ ਆਧਾਰ 'ਤੇ ਦਿੱਤੀਆਂ ਗਈਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਗਰੀਬ ਪਰਿਵਾਰਾਂ ਦੇ ਬੱਚੇ ਵੀ ਪੁਲਿਸ, ਸਿੱਖਿਆ ਅਤੇ ਬਿਜਲੀ ਵਿਭਾਗਾਂ ਵਿੱਚ ਅਫ਼ਸਰ ਬਣ ਰਹੇ ਹਨ। ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ 48,000 ਅਧਿਆਪਕਾਂ ਦਾ ਵੱਖਰਾ ਕੈਡਰ ਬਣਾਉਣ ਵਰਗੇ ਕਦਮਾਂ ਨੂੰ 'ਸਿੱਖਿਆ ਕ੍ਰਾਂਤੀ' ਦਾ ਹਿੱਸਾ ਦੱਸਿਆ ਜਾ ਰਿਹਾ ਹੈ।

ਦੂਜੇ ਪਾਸੇ, ਤਾਜ਼ਾ ਰਿਪੋਰਟਾਂ ਅਤੇ ਸਰਵੇਖਣ (ਜਿਵੇਂ ਕਿ ਪੀਰੀਅਡਿਕ ਲੇਬਰ ਫ਼ੋਰਸ ਸਰਵੇ) ਕੁਝ ਵੱਖਰੇ ਸੰਕੇਤ ਦੇ ਰਹੇ ਹਨ। ਅਕਤੂਬਰ-ਦਸੰਬਰ 2025 ਦੇ ਅੰਕੜਿਆਂ ਅਨੁਸਾਰ, ਪੰਜਾਬ ਵਿੱਚ 15-29 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਵਧੀ ਹੈ। ਪੇਂਡੂ ਪੰਜਾਬ ਵਿੱਚ ਨੌਜਵਾਨਾਂ ਦੀ ਬੇਰੁਜ਼ਗਾਰੀ ਦਰ 22.5% ਤੱਕ ਪਹੁੰਚ ਗਈ ਹੈ, ਜੋ ਕਿ ਗੁਆਂਢੀ ਰਾਜਾਂ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਨਾਲੋਂ ਕਾਫ਼ੀ ਜ਼ਿਆਦਾ ਹੈ। ਸਾਲ 2025-26 ਦੌਰਾਨ ਪੰਜਾਬ ਦੇ ਸੂਖਮ, ਲਘੂ ਅਤੇ ਦਰਮਿਆਨੇ ਉਦਯੋਗਾਂ ਵਿੱਚ ਰੁਜ਼ਗਾਰ ਵਿੱਚ ਵੱਡੀ ਗਿਰਾਵਟ ਦੇਖੀ ਗਈ ਹੈ। ਖਾਸ ਕਰਕੇ ਔਰਤਾਂ ਦੇ ਰੁਜ਼ਗਾਰ ਵਿੱਚ 50% ਤੋਂ ਵੱਧ ਦੀ ਕਮੀ ਦਰਜ ਕੀਤੀ ਗਈ ਹੈ।

ਸਨਅਤਕਾਰਾਂ ਦਾ ਕਹਿਣਾ ਹੈ ਕਿ ਅਪਰਾਧਿਕ ਘਟਨਾਵਾਂ (ਜਿਵੇਂ ਕਿ ਲੁੱਟ-ਖੋਹ) ਅਤੇ ਅਸੁਰੱਖਿਆ ਦੇ ਮਾਹੌਲ ਕਾਰਨ ਨਵੇਂ ਨਿਵੇਸ਼ਕ ਪੰਜਾਬ ਆਉਣ ਤੋਂ ਕਤਰਾ ਰਹੇ ਹਨ, ਜਿਸ ਨਾਲ ਨਿੱਜੀ ਖੇਤਰ ਵਿੱਚ ਨੌਕਰੀਆਂ ਦੇ ਮੌਕੇ ਸੁੰਗੜ ਰਹੇ ਹਨ।

ਸਵਾਲ ਇਹ ਹੈ ਕਿ ਜੇਕਰ ਨੌਕਰੀਆਂ ਮਿਲ ਰਹੀਆਂ ਹਨ, ਤਾਂ ਨੌਜਵਾਨ ਵਿਦੇਸ਼ ਕਿਉਂ ਭੱਜ ਰਹੇ ਹਨ ? ਇਸ ਦੇ ਕੁਝ ਮੁੱਖ ਕਾਰਨ ਹਨ। 65,000 ਨੌਕਰੀਆਂ ਪੰਜਾਬ ਦੀ ਲੱਖਾਂ ਦੀ ਬੇਰੁਜ਼ਗਾਰ ਫ਼ੌਜ ਲਈ ਬਹੁਤ ਘੱਟ ਹਨ। ਸਰਕਾਰੀ ਨੌਕਰੀ ਹਰ ਕਿਸੇ ਨੂੰ ਨਹੀਂ ਮਿਲ ਸਕਦੀ ਅਤੇ ਪ੍ਰਾਈਵੇਟ ਸੈਕਟਰ ਵਿੱਚ ਤਨਖਾਹਾਂ ਇੰਨੀਆਂ ਘੱਟ ਹਨ ਕਿ ਨੌਜਵਾਨਾਂ ਨੂੰ ਆਪਣਾ ਗੁਜ਼ਾਰਾ ਮੁਸ਼ਕਿਲ ਲੱਗਦਾ ਹੈ। ਕਈ ਭਰਤੀ ਪ੍ਰੀਖਿਆਵਾਂ ਨਕਲ ਜਾਂ ਕਾਨੂੰਨੀ ਅੜਚਨਾਂ ਕਾਰਨ ਲਟਕ ਜਾਂਦੀਆਂ ਹਨ, ਜਿਸ ਨਾਲ ਨੌਜਵਾਨਾਂ ਦਾ ਸਿਸਟਮ ਤੋਂ ਭਰੋਸਾ ਉੱਠ ਰਿਹਾ ਹੈ। ਹਰ ਸਾਲ ਲਗਭਗ 1.25 ਲੱਖ ਨੌਜਵਾਨ ਪੰਜਾਬ ਛੱਡ ਕੇ ਜਾ ਰਹੇ ਹਨ। ਉਨ੍ਹਾਂ ਲਈ ਵਿਦੇਸ਼ ਜਾਣਾ ਸਿਰਫ਼ ਰੁਜ਼ਗਾਰ ਨਹੀਂ, ਸਗੋਂ ਬਿਹਤਰ ਜੀਵਨ ਪੱਧਰ ਅਤੇ ਸੁਰੱਖਿਅਤ ਭਵਿੱਖ ਦੀ ਭਾਲ ਹੈ। ਇਹ ਕਹਿਣਾ ਗਲਤ ਹੋਵੇਗਾ ਕਿ ਰੁਜ਼ਗਾਰ ਬਿਲਕੁਲ ਨਹੀਂ ਮਿਲ ਰਿਹਾ, ਕਿਉਂਕਿ ਹਜ਼ਾਰਾਂ ਪਰਿਵਾਰਾਂ ਨੂੰ ਸਰਕਾਰੀ ਨੌਕਰੀਆਂ ਨਾਲ ਰਾਹਤ ਮਿਲੀ ਹੈ। ਪਰ ਇਹ ਕਹਿਣਾ ਵੀ ਗਲਤ ਹੈ ਕਿ ਪੰਜਾਬ ਵਿੱਚ ਰੁਜ਼ਗਾਰ ਦੀ ਸਮੱਸਿਆ ਹੱਲ ਹੋ ਗਈ ਹੈ। ਸੱਚਾਈ ਇਹ ਹੈ ਕਿ ਸਰਕਾਰੀ ਨੌਕਰੀਆਂ ਦੇ ਦਾਅਵੇ 'ਹਕੀਕਤ' ਹਨ, ਪਰ ਇਹ ਹਕੀਕਤ ਸਿਰਫ਼ ਇੱਕ ਛੋਟੇ ਹਿੱਸੇ ਤੱਕ ਸੀਮਤ ਹੈ। ਬਹੁਗਿਣਤੀ ਨੌਜਵਾਨ ਅਜੇ ਵੀ ਖੇਤੀਬਾੜੀ ਅਤੇ ਉਦਯੋਗਿਕ ਖੇਤਰ ਵਿੱਚ ਮੰਦਹਾਲੀ ਕਾਰਨ 'ਹਵਾਈ ਕਿਲ੍ਹਿਆਂ' ਦੀ ਬਜਾਏ ਵਿਦੇਸ਼ਾਂ ਦੀਆਂ ਸੜਕਾਂ 'ਤੇ ਆਪਣਾ ਭਵਿੱਖ ਲੱਭ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਹੈ ਕਿ ਪੰਜਾਬ ਵਿੱਚ 'ਸਿੱਖਿਆ ਕ੍ਰਾਂਤੀ' ਆ ਰਹੀ ਹੈ ਅਤੇ ਸਰਕਾਰ ਨੇ 65,000 ਤੋਂ ਵੱਧ ਨੌਕਰੀਆਂ ਦਿੱਤੀਆਂ ਹਨ। ਪਰ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਆਗੂਆਂ ਦਾ ਕਹਿਣਾ ਹੈ ਕਿ ਇਹ ਨੌਕਰੀਆਂ ਸਿਰਫ਼ ਊਠ ਦੇ ਮੂੰਹ ਵਿੱਚ ਜੀਰੇ ਦੇ ਬਰਾਬਰ ਹਨ। ਪੜ੍ਹੇ-ਲਿਖੇ ਨੌਜਵਾਨਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਡਿਗਰੀ ਦੀ ਇੱਥੇ ਕੋਈ ਕਦਰ ਨਹੀਂ ਹੈ।

ਪੰਜਾਬ ਦਾ 'ਕੈਨੇਡੀਅਨ ਸੁਪਨਾ' ਹੁਣ ਇੱਕ ਮਹਿੰਗਾ ਅਤੇ ਖ਼ਤਰਨਾਕ ਜੂਆ ਬਣ ਗਿਆ ਹੈ। ਜਿੱਥੇ ਅਮੀਰ ਪਰਿਵਾਰ ਅਜੇ ਵੀ ਪੈਸੇ ਦੇ ਜ਼ੋਰ 'ਤੇ ਰਾਹ ਲੱਭ ਰਹੇ ਹਨ, ਉੱਥੇ ਹੀ ਆਮ ਪੰਜਾਬੀ ਨੌਜਵਾਨ ਹੁਣ ਦੁਬਈ ਜਾਂ ਯੂਰਪ ਵਿੱਚ ਆਪਣੀ ਕਿਸਮਤ ਅਜ਼ਮਾਉਣ ਲਈ ਮਜਬੂਰ ਹੈ। ਕੈਨੇਡਾ ਦੇ ਬਦਲਦੇ ਤੇਵਰ ਪੰਜਾਬ ਲਈ ਇੱਕ ਚਿਤਾਵਨੀ ਹਨ। ਜੇਕਰ ਅਸੀਂ ਆਪਣੇ ਨੌਜਵਾਨਾਂ ਨੂੰ ਇੱਥੇ ਹੀ ਸੁਰੱਖਿਅਤ ਭਵਿੱਖ, ਮਿਆਰੀ ਸਿੱਖਿਆ ਅਤੇ ਸਨਮਾਨਜਨਕ ਰੁਜ਼ਗਾਰ ਨਹੀਂ ਦੇ ਸਕੇ, ਤਾਂ ਉਹ ਇਸੇ ਤਰ੍ਹਾਂ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਰਹਿਣਗੇ। ਹੁਣ ਵਕਤ ਹੈ ਕਿ ਸਰਕਾਰਾਂ ਸਿਰਫ਼ ਅੰਕੜਿਆਂ ਦੀ ਖੇਡ ਨਾ ਖੇਡਣ, ਠੰਡੀਆਂ ਹਵਾਵਾਂ ਵਿੱਚ ਖੁਆਰ ਹੋਣ ਦੀ ਬਜਾਏ ਆਪਣੀ ਮਿੱਟੀ ਵਿੱਚ ਰਹਿ ਕੇ ਤਰੱਕੀ ਕਰ ਸਕੇ।

ਦਰਪਣ ਝੂਠ ਨਹੀਂ ਬੋਲਦਾ

# ਇਰਾਨੀ ਸੱਦਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਲਈ ਇਮਤਿਹਾਨ

## ਕੂਟਨੀਤਕ ਚੱਕਰਵਿਊ ਵਿੱਚ ਸਿੱਖੀ ਸਿਧਾਂਤਾਂ ਦੀ ਪਹਿਰੇਦਾਰੀ ਕਿਵੇਂ ਹੋਵੇ ?

ਇਰਾਨ ਸਰਕਾਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਦਿੱਲੀ ਵਿਖੇ ਆਇਤੁੱਲਾ ਅਲੀ ਖ਼ਾਮੇਨੇਈ ਦੀ ਯਾਦ ਵਿੱਚ ਹੋ ਰਹੇ ਸਮਾਗਮ ਲਈ ਦਿੱਤਾ ਗਿਆ ਸੱਦਾ ਮਹਿਜ਼ ਇੱਕ ਰਸਮੀ ਧਾਰਮਿਕ ਸੱਦਾ ਨਹੀਂ ਹੈ। ਇਹ ਪਹਿਲੀ ਵਾਰ ਹੈ ਕਿ ਕਿਸੇ ਇਸਲਾਮੀ ਗਣਰਾਜ ਨੇ ਸਿੱਖ ਜਗਤ ਦੀਆਂ ਸਰਵਉੱਚ ਸੰਸਥਾਵਾਂ ਨੂੰ ਆਪਣੇ ਰੂਹਾਨੀ ਆਗੂ ਦੀ ਯਾਦ ਵਿੱਚ 'ਮਹਿਮਾਨ-ਏ-ਖ਼ਾਸ' ਵਜੋਂ ਅਧਿਕਾਰਤ ਤੌਰ 'ਤੇ ਸੱਦਿਆ ਹੈ। ਪੱਛਮੀ ਏਸ਼ੀਆ ਦੇ ਮੌਜੂਦਾ ਤਣਾਅਪੂਰਨ ਹਾਲਾਤ ਵਿੱਚ ਇਸ ਕਦਮ ਦੇ ਪਿੱਛੇ ਡੂੰਘੇ ਕੂਟਨੀਤਕ ਅਰਥ ਅਤੇ ਸੱਭਿਆਚਾਰਕ ਸੰਕੇਤ ਛਿਪੇ ਹੋਏ ਹਨ।

ਇਰਾਨੀ ਵਫ਼ਦ ਵੱਲੋਂ ਵਰਤਿਆ ਗਿਆ ਨੈਰੇਟਿਵ 'ਸਿੱਖ ਧਰਮ ਅਤੇ ਅਸੀਂ ਦੋਵੇਂ ਸ਼ਹੀਦ ਦੀ ਅਮਰਤਾ ਵਿੱਚ ਵਿਸ਼ਵਾਸ ਰੱਖਦੇ ਹਾਂ' ਇੱਕ ਸੋਚੀ-ਸਮਝੀ ਕੂਟਨੀਤੀ ਦਾ ਹਿੱਸਾ ਹੈ। ਇਰਾਨ ਨੇ ਬਹੁਤ ਸੂਝ-ਬੂਝ ਨਾਲ ਸ਼ੀਆ ਇਸਲਾਮ ਦੀ 'ਕਰਬਲਾ ਦੀ ਸ਼ਹਾਦਤ' ਅਤੇ ਸਿੱਖ ਇਤਿਹਾਸ ਦੀਆਂ ਮਹਾਨ ਸ਼ਹਾਦਤਾਂ ਵਿਚਾਲੇ ਇੱਕ ਸਾਂਝਾ ਧੁਰਾ ਲੱਭਣ ਦੀ ਕੋਸ਼ਿਸ਼ ਕੀਤੀ ਹੈ।

ਹਾਲਾਂਕਿ, ਇੱਥੇ ਇੱਕ ਸਿਧਾਂਤਕ ਅੰਤਰ ਨੂੰ ਸਮਝਣਾ ਜ਼ਰੂਰੀ ਹੈ। ਸਿੱਖ ਧਰਮ ਵਿੱਚ ਸ਼ਹਾਦਤ ਦਾ ਸੰਕਲਪ ਕਿਸੇ ਖਾਸ ਮਜ਼ਹਬ ਜਾਂ ਰਾਜਨੀਤੀ ਤੱਕ ਸੀਮਤ ਨਹੀਂ ਹੈ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਨੁੱਖੀ ਅਧਿਕਾਰਾਂ, ਨਿਆਂ, ਧਰਮ ਦੀ ਆਜ਼ਾਦੀ ਅਤੇ ਸੱਚ ਦੀ ਰਾਖੀ ਲਈ ਸੀ।

ਇਸ ਦੇ ਉਲਟ, ਇਰਾਨੀ ਨੈਰੇਟਿਵ ਵਿੱਚ ਸ਼ਹਾਦਤ ਅਕਸਰ ਕੌਮੀ ਸਿਆਸਤ ਅਤੇ ਮਜ਼ਹਬੀ ਪਛਾਣ ਨਾਲ ਵਧੇਰੇ ਜੁੜੀ ਹੁੰਦੀ ਹੈ। ਸਿੱਖ ਆਗੂਆਂ ਲਈ ਇਹ ਵੱਡੀ ਚੁਣੌਤੀ ਹੋਵੇਗੀ ਕਿ ਉਹ ਇਸ ਮੰਚ ਤੋਂ ਸਿੱਖੀ ਦੇ ਉਸ 'ਸਰਬ-ਸਾਂਝੇ' ਸ਼ਹਾਦਤ ਦੇ ਸੰਕਲਪ ਨੂੰ ਉਜਾਗਰ ਕਰਨ, ਜੋ ਸਾਰੀ ਮਨੁੱਖਤਾ ਦੇ ਨਿਆਂ ਦੀ ਗੱਲ ਕਰਦਾ ਹੈ।



ਇਰਾਨ ਇਸ ਸਮੇਂ ਅਮਰੀਕਾ ਅਤੇ ਇਜ਼ਰਾਇਲ ਨਾਲ ਟਕਰਾਅ ਕਾਰਨ ਕੌਮਾਂਤਰੀ ਪੱਧਰ 'ਤੇ ਅਲੱਗ-ਥਲੱਗ ਮਹਿਸੂਸ ਕਰ ਰਿਹਾ ਹੈ। ਅਜਿਹੇ ਵਿੱਚ ਸਿੱਖ ਕੌਮ, ਜਿਸ ਦਾ ਪ੍ਰਭਾਵ ਪੂਰੀ ਦੁਨੀਆ ਵਿੱਚ ਹੈ, ਨਾਲ ਸਬੰਧ ਮਜ਼ਬੂਤ ਕਰਨਾ ਇਰਾਨ ਲਈ ਆਪਣਾ 'ਸਾਫਟ ਪਾਵਰ' ਵਧਾਉਣ ਦਾ ਇੱਕ ਸਾਧਨ ਹੈ। ਸਿੱਖ ਸੰਸਥਾਵਾਂ ਨੂੰ ਆਪਣੇ ਨਾਲ ਜੋੜ ਕੇ ਇਰਾਨ ਵਿਸ਼ਵ ਨੂੰ ਇਹ ਦਿਖਾਉਣਾ ਚਾਹੁੰਦਾ ਹੈ ਕਿ ਉਸ ਨੂੰ ਵੱਖ-ਵੱਖ ਧਰਮਾਂ ਦੀ ਹਮਦਰਦੀ ਹਾਸਲ ਹੈ।

**ਕੀ ਸਿੱਖ ਆਗੂਆਂ ਨੂੰ ਜਾਣਾ ਚਾਹੀਦਾ ਹੈ ?**

ਇਹ ਸਵਾਲ ਬੇਹੱਦ ਪੇਚੀਦਾ ਹੈ। ਪਰ ਜੇਕਰ ਨਿਰਪੱਖ ਹੋ ਕੇ ਦੇਖਿਆ ਜਾਵੇ, ਤਾਂ ਇਹ ਸੱਦਾ ਸਵੀਕਾਰ ਕਰਨਾ ਸਿੱਖ ਪੰਥ ਲਈ ਇੱਕ ਵੱਡਾ ਮੌਕਾ ਸਾਬਤ ਹੋ ਸਕਦਾ ਹੈ, ਬਸ਼ਰਤੇ ਸਿੱਖ ਆਗੂ ਇਸ ਮੰਚ ਦੀ ਵਰਤੋਂ ਜੰਗਾਂ ਦੇ ਵਿਰੁੱਧ ਅਤੇ ਅਮਨ-ਸ਼ਾਂਤੀ ਦੇ ਸੁਨੇਹੇ ਲਈ ਕਰਨ। ਉਹ ਇਸ ਹਾਜ਼ਰੀ ਨੂੰ ਕਿਸੇ ਰਾਜਨੀਤਿਕ ਧੜੇਬੰਦੀ ਦਾ ਹਿੱਸਾ ਨਾ ਬਣਨ ਦੇਣ। ਜੇਕਰ ਸਿੱਖ ਲੀਡਰਸ਼ਿਪ ਆਪਣੀ ਸਥਿਤੀ ਸਪੱਸ਼ਟ ਰੱਖਦੀ ਹੈ, ਤਾਂ ਪੱਛਮੀ ਦੇਸ਼ਾਂ ਵਿੱਚ ਰਹਿ ਰਹੇ ਸਿੱਖਾਂ 'ਤੇ ਇਸ ਦਾ ਕੋਈ ਨਕਾਰਾਤਮਕ ਅਸਰ ਨਹੀਂ ਪਵੇਗਾ। ਜੰਗ ਵਿੱਚ ਮਾਰੇ ਗਏ ਬੇਗੁਨਾਹ ਲੋਕਾਂ ਪ੍ਰਤੀ ਹਮਦਰਦੀ ਪ੍ਰਗਟ ਕਰਦਿਆਂ, 'ਟੇਬਲ ਟਾਕ' ਅਤੇ ਗੱਲਬਾਤ ਰਾਹੀਂ ਮਸਲੇ ਹੱਲ ਕਰਨ 'ਤੇ ਜ਼ੋਰ ਦਿੱਤਾ ਜਾਵੇ।

ਇਰਾਨ ਵੱਲੋਂ ਦਿੱਤਾ ਗਿਆ ਇਹ ਸੱਦਾ ਸਿੱਖ ਕੌਮ ਦੀ ਵਧ ਰਹੀ ਗਲੋਬਲ ਅਹਿਮੀਅਤ ਦਾ ਪ੍ਰਤੀਕ ਹੈ। ਇਹ ਇੱਕ ਅਜਿਹਾ ਮੌਕਾ ਹੈ ਜਿੱਥੇ ਸਿੱਖ ਲੀਡਰਸ਼ਿਪ ਦੁਨੀਆ ਨੂੰ ਦੱਸ ਸਕਦੀ ਹੈ ਕਿ ਸਿੱਖ ਧਰਮ ਮਨੁੱਖਤਾ ਦੇ ਹਿਤ ਵਿੱਚ ਹੈ, 'ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ' ਦੇ ਸਿਧਾਂਤ 'ਤੇ ਚੱਲਣ ਵਾਲਾ ਮਨੁੱਖਤਾ ਦਾ ਰਾਹ ਦਸੇਰਾ ਹੈ।

ਜੇਕਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਇਸ ਸਮਾਗਮ ਵਿੱਚ ਸ਼ਾਮਲ ਹੁੰਦੇ ਹਨ, ਤਾਂ ਉਨ੍ਹਾਂ ਨੂੰ ਆਪਣੀ 'ਆਤਮਿਕ ਅਤੇ ਨੈਤਿਕ ਰੇਖਾ' ਬਰਕਰਾਰ ਰੱਖਦਿਆਂ ਸਿਰਫ਼ ਹਾਜ਼ਰੀ ਨਹੀਂ ਲਵਾਉਣੀ ਚਾਹੀਦੀ, ਸਗੋਂ ਸਿੱਖੀ ਦੇ ਅਸਲ ਸਿਧਾਂਤ 'ਨਿਆਂ, ਅਮਨ ਅਤੇ ਸਰਬੱਤ ਦਾ ਭਲਾ' ਦੀ ਪ੍ਰਤੀਨਿਧਤਾ ਕਰਨੀ ਚਾਹੀਦੀ ਹੈ। ਇਹੀ ਉਹ ਮਾਰਗ ਹੈ ਜੋ ਸਿੱਖ ਪੰਥ ਦੀ ਇਤਿਹਾਸਕ ਮਹਾਨਤਾ ਅਤੇ ਨਿਰਪੱਖਤਾ ਨੂੰ ਵਿਸ਼ਵ ਪੱਧਰ 'ਤੇ ਹੋਰ ਮਜ਼ਬੂਤ ਕਰੇਗਾ।

# ਚੀਨ ਵੱਲੋਂ ਤਾਇਵਾਨ 'ਤੇ ਕਬਜ਼ੇ ਦੀ ਤਿਆਰੀ ?

## ਦੁਨੀਆ ਮਿਡਲ ਈਸਟ 'ਚ ਉਲਝੀ, ਚੀਨ ਨੇ ਵਿਛਾਇਆ ਸ਼ਤਰੰਜੀ ਜਾਲ !

## ਅਮਰੀਕਾ ਨੂੰ ਝਟਕਾ: ਕੀ ਅਮਰੀਕਾ ਨੇ ਤਾਇਵਾਨ ਨੂੰ ਦਿੱਤਾ ਧੋਖਾ ?

ਜਦੋਂ ਪੂਰੀ ਦੁਨੀਆ ਦਾ ਧਿਆਨ ਮਿਡਲ ਈਸਟ (ਮੱਧ ਪੂਰਬ) ਦੇ ਤਣਾਅ ਅਤੇ ਊਰਜਾ ਸੰਕਟ ਵੱਲ ਹੈ, ਉਦੋਂ ਚੀਨ ਅਤੇ ਤਾਇਵਾਨ ਦੇ ਵਿਚਕਾਰ ਇੱਕ ਵੱਡੀ ਸਿਆਸੀ ਹਲਚਲ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਤਾਇਵਾਨ ਦੀ ਵਿਰੋਧੀ ਧਿਰ ਦੀ ਨੇਤਾ ਚੇਂਗ ਲੀ-ਵੂਨ ਦੀ ਮੁਲਾਕਾਤ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਇਸ ਵੇਲੇ ਤਾਇਵਾਨ ਦੋ ਹਿੱਸਿਆਂ ਵਿੱਚ ਵੰਡਿਆ ਨਜ਼ਰ ਆ ਰਿਹਾ ਹੈ। ਸੱਤਾਧਾਰੀ ਪਾਰਟੀ ਸੁਰੱਖਿਆ ਲਈ ਪੂਰੀ ਤਰ੍ਹਾਂ ਅਮਰੀਕਾ 'ਤੇ ਭਰੋਸਾ ਕਰ ਰਹੀ ਹੈ। ਵਿਰੋਧੀ ਧਿਰ ਨੂੰ ਡਰ ਹੈ ਕਿ ਅਮਰੀਕਾ ਖੁਦ ਕਈ ਜੰਗਾਂ ਵਿੱਚ ਉਲਝਿਆ ਹੋਇਆ ਹੈ, ਅਜਿਹੇ ਵਿੱਚ ਤਾਇਵਾਨ ਇਕੱਲਾ ਪੈ ਸਕਦਾ ਹੈ। ਇਸੇ ਲਈ ਵਿਰੋਧੀ ਨੇਤਾ ਸ਼ਾਂਤੀ ਅਤੇ ਸੰਵਾਦ ਦੇ ਬਹਾਨੇ ਬੀਜਿੰਗ ਪਹੁੰਚੇ ਹਨ। ਤਾਇਵਾਨ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਅਮਰੀਕਾ ਲੰਬੇ ਸਮੇਂ ਤੱਕ ਇਜ਼ਰਾਇਲ-ਇਰਾਨ ਸੰਘਰਸ਼ ਵਿੱਚ ਫਸਿਆ ਰਿਹਾ, ਤਾਂ ਚੀਨ ਇਸ ਮੌਕੇ ਦਾ ਫਾਇਦਾ ਚੁੱਕ ਕੇ ਤਾਇਵਾਨ 'ਤੇ ਦਬਾਅ ਵਧਾਏਗਾ। ਸਭ ਤੋਂ ਵੱਡੀ ਚਿੰਤਾ ਹਥਿਆਰਾਂ ਦੀ ਸਪਲਾਈ ਨੂੰ ਲੈ ਕੇ ਹੈ। ਤਾਇਵਾਨ ਨੇ ਅਮਰੀਕਾ ਨੂੰ ਅਰਬਾਂ ਡਾਲਰ ਦਿੱਤੇ ਹੋਏ ਹਨ, ਪਰ ਹਥਿਆਰਾਂ ਦੀ ਡਿਲਿਵਰੀ ਵਿੱਚ ਲਗਾਤਾਰ ਦੇਰੀ ਹੋ ਰਹੀ ਹੈ।

ਸ਼ੀ ਜਿਨਪਿੰਗ ਨੇ ਸਾਫ਼ ਕਰ ਦਿੱਤਾ ਹੈ ਕਿ ਤਾਇਵਾਨ ਦਾ ਚੀਨ ਨਾਲ ਮਿਲਣਾ ਇਤਿਹਾਸਿਕ ਤੌਰ 'ਤੇ ਤੈਅ ਹੈ। ਚੀਨ ਹੁਣ ਸਿੱਧੇ ਹਮਲੇ ਦੀ ਬਜਾਏ 'ਗ੍ਰੇ ਜ਼ੋਨ ਵਾਰਫੇਅਰ' ਰਾਹੀਂ ਤਾਇਵਾਨ ਨੂੰ ਥਕਾ ਰਿਹਾ ਹੈ। ਰੋਜ਼ਾਨਾ ਫਾਈਟਰ ਜੈੱਟਾਂ ਦੀ ਘੁਸਪੈਠ ਨਾਲ ਮਾਨਸਿਕ ਦਬਾਅ ਬਣਾ ਰਿਹਾ ਹੈ। ਤਾਇਵਾਨ ਦੀ ਵਿਰੋਧੀ ਧਿਰ ਨੂੰ ਅਹਿਮੀਅਤ ਦੇ ਕੇ ਉੱਥੋਂ ਦੀ ਜਨਤਾ ਨੂੰ ਵੰਡ ਰਿਹਾ ਹੈ ਤਾਂ ਜੋ ਸੱਤਾਧਾਰੀ ਦਾ ਤਖ਼ਤਾ ਪਲਟਾਇਆ ਜਾ ਸਕੇ। ਚੀਨ ਵੱਲੋਂ ਤਾਇਵਾਨ ਦੇ ਲੋਕਾਂ ਨੂੰ ਇਹ ਸੁਨੇਹਾ ਦੇਣਾ ਕਿ 'ਜੇ ਤੁਸੀਂ ਵਿਰੋਧੀ ਧਿਰ ਨੂੰ ਚੁਣਦੇ ਹੋ, ਤਾਂ ਜੰਗ ਨਹੀਂ ਹੋਵੇਗੀ, ਵਪਾਰ ਤੇ ਵਿਕਾਸ ਹੋਵੇਗਾ।'



ਕਈ ਜਾਣਕਾਰ ਇਸ ਨੂੰ ਚੀਨ ਦੀ 'ਸਾਫਟ ਪਾਵਰ' ਚਾਲ ਮੰਨ ਰਹੇ ਹਨ। ਚੀਨ ਤਾਇਵਾਨ ਦੀ ਸੱਤਾਧਾਰੀ ਪਾਰਟੀ ਨੂੰ 'ਅਲਗਵਾਦੀ' ਕਹਿ ਕੇ ਅਲੱਗ-ਥਲੱਗ ਕਰ ਰਿਹਾ ਹੈ। ਚੀਨ ਦੀ ਕੋਸ਼ਿਸ਼ ਹੈ ਕਿ ਅਗਲੀਆਂ ਚੋਣਾਂ ਵਿੱਚ ਤਾਇਵਾਨ ਵਿੱਚ ਅਜਿਹੀ ਸਰਕਾਰ ਆਵੇ ਜੋ ਬੀਜਿੰਗ ਦੇ ਇਸ਼ਾਰਿਆਂ 'ਤੇ ਚੱਲੇ।

ਸਿਆਸੀ ਮਾਹਿਰ ਆਖਦੇ ਹਨ ਕਿ ਤਾਇਵਾਨ ਦੇ ਆਮ ਲੋਕ ਇਸ ਖਿੱਚੋਤਾਣ ਵਿੱਚ ਪਿਸ ਰਹੇ ਹਨ। ਜਿੱਥੇ ਨੌਜਵਾਨਾਂ ਨੂੰ ਆਪਣੀ ਆਜ਼ਾਦੀ ਖੋਹੇ ਜਾਣ ਦਾ ਡਰ ਹੈ, ਉੱਥੇ ਹੀ ਬਜ਼ੁਰਗ ਜੰਗ ਦੀ ਤਬਾਹੀ ਤੋਂ ਖੌਫ਼ਜ਼ਦਾ ਹਨ। ਰਿਪੋਰਟਾਂ ਮੁਤਾਬਕ ਜ਼ਿਆਦਾਤਰ ਲੋਕ 'ਸਟੇਟਸ ਕੋ' (ਮੌਜੂਦਾ ਸਥਿਤੀ) ਬਣਾਈ ਰੱਖਣਾ ਚਾਹੁੰਦੇ ਹਨ—ਉਹ ਨਾ ਤਾਂ ਚੀਨ ਦਾ ਹਿੱਸਾ ਬਣਨਾ ਚਾਹੁੰਦੇ ਹਨ ਅਤੇ ਨਾ ਹੀ ਜੰਗ ਚਾਹੁੰਦੇ ਹਨ। ਸਿਆਸੀ ਮਾਹਿਰ ਇਹ ਵੀ ਆਖਦੇ ਹਨ ਕਿ ਅਮਰੀਕਾ ਦਾ 'ਤਾਇਵਾਨ ਰਿਲੇਸ਼ਨਜ਼ ਐਕਟ' ਉਸ ਨੂੰ ਤਾਇਵਾਨ ਦੀ ਰੱਖਿਆ ਲਈ ਹਥਿਆਰ ਦੇਣ ਲਈ ਪਾਬੰਦ ਕਰਦਾ ਹੈ। ਜੇਕਰ ਚੀਨ ਹਮਲਾ ਕਰਦਾ ਹੈ, ਤਾਂ ਅਮਰੀਕੀ ਰਾਸ਼ਟਰਪਤੀ 'ਤੇ ਫ਼ੌਜੀ ਦਖਲ ਦੇਣ ਦਾ ਭਾਰੀ ਦਬਾਅ ਹੋਵੇਗਾ। ਜੇਕਰ ਅਮਰੀਕਾ ਪਿੱਛੇ ਹਟਦਾ ਹੈ, ਤਾਂ ਦੁਨੀਆ ਭਰ ਵਿੱਚ ਉਸ ਦੀ ਸੁਪਰਪਾਵਰ ਵਾਲੀ ਸਾਖ ਖਤਮ ਹੋ ਜਾਵੇਗੀ।

ਦੁਨੀਆ ਦੀਆਂ 90% ਤੋਂ ਵੱਧ ਐਡਵਾਂਸਡ ਚਿੱਪਾਂ ਤਾਇਵਾਨ ਵਿੱਚ ਬਣਦੀਆਂ ਹਨ। ਜੇਕਰ ਚੀਨ ਦਾ ਤਾਇਵਾਨ 'ਤੇ ਕਬਜ਼ਾ ਹੁੰਦਾ ਹੈ, ਤਾਂ ਉਹ ਪੂਰੀ ਦੁਨੀਆ ਦੀ ਤਕਨਾਲੋਜੀ ਅਤੇ ਆਰਥਿਕਤਾ ਦੀ 'ਲਗਾਮ' ਆਪਣੇ ਹੱਥ ਵਿੱਚ ਲੈ ਲਵੇਗਾ। ਅਮਰੀਕਾ ਇਸ ਨੂੰ ਰੋਕਣ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। (ਬਾਕੀ ਸਫ਼ਾ 26 'ਤੇ)

# ਅਮਰੀਕਾ-ਇਰਾਨ ਜੰਗ ਕਾਰਣ 2008 ਵਰਗੀ ਮੰਦੀ ਦੀ ਦਸਤਕ !

## ਜੰਗ ਦੀ ਅੱਗ ਕਾਰਣ ਤੁਹਾਡੀ ਬੱਚਤ ਤੇ ਦੇਸ਼ਾਂ ਦੀ ਆਰਥਿਕਤਾ ਹੋਵੇਗੀ ਤਬਾਹ ? ਬੈਂਕ ਆਫ ਇੰਗਲੈਂਡ ਦੇ ਗਵਰਨਰ ਦੀ ਭਵਿੱਖਬਾਣੀ

ਪੱਛਮੀ ਦੇਸ਼ਾਂ ਅਤੇ ਈਰਾਨ ਵਿਚਾਲੇ ਵਧਦੇ ਤਣਾਅ ਨੇ ਵਿਸ਼ਵ ਅਰਥਵਿਵਸਥਾ ਲਈ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ। ਆਰਥਿਕ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਹ ਜੰਗ ਲੰਬੀ ਖਿੱਚੀ ਗਈ, ਤਾਂ ਦੁਨੀਆ ਨੂੰ ਸਾਲ 2008 ਵਰਗੀ ਭਿਆਨਕ ਆਰਥਿਕ ਮੰਦੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਨਾਲ ਕਰੋੜਾਂ ਲੋਕਾਂ ਦੀਆਂ ਨੌਕਰੀਆਂ ਜਾ ਸਕਦੀਆਂ ਹਨ।

ਯੂਰਪੀ ਸੰਸਦ ਵਿੱਚ ਬੋਲਦਿਆਂ ਬੈਂਕ ਆਫ ਇੰਗਲੈਂਡ ਦੇ ਗਵਰਨਰ ਐਂਡਰਿਊ ਬੇਲੀ ਨੇ ਕਿਹਾ ਕਿ ਇਸ ਜੰਗ ਕਾਰਣ 3 ਟ੍ਰਿਲੀਅਨ ਡਾਲਰ ਦਾ 'ਪ੍ਰਾਈਵੇਟ ਕ੍ਰੈਡਿਟ ਮਾਰਕੀਟ' ਖ਼ਤਰੇ ਵਿੱਚ ਹੈ। ਉਨ੍ਹਾਂ ਮੁਤਾਬਕ, ਇਹ ਸੰਕਟ ਇੰਨਾ ਵੱਡਾ ਹੋ ਸਕਦਾ ਹੈ ਕਿ ਇਹ ਆਮ ਆਦਮੀ ਦੀ ਰੋਜ਼ੀ-ਰੋਟੀ 'ਤੇ ਸਿੱਧਾ ਵਾਰ ਕਰੇਗਾ।

ਪ੍ਰਾਈਵੇਟ ਕ੍ਰੈਡਿਟ ਮਾਰਕੀਟ ਉਹ ਬਾਜ਼ਾਰ ਹੈ ਜਿੱਥੇ ਬੈਂਕਾਂ ਦੀ ਬਜਾਏ ਹੇਜ ਫੰਡ ਅਤੇ ਪ੍ਰਾਈਵੇਟ ਇਕੁਇਟੀ ਫਰਮਾਂ ਕੰਪਨੀਆਂ ਨੂੰ ਕਰਜ਼ਾ ਦਿੰਦੀਆਂ ਹਨ। ਇਸ ਖੇਤਰ ਵਿੱਚ ਨਿਯਮ ਸਖ਼ਤ ਨਹੀਂ ਹਨ, ਜਿਸ ਕਾਰਨ ਇਹ ਪਤਾ ਲਗਾਉਣਾ ਮੁਸ਼ਕਲ ਹੁੰਦਾ ਹੈ ਕਿ ਕਿਸ ਨੇ ਕਿੰਨਾ ਜੋਖਮ ਲਿਆ ਹੈ। ਅਕਸਰ ਉਹ ਕੰਪਨੀਆਂ ਇੱਥੋਂ ਕਰਜ਼ਾ ਲੈਂਦੀਆਂ ਹਨ ਜਿਨ੍ਹਾਂ ਨੂੰ ਬੈਂਕਾਂ ਨੇ ਮਨ੍ਹਾ ਕਰ ਦਿੱਤਾ ਹੁੰਦਾ ਹੈ। ਹੁਣ



ਨਿਵੇਸ਼ਕਾਂ ਦਾ ਭਰੋਸਾ ਟੁੱਟਣ ਕਾਰਨ ਇਸ ਸਾਲ ਦੀ ਪਹਿਲੀ ਤਿਮਾਹੀ ਵਿੱਚ 20 ਅਰਬ ਡਾਲਰ ਤੋਂ ਵੱਧ ਦੀ ਰਕਮ ਬਾਜ਼ਾਰ ਵਿੱਚੋਂ ਕੱਢੀ ਜਾ ਚੁੱਕੀ ਹੈ। ਨਿਵੇਸ਼ਕਾਂ ਨੂੰ ਡਰ ਹੈ ਕਿ ਅਮਰੀਕਾ-ਇਰਾਨ ਜੰਗ ਕਾਰਨ ਵਿਆਜ ਦਰਾਂ ਵਧਣਗੀਆਂ ਅਤੇ ਇਹ ਕਮਜ਼ੋਰ ਕੰਪਨੀਆਂ ਫੇਲ੍ਹ ਹੋ ਜਾਣਗੀਆਂ। ਜਦੋਂ ਬਹੁਤ ਸਾਰੇ ਲੋਕ ਇੱਕੋ ਵਾਰ ਪੈਸਾ ਕੱਢਦੇ ਹਨ, ਤਾਂ ਇਹ ਬਾਜ਼ਾਰ ਤਾਸ਼ ਦੇ ਪੱਤਿਆਂ ਵਾਂਗ ਖਿੱਲਰ ਸਕਦਾ ਹੈ।

ਕਈ ਬੈਂਕਾਂ ਨੇ ਇਨ੍ਹਾਂ ਪ੍ਰਾਈਵੇਟ ਫੰਡਾਂ ਵਿੱਚ ਨਿਵੇਸ਼ ਕੀਤਾ ਹੁੰਦਾ ਹੈ ਜਾਂ ਉਨ੍ਹਾਂ ਨੂੰ ਲੋਨ ਦਿੱਤਾ ਹੁੰਦਾ ਹੈ। ਜੇ ਪ੍ਰਾਈਵੇਟ ਮਾਰਕੀਟ ਡੁੱਬਦੀ ਹੈ, ਤਾਂ ਬੈਂਕਾਂ ਦੇ ਪੈਸੇ ਵੀ ਫਸ ਸਕਦੇ ਹਨ। ਇਹ ਬਿਲਕੁਲ 2008 ਵਾਂਗ ਹੈ, ਜਿੱਥੇ ਇੱਕ ਸੈਕਟਰ ਦੀ ਗਿਰਾਵਟ ਨੇ ਪੂਰੇ ਬੈਂਕਿੰਗ ਸਿਸਟਮ ਨੂੰ ਹਿਲਾ ਦਿੱਤਾ ਸੀ।

ਇਹ ਇੱਕ ਅਜਿਹਾ 'ਗੁਪਤ' ਕਰਜ਼ਾ ਜਾਲ ਹੈ ਜੋ ਉਦੋਂ ਤੱਕ ਸਹੀ ਲੱਗਦਾ ਹੈ ਜਦੋਂ ਤੱਕ ਹਾਲਾਤ ਠੀਕ ਹਨ। ਪਰ ਜੰਗ ਵਰਗੇ ਹਾਲਾਤ ਇਸ ਵਿੱਚ ਧਮਾਕਾ ਕਰ ਸਕਦੇ ਹਨ, ਜਿਸ ਦਾ ਅਸਰ 2008 ਵਾਂਗ ਪੂਰੀ ਦੁਨੀਆ ਦੀਆਂ ਨੌਕਰੀਆਂ ਅਤੇ ਬੈਂਕਾਂ 'ਤੇ ਪਵੇਗਾ।

ਇਰਾਨ ਨਾਲ ਜੰਗ ਕਾਰਨ ਸਿਰਫ਼ ਤੇਲ ਦੀਆਂ ਕੀਮਤਾਂ ਹੀ ਨਹੀਂ ਵਧਣਗੀਆਂ, ਸਗੋਂ ਪੂਰਾ ਆਰਥਿਕ ਚੱਕਰ ਪ੍ਰਭਾਵਿਤ ਹੋਵੇਗਾ। ਜੰਗ ਕਾਰਨ ਦੁਨੀਆ ਦੀ 20-25% ਸਪਲਾਈ ਪ੍ਰਭਾਵਿਤ ਹੋ ਸਕਦੀ ਹੈ। ਤੇਲ ਮਹਿੰਗਾ ਹੋਣ ਨਾਲ ਚੀਜ਼ਾਂ ਦੀਆਂ ਕੀਮਤਾਂ ਵਧਣਗੀਆਂ।

(ਬਾਕੀ ਸਫ਼ਾ 26 'ਤੇ)

# ਮੇਰਾ ਟੀਚਾ ਬਾਲੀਵੁੱਡ ਤੱਕ ਸੀਮਤ ਨਹੀਂ: ਸਤਿੰਦਰ ਸਰਤਾਜ

## ਕੋਈ ਔਖਾ ਕੰਮ ਨਹੀਂ ਹੈ ਫ਼ਿਲਮਾਂ ਅਤੇ ਆਪਣੇ ਸੰਗੀਤ ਵਿੱਚ ਤਾਲਮੇਲ ਬਣਾਉਣਾ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬੀ ਗਾਇਕ ਸਤਿੰਦਰ ਸਰਤਾਜ ਦਾ ਨਵਾਂ ਗੀਤ 'ਜਾਈਏ ਸੱਜਣਾ' ਅੱਜਕੱਲ੍ਹ ਕਾਫੀ ਹਿੱਟ ਹੋ ਰਿਹਾ ਹੈ। ਇਹ ਗੀਤ ਰਣਵੀਰ ਸਿੰਘ ਦੀ ਫ਼ਿਲਮ 'ਧੁਰੰਧਰ 2' ਦਾ ਹੈ, ਜਿਸ ਵਿੱਚ ਸਰਤਾਜ ਦੇ ਨਾਲ ਜੈਸਮੀਨ ਸੈਂਡਲਸ ਨੇ ਵੀ ਆਵਾਜ਼ ਦਿੱਤੀ ਹੈ।

ਇਹ ਗੀਤ ਸੋਸ਼ਲ ਮੀਡੀਆ, ਯੂਟਿਊਬ ਅਤੇ ਸੰਗੀਤ ਸੁਣਨ ਵਾਲੀਆਂ ਐਪਸ 'ਤੇ ਬਹੁਤ ਪਸੰਦ ਕੀਤਾ ਜਾ ਰਿਹਾ ਹੈ। ਆਪਣੀ ਭਾਰੀ ਪ੍ਰਸਿੱਧੀ ਕਾਰਨ ਇਹ ਗੀਤ ਇਸ ਸਮੇਂ ਬਾਲੀਵੁੱਡ ਦੇ ਸਭ ਤੋਂ ਚਰਚਿਤ ਗੀਤਾਂ ਵਿੱਚ ਸ਼ਾਮਲ ਹੋ ਗਿਆ ਹੈ।

ਗੀਤ ਦੇ ਇੰਨਾ ਵਾਇਰਲ ਹੋਣ ਅਤੇ ਚਾਰੇ ਪਾਸੇ ਚਰਚਾ ਹੋਣ ਦੇ ਬਾਵਜੂਦ, ਸਤਿੰਦਰ ਸਰਤਾਜ ਅਜੇ ਵੀ ਬਹੁਤ ਸਾਧਾਰਨ ਅਤੇ ਨਿਮਰ ਸੁਭਾਅ ਦੇ ਮਾਲਕ ਬਣੇ ਹੋਏ ਹਨ। ਦਿੱਲੀ ਦੇ ਇਤਿਹਾਸਕ ਪੁਰਾਣਾ ਕਿਲਾ 'ਤੇ



ਆਪਣੀ ਪੇਸ਼ਕਾਰੀ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਸਰਤਾਜ ਨੇ ਗੀਤ ਦੀ ਸਫ਼ਲਤਾ ਦਾ ਸਿਹਰਾ ਆਪਣੇ ਆਪ ਨੂੰ ਨਹੀਂ, ਸਗੋਂ ਫ਼ਿਲਮ ਦੀ ਟੀਮ ਨੂੰ ਦਿੱਤਾ।

ਉਨ੍ਹਾਂ ਨੇ ਮੁਸਕਰਾਉਂਦੇ ਹੋਏ ਬੜੀ ਨਿਮਰਤਾ ਨਾਲ ਕਿਹਾ, "ਤੁਸੀਂ ਇਸ ਨੂੰ ਇਤਫ਼ਾਕ, ਚੰਗੀ ਕਿਸਮਤ ਜਾਂ ਅਸੀਸ ਕਹਿ ਸਕਦੇ ਹੋ... ਇਸ ਦਾ ਸਿਹਰਾ ਫ਼ਿਲਮ ਦੇ ਕਰੂ (ਟੀਮ) ਨੂੰ ਜਾਂਦਾ ਹੈ। ਸਾਡਾ ਤਾਂ ਸਿਰਫ਼ ਨਾਮ ਜੁੜਿਆ ਹੋਇਆ ਹੈ।"

ਉਨ੍ਹਾਂ ਨੇ ਸੂਫ਼ੀਵਾਦ ਤੋਂ ਪ੍ਰੇਰਿਤ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ, "ਮੈਂ ਜ਼ਿੰਦਗੀ ਵਿੱਚ ਕਿਸੇ ਚੀਜ਼ ਦੀ ਉਮੀਦ ਨਹੀਂ ਰੱਖਦਾ। ਜਦੋਂ ਤੁਸੀਂ ਉਮੀਦਾਂ ਛੱਡ ਦਿੰਦੇ ਹੋ ਅਤੇ ਚੀਜ਼ਾਂ ਨੂੰ ਉਸੇ ਤਰ੍ਹਾਂ ਸਵੀਕਾਰ ਕਰਦੇ ਹੋ ਜਿਵੇਂ ਉਹ ਆਉਂਦੀਆਂ ਹਨ, ਤਾਂ ਬਰਕਤਾਂ ਪਿੱਛੇ-ਪਿੱਛੇ ਆਉਂਦੀਆਂ ਹਨ।"

ਉਨ੍ਹਾਂ ਖੁਲਾਸਾ ਕੀਤਾ ਕਿ ਉਨ੍ਹਾਂ ਦੇ ਕਈ ਬਾਲੀਵੁੱਡ ਗੀਤ ਪਹਿਲਾਂ ਹੀ ਰਿਕਾਰਡ ਹੋ ਚੁੱਕੇ ਹਨ ਅਤੇ ਰਿਲੀਜ਼ ਹੋਣ ਦੀ ਉਡੀਕ ਵਿੱਚ ਹਨ। ਬਾਲੀਵੁੱਡ ਵਿੱਚ ਵੱਧ ਰਹੀ ਮਕਬੂਲੀਅਤ ਦੇ ਬਾਵਜੂਦ ਸਰਤਾਜ ਨੇ ਸਾਫ਼ ਕੀਤਾ ਹੈ ਕਿ ਫ਼ਿਲਮਾਂ ਹੀ ਉਨ੍ਹਾਂ ਦਾ ਇੱਕੋ-ਇੱਕ ਟੀਚਾ ਨਹੀਂ ਹਨ। ਉਨ੍ਹਾਂ ਕਿਹਾ, "ਮੇਰਾ ਟੀਚਾ ਕੇਵਲ ਬਾਲੀਵੁੱਡ ਤੱਕ ਸੀਮਤ ਨਹੀਂ ਹੈ। ਮੈਂ ਆਪਣੇ ਸੁਤੰਤਰ ਸੰਗੀਤ ਲਈ ਵੀ ਬਰਾਬਰ ਵਚਨਬੱਧ ਹਾਂ।"

'ਸਾਈਂ', 'ਸੱਜਣ ਰਾਜ਼ੀ' ਅਤੇ 'ਉਡਾਰੀਆਂ' ਵਰਗੇ ਮਸ਼ਹੂਰ ਗੀਤਾਂ ਲਈ ਜਾਣੇ ਜਾਣ ਵਾਲੇ ਸਰਤਾਜ ਦਾ ਮੰਨਣਾ ਹੈ ਕਿ ਫ਼ਿਲਮਾਂ ਅਤੇ ਆਪਣੇ ਸੰਗੀਤ ਵਿੱਚ ਤਾਲਮੇਲ ਬਣਾਉਣਾ ਕੋਈ ਔਖਾ ਕੰਮ ਨਹੀਂ ਹੈ। ਉਨ੍ਹਾਂ ਮੁਤਾਬਕ ਜਦੋਂ ਕੋਈ ਕਲਾਕਾਰ ਅੰਦਰੋਂ ਖੁਸ਼ ਅਤੇ ਸੰਤੁਸ਼ਟ ਹੁੰਦਾ ਹੈ, ਤਾਂ ਸਭ ਕੁਝ ਆਪਣੇ ਆਪ ਵਹਿਣ ਵਿੱਚ ਚੱਲਦਾ ਹੈ।

ਬਾਲੀਵੁੱਡ ਵਿੱਚ ਮਿਲੀ ਵੱਡੀ ਸਫ਼ਲਤਾ ਦੌਰਾਨ ਇੱਕ ਸੂਫ਼ੀ ਉਤਸਵ ਵਿੱਚ ਗਾਉਣਾ ਉਨ੍ਹਾਂ ਦੇ ਇਸੇ ਸੰਤੁਲਨ ਨੂੰ ਦਿਖਾਉਂਦਾ ਹੈ। ਸਰਤਾਜ ਅਨੁਸਾਰ ਅਜਿਹੇ ਪ੍ਰੋਗਰਾਮਾਂ ਵਿੱਚ ਆਉਣ ਵਾਲੇ ਸਰੋਤੇ ਕੰਸਰਟ ਦੀ ਭੀੜ ਨਾਲੋਂ ਵੱਖਰੇ ਹੁੰਦੇ ਹਨ, ਜਿਸ ਕਾਰਨ ਇੱਥੇ ਗਾਉਣਾ ਇੱਕ ਖ਼ਾਸ ਅਨੁਭਵ ਹੁੰਦਾ ਹੈ।

# ਗਿਦੜਿਆਣੀ ਦੀ ਮਿੱਟੀ ਉਗਲ ਰਹੀ 'ਸੋਨਾ'

## ਸੰਗਰੂਰ ਦੇ ਕਿਸਾਨਾਂ ਨੇ ਦਿਖਾਈ ਨਵੀਂ ਰਾਹ, ਫ਼ੁੱਲਾਂ ਦੀ ਖੇਤੀ ਨਾਲ ਮਜ਼ਦੂਰਾਂ ਨੂੰ ਵੀ ਮਿਲ ਰਿਹਾ ਰੁਜ਼ਗਾਰ

ਪੰਜਾਬ ਦੀ ਕਿਸਾਨੀ ਅਕਸਰ ਕਣਕ ਅਤੇ ਝੋਨੇ ਦੇ ਰਵਾਇਤੀ ਫ਼ਸਲੀ ਚੱਕਰ ਅਤੇ ਇਸ ਨਾਲ ਜੁੜੇ ਸੰਕਟਾਂ ਕਰਕੇ ਚਰਚਾ ਵਿੱਚ ਰਹਿੰਦੀ ਹੈ ਪਰ ਸੰਗਰੂਰ ਜ਼ਿਲ੍ਹੇ ਦੇ ਦਿੜਬਾ ਹਲਕੇ ਦਾ ਇੱਕ ਛੋਟਾ ਜਿਹਾ ਪਿੰਡ ਗਿਦੜਿਆਣੀ (ਦਰਿਆਣੀ) ਖੇਤੀਬਾੜੀ ਦੇ ਖੇਤਰ ਵਿੱਚ ਇੱਕ ਨਵੀਂ ਮਿਸਾਲ ਪੈਦਾ ਕਰ ਰਿਹਾ ਹੈ। ਇੱਥੋਂ ਦੇ ਕਿਸਾਨਾਂ ਨੇ ਰਵਾਇਤੀ ਫ਼ਸਲਾਂ ਨੂੰ ਅਲਵਿਦਾ ਕਹਿ ਕੇ ਫ਼ੁੱਲਾਂ ਦੀ ਖੇਤੀ ਨੂੰ ਅਪਣਾਇਆ ਹੈ, ਜਿਸ ਦੇ ਬੀਜ ਅੱਜ ਅਮਰੀਕਾ ਅਤੇ ਯੂਰਪ ਵਰਗੇ ਵਿਦੇਸ਼ੀ ਬਾਜ਼ਾਰਾਂ ਦੀ ਸ਼ਾਨ ਬਣ ਰਹੇ ਹਨ।ਪਿੰਡ ਵਿੱਚ ਫ਼ੁੱਲਾਂ ਦੀ ਖੇਤੀ ਦਾ ਮੁੱਢ ਸਾਲ 1999 ਵਿੱਚ ਬੱਝਿਆ ਸੀ। ਸ਼ੁਰੂਆਤ ਵਿੱਚ ਕੁਝ ਮੁੱਠੀ ਭਰ ਕਿਸਾਨਾਂ ਨੇ ਇਹ ਹਿੰਮਤ ਦਿਖਾਈ, ਪਰ ਅੱਜ ਕਰੀਬ 15 ਪਰਿਵਾਰ ਸਿੱਧੇ ਤੌਰ 'ਤੇ ਇਸ ਕਿੱਤੇ ਨਾਲ ਜੁੜੇ ਹੋਏ ਹਨ। 18 ਏਕੜ ਵਿੱਚ ਖੇਤੀ ਕਰ ਰਹੇ ਅਗਾਂਹਵਧੂ ਕਿਸਾਨ ਜਗਦੀਪ ਸਿੰਘ ਵਰਗੇ ਪੜ੍ਹੇ-ਲਿਖੇ ਨੌਜਵਾਨ ਹੁਣ ਇਸ ਖੇਤਰ ਵਿੱਚ ਮਾਹਿਰ ਬਣ ਚੁੱਕੇ ਹਨ। ਜਗਦੀਪ ਸਿੰਘ ਦਾ ਕਹਿਣਾ ਹੈ, 'ਇਹ ਖੇਤੀ ਮੁੱਖ ਤੌਰ 'ਤੇ ਨਿੱਜੀ ਕੰਪਨੀਆਂ ਨਾਲ ਕੰਟ੍ਰੈਕਟ ਦੇ ਅਧਾਰ 'ਤੇ ਕੀਤੀ ਜਾਂਦੀ ਹੈ। ਕਿਸਾਨ ਫ਼ੁੱਲਾਂ ਦੇ ਬੀਜ ਤਿਆਰ ਕਰਕੇ ਕੰਪਨੀਆਂ ਨੂੰ ਵੇਚਦੇ ਹਨ।ਇਸ ਸਮੇਂ ਪਿੰਡ ਵਿੱਚ ਲਗਭਗ 10 ਕਿਸਮਾਂ ਦੇ ਫ਼ੁੱਲ ਉਗਾਏ ਜਾ ਰਹੇ ਹਨ। ਜਗਦੀਪ ਸਿੰਘ ਦੇ ਦਾ ਦਾਅਵਾ ਹੈ ਕਿ ਉਨ੍ਹਾਂ ਦਾ ਪਿੰਡ ਫ਼ੁੱਲਾਂ ਦੀ ਖੇਤੀ ਵਿੱਚ ਪੂਰੇ ਪੰਜਾਬ ਵਿੱਚ ਦੂਜੇ ਨੰਬਰ 'ਤੇ ਆਉਂਦਾ ਹੈ। ਇਹ ਬੀਜ ਵਿਦੇਸ਼ਾਂ ਅਮਰੀਕਾ, ਆਸਟ੍ਰੇਲੀਆ ਅਤੇ ਯੂਰਪ ਵਿੱਚ ਬਰਾਮਦ ਹੁੰਦੇ ਹਨ, ਜਿਸ ਨਾਲ ਕਿਸਾਨਾਂ ਨੂੰ ਨਵਾਂ ਬਾਜ਼ਾਰ ਮਿਲਿਆ ਹੈ। ਇਨ੍ਹਾਂ ਦੀ ਵਰਤੋਂ ਸਜਾਵਟ ਅਤੇ



ਦਵਾਈਆਂ ਦੇ ਤੌਰ 'ਤੇ ਕੀਤੀ ਜਾਂਦੀ ਹੈ। ਜੇ ਮੰਗ ਵਧੇਗੀ ਤਾਂ ਕਿਸਾਨ ਵੀ ਇਸ ਖੇਤੀ ਨੂੰ ਵਧਾਉਣ ਲਈ ਤਿਆਰ ਹਨ। ਉਹ ਇਹ ਵੀ ਦੱਸਦੇ ਹਨ ਕਿ ਪੰਜਾਬ ਸਰਕਾਰ ਦੇ ਬਾਗ਼ਵਾਨੀ ਵਿਭਾਗ ਵੱਲੋਂ ਇਸ ਖੇਤੀ ਲਈ ਸਬਸਿਡੀ ਵੀ ਦਿੱਤੀ ਜਾਂਦੀ ਹੈ।

ਇਸ ਖੇਤੀ ਦੀ ਸਭ ਤੋਂ ਵੱਡੀ ਖ਼ਾਸੀਅਤ ਇਸ ਦਾ ਮੰਡੀਕਰਨ ਹੈ। ਕਿਸਾਨ ਨਿੱਜੀ ਕੰਪਨੀਆਂ ਨਾਲ ਕੰਟ੍ਰੈਕਟ (ਇਕਰਾਰਨਾਮਾ) ਕਰਦੇ ਹਨ। ਬਿਜਾਈ ਦੇ ਸਮੇਂ ਹੀ ਰੇਟ ਤੈਅ ਕਰ ਲਏ ਜਾਂਦੇ ਹਨ। ਇੱਕ ਏਕੜ ਵਿੱਚੋਂ ਤਿੰਨ ਤੋਂ ਪੰਜ ਕੁਇੰਟਲ ਬੀਜ ਨਿਕਲਦਾ ਹੈ। ਬਾਜ਼ਾਰ ਵਿੱਚ ਇਸ ਬੀਜ ਦਾ ਭਾਅ 40 ਤੋਂ 45 ਹਜ਼ਾਰ ਰੁਪਏ ਪ੍ਰਤੀ ਕੁਇੰਟਲ ਤੱਕ ਮਿਲ ਜਾਂਦਾ ਹੈ। ਇਸ ਦੀ ਅੰਤਰਰਾਸ਼ਟਰੀ ਪੱਧਰ 'ਤੇ ਭਾਰੀ ਮੰਗ ਹੈ।

ਫ਼ੁੱਲਾਂ ਦੀ ਖੇਤੀ ਨੇ ਪਿੰਡ ਅਤੇ ਆਲੇ-ਦੁਆਲੇ ਦੀਆਂ ਔਰਤਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹੇ ਹਨ। ਜਿੱਥੇ ਰਵਾਇਤੀ ਖੇਤੀ ਮਸ਼ੀਨੀਕਰਨ 'ਤੇ ਨਿਰਭਰ ਹੈ, ਉੱਥੇ ਫ਼ੁੱਲਾਂ ਦੀ ਬਿਜਾਈ ਅਤੇ ਬੀਜ ਇਕੱਠੇ ਕਰਨ ਲਈ ਵੱਡੀ ਗਿਣਤੀ ਵਿੱਚ ਮਜ਼ਦੂਰਾਂ ਦੀ ਲੋੜ ਪੈਂਦੀ ਹੈ। ਸੁਖਵਿੰਦਰ ਕੌਰ ਵਰਗੀਆਂ ਕਈ ਔਰਤਾਂ ਇਸ ਰਾਹੀਂ ਮਹੀਨੇ ਦਾ 10 ਹਜ਼ਾਰ ਰੁਪਏ ਤੱਕ ਕਮਾ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾ ਰਹੀਆਂ ਹਨ।

ਹਾਲਾਂਕਿ ਇਹ ਖੇਤੀ ਲਾਹੇਵੰਦ ਹੈ, ਪਰ ਇਹ ਚੁਣੌਤੀਆਂ ਤੋਂ ਮੁਕਤ ਨਹੀਂ। ਮਈ ਮਹੀਨੇ ਵਿੱਚ ਜਦੋਂ ਫ਼ੁੱਲਾਂ ਦੀ ਕਟਾਈ ਦਾ ਸਮਾਂ ਹੁੰਦਾ ਹੈ, ਉਸੇ ਵੇਲੇ ਮਨਰੇਗਾ ਦੇ ਕੰਮ ਚੱਲਣ ਕਾਰਨ ਮਜ਼ਦੂਰਾਂ ਦੀ ਕਿੱਲਤ ਮਹਿਸੂਸ ਹੁੰਦੀ ਹੈ। ਜ਼ਿਆਦਾ ਨਮੀ ਜਾਂ ਸ਼ੋਰੇ ਵਾਲੀ ਜ਼ਮੀਨ ਇਸ ਖੇਤੀ ਲਈ ਨੁਕਸਾਨਦੇਹ ਹੈ। ਪੰਜਾਬ ਸਰਕਾਰ ਦਾ ਬਾਗ਼ਬਾਨੀ ਵਿਭਾਗ ਇਸ ਖੇਤੀ ਨੂੰ ਉਤਸ਼ਾਹਿਤ ਕਰਨ ਲਈ 14,000 ਰੁਪਏ ਪ੍ਰਤੀ ਏਕੜ ਅਤੇ 35,000 ਰੁਪਏ ਪ੍ਰਤੀ ਹੈਕਟੇਅਰ ਤੱਕ ਦੀ ਸਬਸਿਡੀ ਵੀ ਦਿੰਦਾ ਹੈ।

**ਕੀ ਹੈ ਖੇਤੀਬਾੜੀ ਮਾਹਿਰਾਂ ਦੀ ਰਾਇ ?**

ਕ੍ਰਿਸ਼ੀ ਵਿਗਿਆਨ ਕੇਂਦਰ ਖੇੜੀ ਦੇ ਡਾਕਟਰ ਮਨਦੀਪ ਸਿੰਘ ਅਨੁਸਾਰ, ਜਗਸੀਰ ਸਿੰਘ ਵਰਗੇ ਕਿਸਾਨਾਂ ਨੇ ਪੰਜਾਬੀ ਐਗਰੀਕਲਚਰ ਯੂਨੀਵਰਸਿਟੀ ਦੇ ਸੰਪਰਕ ਵਿੱਚ ਰਹਿ ਕੇ ਤਕਨੀਕੀ ਮੁਹਾਰਤ ਹਾਸਲ ਕੀਤੀ ਹੈ। ਵਿਦੇਸ਼ਾਂ ਵਿੱਚ ਫ਼ਲੋਰੀਕਲਚਰ (ਫ਼ੁੱਲਾਂ ਦੀ ਖੇਤੀ) ਦਾ ਵਧਦਾ ਰੁਝਾਨ ਪੰਜਾਬ ਦੇ ਕਿਸਾਨਾਂ ਲਈ ਸੁਨਹਿਰੀ ਮੌਕਾ ਹੈ। (ਬਾਕੀ ਸ਼ਫ਼ਾ 27 'ਤੇ)

# ਚੰਡੀਗੜ੍ਹ 'ਚ ਟੀਬੀ ਦੇ ਮਰੀਜ਼ਾਂ ਦੀ ਗਿਣਤੀ ਵਧੀ

## ਹਰ ਰੋਜ਼ 18 ਨਵੇਂ ਮਾਮਲੇ ਆ ਰਹੇ ਹਨ ਸਾਹਮਣੇ

## ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਲੋਕ ਸਭਾ ਵਿੱਚ ਪੇਸ਼ ਕੀਤੀ ਗਈ ਇੱਕ ਰਿਪੋਰਟ 'ਚ ਹੋਇਆ ਖ਼ੁਲਾਸਾ

ਚੰਡੀਗੜ੍ਹ/ਏ.ਟੀ.ਨਿਊਜ਼: ਭਾਵੇਂ ਕੇਂਦਰ ਸਰਕਾਰ ਅਤੇ ਸਿਹਤ ਵਿਭਾਗ ਵੱਲੋਂ 'ਟੀਬੀ ਮੁਕਤ ਭਾਰਤ' ਬਣਾਉਣ ਲਈ ਲਗਾਤਾਰ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ, ਪਰ ਇਸ ਦੇ ਬਾਵਜੂਦ ਚੰਡੀਗੜ੍ਹ ਵਿੱਚ ਟੀਬੀ ਇੱਕ ਘਾਤਕ ਰੂਪ ਧਾਰਨ ਕਰਦੀ ਜਾ ਰਹੀ ਹੈ। ਸ਼ਹਿਰ ਵਿੱਚ ਪਿਛਲੇ ਚਾਰ ਸਾਲਾਂ ਤੋਂ ਲਗਾਤਾਰ 6 ਹਜ਼ਾਰ ਤੋਂ ਵੱਧ ਲੋਕ ਹਰ ਸਾਲ ਟੀਬੀ ਦੀ ਚਪੇਟ ਵਿੱਚ ਆ ਰਹੇ ਹਨ।

ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਲੋਕ ਸਭਾ ਵਿੱਚ ਪੇਸ਼ ਕੀਤੀ ਗਈ ਇੱਕ ਰਿਪੋਰਟ ਦੇ ਅਨੁਸਾਰ, ਚੰਡੀਗੜ੍ਹ ਵਿੱਚ ਹਰ ਰੋਜ਼ ਟੀਬੀ ਦੇ 18 ਨਵੇਂ ਮਾਮਲੇ ਦਰਜ ਕੀਤੇ ਜਾ ਰਹੇ ਹਨ। ਚੰਡੀਗੜ੍ਹ ਵਿੱਚ ਸਾਲ 2025 ਵਿੱਚ ਟੀਬੀ ਦੇ 6,534 ਮਾਮਲੇ ਸਾਹਮਣੇ ਆਏ ਸਨ। ਇਸ ਦੇ ਨਾਲ ਹੀ ਸਾਲ 2024 ਵਿੱਚ ਇਹ ਅੰਕੜਾ 6,960 ਸੀ। ਸਾਲ 2023 ਵਿੱਚ 6,721 ਮਾਮਲੇ ਸਾਹਮਣੇ ਆਏ ਸਨ, ਜਦੋਂ ਕਿ ਸਾਲ 2022 ਵਿੱਚ ਟੀਬੀ ਤੋਂ ਪੀੜਤ ਲੋਕਾਂ ਦੀ ਗਿਣਤੀ 6,066 ਦਰਜ ਕੀਤੀ ਗਈ ਸੀ।

ਸਿਹਤ ਮੰਤਰਾਲੇ ਦੀ ਇਕ ਹੋਰ ਰਿਪੋਰਟ ਅਨੁਸਾਰ, 60 ਸਾਲ ਤੋਂ ਵੱਧ ਉਮਰ ਦੇ ਲੋਕਾਂ ਵਿੱਚ ਟੀਬੀ (ਤਪਦਿਕ) ਦਾ ਖ਼ਤਰਾ ਸਭ ਤੋਂ ਵੱਧ ਹੈ। ਉੱਥੇ ਹੀ, 46 ਤੋਂ 60 ਸਾਲ ਦੀ ਉਮਰ ਵਰਗ ਵਿੱਚ ਵੀ ਇਹ ਖ਼ਤਰਾ ਤੇਜ਼ੀ ਨਾਲ ਵੱਧ ਰਿਹਾ ਹੈ। ਇਸ ਦੇ ਨਾਲ ਹੀ, 0 ਤੋਂ 14 ਸਾਲ ਦੀ ਉਮਰ ਦੇ 3.2 ਪ੍ਰਤੀਸ਼ਤ ਬੱਚੇ ਟੀਬੀ ਨਾਲ ਜੂਝ ਰਹੇ ਹਨ।

ਡਾਕਟਰਾਂ ਅਨੁਸਾਰ, ਜੇਕਰ ਦੋ ਹਫ਼ਤਿਆਂ ਤੋਂ ਵੱਧ ਸਮੇਂ ਤੱਕ ਖੰਘ ਦੀ ਸ਼ਿਕਾਇਤ ਰਹਿੰਦੀ ਹੈ ਅਤੇ ਬਲਗ਼ਮ ਜਾਂ ਖ਼ੂਨ ਆਉਂਦਾ ਹੈ, ਛਾਤੀ ਵਿੱਚ ਦਰਦ, ਕਮਜ਼ੋਰੀ ਜਾਂ ਥਕਾਵਟ ਮਹਿਸੂਸ ਹੁੰਦੀ ਹੈ, ਤਾਂ ਇਹ ਟੀਬੀ ਦੇ ਲੱਛਣ ਹੋ ਸਕਦੇ ਹਨ। ਅਜਿਹੇ ਸੰਕੇਤਾਂ 'ਤੇ ਗੰਭੀਰਤਾ ਨਾਲ ਧਿਆਨ ਦੇਣਾ ਅਤੇ ਇਲਾਜ ਕਰਵਾਉਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਟੀਬੀ ਕਾਰਨ



ਹੋਣ ਵਾਲੀਆਂ ਮੌਤਾਂ ਦਾ ਮੁੱਖ ਕਾਰਨ ਲੋਕਾਂ ਵਿੱਚ ਜਾਣਕਾਰੀ ਦੀ ਘਾਟ ਹੈ। ਟੀਬੀ ਦੇ ਲੱਛਣਾਂ ਨੂੰ ਅਣਗੌਲਿਆ ਕਰਕੇ ਲੋਕ ਜਾਂਚ ਕਰਵਾਉਣ ਦੀ ਬਜਾਏ ਆਮ ਦਵਾਈਆਂ ਖਾ ਕੇ ਸਮਾਂ ਬਿਤਾਉਂਦੇ ਰਹਿੰਦੇ ਹਨ। ਅੰਤ ਵਿੱਚ ਜਦੋਂ ਤਕਲੀਫ਼ ਬਹੁਤ ਵੱਧ ਜਾਂਦੀ ਹੈ ਅਤੇ ਉਹ ਜਾਂਚ ਕਰਵਾਉਂਦੇ ਹਨ, ਉਦੋਂ ਤੱਕ ਬਿਮਾਰੀ ਲਾਇਲਾਜ ਹੋ ਚੁੱਕੀ ਹੁੰਦੀ ਹੈ। ਪ੍ਰਦੂਸ਼ਿਤ ਇਲਾਕਿਆਂ ਵਿੱਚ ਲੋਕਾਂ ਨੂੰ ਟੀਬੀ ਦੀ ਲਪੇਟ ਵਿੱਚ ਆਉਣ ਦਾ ਖ਼ਤਰਾ ਜ਼ਿਆਦਾ ਰਹਿੰਦਾ ਹੈ। ਚੰਡੀਗੜ੍ਹ ਵਿੱਚ ਤੇਜ਼ੀ ਨਾਲ ਵੱਧ ਰਹੇ ਪ੍ਰਦੂਸ਼ਣ ਕਾਰਨ ਵੀ ਟੀਬੀ ਦੇ ਮਰੀਜ਼ਾਂ ਦੀ ਗਿਣਤੀ ਵੱਧ ਰਹੀ ਹੈ।

**ਟੀਬੀ ਨਾਲ ਪੀੜਤ ਮਰੀਜ਼ਾਂ ਦੀ ਸਥਿਤੀ**

| ਸਾਲ | ਟੀਬੀ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ |
|---|---|
| 2021 | 4,720 |
| 2022 | 6,066 |
| 2023 | 6,721 |
| 2024 | 6,960 |
| 2025 | 6,534 |

**ਟੀਬੀ ਤੋਂ ਬਚਾਅ ਲਈ ਇਹ ਉਪਾਅ ਅਪਣਾਓ:**

ਬੱਚਿਆਂ ਦੇ ਜਨਮ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਬੀ.ਸੀ.ਜੀ. ਦਾ ਟੀਕਾ ਲਗਵਾਉਣਾ ਚਾਹੀਦਾ ਹੈ।

ਟੀਬੀ ਤੋਂ ਪੀੜਤ ਵਿਅਕਤੀ ਨੂੰ ਦੂਜੇ ਲੋਕਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਤਾਂ ਜੋ ਇਨਫੈਕਸ਼ਨ ਨਾ ਫੈਲੇ।

ਮਰੀਜ਼ ਨੂੰ ਹੱਸਦੇ, ਛਿੱਕਦੇ ਜਾਂ ਖੰਘਦੇ ਸਮੇਂ ਆਪਣੇ ਮੂੰਹ 'ਤੇ ਰੁਮਾਲ ਜ਼ਰੂਰ ਰੱਖਣਾ ਚਾਹੀਦਾ ਹੈ।

ਟੀਬੀ ਦੇ ਮਰੀਜ਼ ਨੂੰ ਮਿਲਣ ਵੇਲੇ ਸਰਜੀਕਲ ਮਾਸਕ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ।

ਟੀਬੀ ਤੋਂ ਪੀੜਤ ਵਿਅਕਤੀ ਨੂੰ ਇੱਧਰ-ਉੱਧਰ ਨਹੀਂ ਥੁੱਕਣਾ ਚਾਹੀਦਾ।

ਸਿਹਤਮੰਦ ਖੁਰਾਕ ਅਤੇ ਰੋਜ਼ਾਨਾ ਯੋਗਾ ਕਰਨ ਨਾਲ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਵਧਦੀ ਹੈ।

ਆਪਣੇ ਹੱਥਾਂ ਨੂੰ ਸਾਫ਼ ਰੱਖਣਾ ਚਾਹੀਦਾ ਹੈ ਅਤੇ ਸਮੇਂ-ਸਮੇਂ 'ਤੇ ਸਾਬਣ ਨਾਲ ਹੱਥ ਧੋਣੇ ਚਾਹੀਦੇ ਹਨ।

ਜੇਕਰ ਤੁਹਾਨੂੰ ਟੀਬੀ ਦੇ ਕੋਈ ਵੀ ਲੱਛਣ ਦਿਖਾਈ ਦੇਣ, ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

# ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਮਨੁੱਖਤਾ ਲਈ ਚਾਨਣ-ਮੁਨਾਰਾ : ਧਾਮੀ



ਅੰਮ੍ਰਿਤਸਰ/ਏ.ਟੀ.ਨਿਊਜ਼: ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਗੁਰੂ ਸਾਹਿਬ ਨਾਲ ਸਬੰਧਤ ਪਾਵਨ ਅਸਥਾਨ ਗੁਰਦੁਆਰਾ ਟਾਹਲੀ ਸਾਹਿਬ, ਸੰਤੋਖਸਰ ਸਾਹਿਬ ਤੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਧਾਰਮਿਕ ਸਮਾਗਮ ਕਰਵਾਏ ਗਏ। ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਨਤਮਸਤਕ ਹੋਈ।

ਸ਼੍ਰੋਮਣੀ ਕਮੇਟੀ ਵੱਲੋਂ ਸੇਵਕ ਜਥਾ ਇਸ਼ਨਾਨ ਗੁਰਦੁਆਰਾ ਸੰਤੋਖਸਰ ਸਾਹਿਬ ਅਤੇ ਸੰਗਤਾਂ ਦੇ ਸਹਿਯੋਗ ਨਾਲ ਪੰਜਵੇਂ ਗੁਰੂ ਦੇ ਪ੍ਰਕਾਸ਼ ਗੁਰਪੁਰਬ ਮੌਕੇ ਗੁਰਦੁਆਰਾ ਸੰਤੋਖਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਵਿੰਦਰ ਸਿੰਘ ਨੇ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਤੋਂ ਸੰਗਤ ਨੂੰ ਜਾਣੂ ਕਰਵਾਇਆ।

ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ ਮਨੁੱਖਤਾ ਲਈ ਚਾਨਣ-ਮੁਨਾਰਾ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਤਿਆਰ ਕਰਵਾਇਆ ਅਤੇ ਸੰਗਤਾਂ ਨੂੰ ਸ਼ਬਦ ਨਾਲ ਜੋੜਿਆ। ਉਨ੍ਹਾਂ ਨੇ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰੇਰਣਾ ਲੈਣ ਅਤੇ ਗੁਰਬਾਣੀ ਉਪਦੇਸ਼ਾਂ 'ਤੇ ਚੱਲਣ ਦੀ ਅਪੀਲ ਵੀ ਕੀਤੀ।

ਇਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਅਲੌਕਿਕ ਜਲੌਅ ਵੀ ਸਜਾਏ ਗਏ। ਗੁਰਦੁਆਰਾ ਸ੍ਰੀ ਸੰਤੋਖਸਰ ਸਾਹਿਬ ਵਿਖੇ ਗੁਰਮਤਿ ਸਮਾਗਮ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਕਥਾਵਾਚਕਾਂ ਨੇ ਸੰਗਤਾਂ ਨਾਲ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਦੀ ਸਾਂਝ ਪਾਈ।

# ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਅਪਣਾਉਣ ਦੀ ਲੋੜ : ਜਥੇ. ਕੁਲਦੀਪ ਸਿੰਘ ਗੜਗੱਜ



ਅੰਮ੍ਰਿਤਸਰ/ਏ.ਟੀ.ਨਿਊਜ਼: ਸਿੱਖ ਕੌਮ ਦੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਮੂਹ ਸਿੱਖ ਸੰਗਤ ਨੂੰ ਵਧਾਈ ਦਿੰਦਿਆਂ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਅਪਣਾਉਣ ਦੀ ਅਪੀਲ ਕੀਤੀ। ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗੁਰੂ ਅਰਜਨ ਦੇਵ ਜੀ ਮਹਾਰਾਜ ਬਾਣੀ ਦੇ ਬੋਹਿਥ, ਸ਼ਾਂਤੀ ਦੇ ਪ੍ਰਤੀਕ ਅਤੇ ਸ਼ਹੀਦਾਂ ਦੇ ਸਰਤਾਜ ਹਨ, ਜਿਨ੍ਹਾਂ ਦਾ ਪ੍ਰਕਾਸ਼ ਦਿਹਾੜਾ ਦੁਨੀਆ ਭਰ ਵਿੱਚ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਵੱਲੋਂ ਬੜੀ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਗਿਆ ਹੈ।

ਜਥੇਦਾਰ ਨੇ ਦੱਸਿਆ ਕਿ ਗੁਰੂ ਅਰਜਨ ਦੇਵ ਜੀ ਨੇ ਸਿੱਖ ਕੌਮ ਦੇ ਕੇਂਦਰੀ ਧਾਰਮਿਕ ਅਸਥਾਨ ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਕਰਵਾਈ ਅਤੇ ਅੰਮ੍ਰਿਤ ਸਰੋਵਰ ਦੇ ਵਿਚਕਾਰ ਇਸ ਪਵਿੱਤਰ ਅਸਥਾਨ ਨੂੰ ਸਥਾਪਿਤ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪਾਵਨ ਸਰੂਪ ਦੀ ਤਿਆਰੀ ਵੀ ਕਰਵਾਈ, ਜਿਸ ਨੂੰ ਆਦਿ (ਬਾਕੀ ਸਫ਼ਾ 27 'ਤੇ)

# ਸੈਰ-ਸਪਾਟਾ ਵਿਭਾਗ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿੱਚ 'ਹੈਰੀਟੇਜ ਸਟ੍ਰੀਟ' ਪ੍ਰਾਜੈਕਟ ਰੱਦ



ਆਨੰਦਪੁਰ ਸਾਹਿਬ/ਏ.ਟੀ.ਨਿਊਜ਼: ਪੰਜਾਬ ਦੇ ਸੈਰ-ਸਪਾਟਾ ਵਿਭਾਗ ਨੇ ਸ੍ਰੀ ਆਨੰਦਪੁਰ ਸਾਹਿਬ ਵਿੱਚ 'ਹੈਰੀਟੇਜ ਸਟ੍ਰੀਟ' ਪ੍ਰਾਜੈਕਟ ਨੂੰ ਰੱਦ ਕਰ ਦਿੱਤਾ ਹੈ। ਸੂਤਰਾਂ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਵੱਲੋਂ ਪ੍ਰਾਜੈਕਟ ਦੇ ਮੂਲ ਸੰਕਲਪ ਵਿੱਚ ਵੱਡੀਆਂ ਤਬਦੀਲੀਆਂ ਦੀ ਮੰਗ ਕੀਤੇ ਜਾਣ ਤੋਂ ਬਾਅਦ ਵਿਭਾਗ ਨੇ ਇਸ ਨੂੰ ਠੱਪ ਕਰਨ ਦਾ ਫ਼ੈਸਲਾ ਕੀਤਾ ਹੈ।

ਐੱਸ ਜੀ ਪੀ ਸੀ ਅਧਿਕਾਰੀਆਂ ਨੇ ਮੰਗ ਕੀਤੀ ਸੀ ਕਿ ਹੈਰੀਟੇਜ ਸਟ੍ਰੀਟ ਵਿੱਚ ਉਲੀਕੇ ਗਏ ਪ੍ਰਵੇਸ਼ ਦੁਆਰ ਨੂੰ ਹਟਾ ਦਿੱਤਾ ਜਾਵੇ। ਉਨ੍ਹਾਂ ਦੀ ਦਲੀਲ ਸੀ ਕਿ ਇਹ ਗੇਟ ਮੁੱਖ ਸੜਕ ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਦਰਸ਼ਨਾਂ ਵਿੱਚ ਅੜਿੱਕਾ ਬਣੇਗਾ। ਸ਼੍ਰੋਮਣੀ ਕਮੇਟੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਜਾਣ ਵਾਲੀ ਸੜਕ 'ਤੇ ਸਫ਼ੈਦ ਸੰਗਮਰਮਰ ਵਿਛਾਉਣ ਦੇ ਵੀ ਖ਼ਿਲਾਫ਼ ਸੀ। ਐੱਸ ਜੀ ਪੀ ਸੀ ਅਧਿਕਾਰੀ ਚਾਹੁੰਦੇ ਹਨ ਸੀ ਕਿ ਤਖ਼ਤ ਸਾਹਿਬ ਨੂੰ ਜਾਣ ਵਾਲੀ ਸੜਕ ਪਹਿਲਾਂ ਵਾਂਗ ਵਾਹਨਾਂ ਦੀ ਆਵਾਜਾਈ ਦੇ ਯੋਗ ਬਣੀ ਰਹੇ ਅਤੇ ਇਸ ਨੂੰ ਪੈਦਲ ਮਾਰਗ ਵਿੱਚ ਨਾ ਬਦਲਿਆ ਜਾਵੇ। ਇਨ੍ਹਾਂ ਸੱਭਿਆਚਾਰਕ ਅਤੇ ਤਕਨੀਕੀ ਇਤਰਾਜ਼ਾਂ ਕਾਰਨ ਸੈਰ-ਸਪਾਟਾ ਵਿਭਾਗ ਨੇ ਫ਼ਿਲਹਾਲ ਇਸ ਅਹਿਮ ਪ੍ਰਾਜੈਕਟ ਨੂੰ ਅੱਗੇ ਨਾ ਵਧਾਉਣ ਦਾ ਫ਼ੈਸਲਾ ਕੀਤਾ ਹੈ।

ਸੈਰ-ਸਪਾਟਾ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਐੱਸ ਜੀ ਪੀ ਸੀ ਵੱਲੋਂ ਸੁਝਾਈਆਂ ਤਬਦੀਲੀਆਂ ਦਾ ਮਤਲਬ ਸੀ ਕਿ ਅਸਲ ਸੰਕਲਪ ਦਾ ਲਗਪਗ 90 ਫ਼ੀਸਦੀ ਹਿੱਸਾ ਬਦਲਣਾ ਪੈਣਾ ਸੀ। ਸੂਤਰਾਂ ਅਨੁਸਾਰ, ਕਿਉਂਕਿ ਇਹ ਤਬਦੀਲੀਆਂ ਪ੍ਰਾਜੈਕਟ ਦੇ ਮੂਲ ਸਰੂਪ ਨਾਲ ਪੂਰੀ ਤਰ੍ਹਾਂ ਸਮਝੌਤਾ ਕਰਨ ਵਰਗੀਆਂ ਸਨ, ਇਸ ਲਈ ਵਿਭਾਗ ਨੇ ਪ੍ਰਾਜੈਕਟ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ।

**ਬਦਲਵੀਂ ਥਾਂ ਹੈਰੀਟੇਜ ਸਟ੍ਰੀਟ ਬਣਾਉਣ ਦੀ ਯੋਜਨਾ: ਬੈਂਸ**

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਵੀ ਪੁਸ਼ਟੀ ਕੀਤੀ ਹੈ ਕਿ ਹੈਰੀਟੇਜ ਸਟ੍ਰੀਟ ਪ੍ਰਾਜੈਕਟ ਨੂੰ (ਬਾਕੀ ਸਫ਼ਾ 27 'ਤੇ)

# ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰੇ ਸਰਕਾਰ: ਕੌਮੀ ਇਨਸਾਫ਼ ਮੋਰਚਾ

## ਮੀਟਿੰਗ ਦੌਰਾਨ ਬੁਲਾਰਿਆਂ ਨੇ ਸਰਕਾਰ ਵੱਲੋਂ ਮੋਰਚਾ ਚੁਕਵਾਉਣ ਲਈ ਵਰਤੇ ਜਾ ਰਹੇ ਹਥਕੰਡਿਆਂ ਦੀ ਕੀਤੀ ਨਿਖੇਧੀ



ਫ਼ਤਹਿਗੜ੍ਹ ਸਾਹਿਬ/ਏ.ਟੀ.ਨਿਊਜ਼: ਕੌਮੀ ਇਨਸਾਫ਼ ਮੋਰਚੇ ਦੀ ਇੱਥੇ ਗੁਰਦੁਆਰੇ ਵਿੱਚ ਮੀਟਿੰਗ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਲਈ ਚੰਡੀਗੜ੍ਹ ਦੀ ਹੱਦ ਉੱਪਰ ਚੱਲ ਰਹੇ ਕੌਮੀ ਇਨਸਾਫ਼ ਮੋਰਚੇ ਬਾਰੇ ਚਰਚਾ ਹੋਈ। ਇਸ ਦੌਰਾਨ ਮੋਰਚੇ ਨੂੰ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਗਿਆ।

ਬੁਲਾਰਿਆਂ ਨੇ ਸਰਕਾਰ ਵੱਲੋਂ ਮੋਰਚਾ ਚੁਕਵਾਉਣ ਲਈ ਵਰਤੇ ਜਾ ਰਹੇ ਹਥਕੰਡਿਆਂ ਦੀ ਨਿਖੇਧੀ ਕੀਤੀ ਅਤੇ ਸੰਗਤ ਨੂੰ ਇਸ ਤੋਂ ਚੌਕਸ ਰਹਿਣ ਦੀ ਅਪੀਲ ਕੀਤੀ। ਅਗਲੇ ਮਹੀਨੇ ਚੰਡੀਗੜ੍ਹ ਵਿੱਚ ਪੰਥਕ ਕਨਵੈਨਸ਼ਨ ਬੁਲਾਉਣ ਦਾ ਵੀ ਫ਼ੈਸਲਾ ਕੀਤਾ ਗਿਆ। ਇਸ ਦੌਰਾਨ ਫ਼ੈਸਲਾ ਕੀਤਾ ਗਿਆ ਕਿ ਦਿੱਲੀ ਵਿੱਚ ਗੁਰਦੁਆਰਾ ਬੰਗਲਾ ਸਾਹਿਬ ਤੋਂ 101 ਸਿੰਘਾਂ ਦਾ ਜਥਾ ਕਾਲੇ ਚੋਲੇ ਪਾ ਕੇ ਖ਼ੁਦ ਨੂੰ ਜੰਜ਼ੀਰਾਂ ਵਿੱਚ ਜਕੜ ਕੇ ਸੰਸਦ ਤੱਕ ਮਾਰਚ ਕਰੇਗਾ।

ਮੀਟਿੰਗ ਉਪਰੰਤ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਸਰਕਾਰਾਂ 'ਤੇ ਪੱਖ-ਪਾਤ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਬਲਵੰਤ ਸਿੰਘ ਰਾਜੋਆਣਾ ਨੂੰ 14 ਸਾਲਾਂ ਤੋਂ ਜੇਲ੍ਹ ਦੀ ਫਾਂਸੀ ਵਾਲੀ ਕੋਠੜੀ ਵਿੱਚ ਬੰਦ ਰੱਖਿਆ ਗਿਆ। ਜਥੇਦਾਰ ਜਗਤਾਰ ਸਿੰਘ ਹਵਾਰਾ ਨੂੰ ਬਿਮਾਰ ਮਾਂ ਨੂੰ ਮਿਲਣ ਲਈ ਪੈਰੋਲ ਨਹੀਂ ਦਿੱਤੀ ਜਾ ਰਹੀ। ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਸੰਸਦ ਵਿੱਚ ਜਾਣ ਲਈ ਪੈਰੋਲ ਨਹੀਂ ਦਿੱਤੀ ਜਾ ਰਹੀ, ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘ ਰਿਹਾਅ ਨਹੀਂ ਕੀਤੇ ਜਾ ਰਹੇ। ਉਨ੍ਹਾਂ ਜਥੇਬੰਦੀਆਂ ਤੋਂ ਸਹਿਯੋਗ ਦੀ ਮੰਗ ਕੀਤੀ। ਮੀਟਿੰਗ ਵਿੱਚ ਮੋਰਚੇ ਦੇ ਸਰਪ੍ਰਸਤ ਗੁਰਚਰਨ ਸਿੰਘ, ਕਨਵੀਨਰ ਪਾਲ ਸਿੰਘ, ਗੁਰਦੀਪ ਸਿੰਘ ਬਠਿੰਡਾ, ਬਲਵਿੰਦਰ ਸਿੰਘ ਕਾਲਾ ਝਾੜ ਸਾਹਿਬ, ਦਰਸ਼ਨ ਸਿੰਘ ਸੰਧੂ, ਗੁਰਿੰਦਰ ਸਿੰਘ ਭੰਗੂ, ਬਲਵਿੰਦਰ ਸਿੰਘ ਫ਼ਿਰੋਜ਼ਪੁਰ, ਬਲਜੀਤ ਸਿੰਘ ਭਾਊ, ਇਕਬਾਲ ਸਿੰਘ ਦਿੱਲੀ, ਪਾਲ ਸਿੰਘ ਘੜੂੰਆਂ, ਜੀਤ ਸਿੰਘ ਔਲਖ, ਹਰਪਾਲ ਸਿੰਘ ਕਰਨਾਲ, ਜਸਵੰਤ ਸਿੰਘ ਸੁਨਾਮ, ਪਰਵਿੰਦਰ ਸਿੰਘ ਮਲੋਆ, ਹਰਿੰਦਰ ਸਿੰਘ ਚਰਨਾਥਲ ਤੇ ਰਣਜੀਤ ਸਿੰਘ ਟਿਵਾਣਾ ਹਾਜ਼ਰ ਸਨ।

# ਹੁਣ ਚੰਡੀਗੜ੍ਹ ਵਿਖੇ ਹੋਵੇਗੀ ਕੋਟਕਪੂਰਾ ਕਾਂਡ ਦੀ ਸੁਣਵਾਈ



ਚੰਡੀਗੜ੍ਹ/ਏ.ਟੀ.ਨਿਊਜ਼ : ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਹੁਣ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ 'ਚ ਹੋਵੇਗੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਮਾਮਲੇ ਵਿਚ ਦਾਇਰ ਕੀਤੀਆਂ ਗਈਆਂ ਪਟੀਸ਼ਨਾਂ 'ਤੇ ਸੁਣਵਾਈ ਕਰਦਿਆਂ ਇਹ ਹੁਕਮ ਜਾਰੀ ਕੀਤੇ। ਇਸ ਤੋਂ ਪਹਿਲਾਂ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਵੀ ਜੁਲਾਈ 2024 'ਚ ਚੰਡੀਗੜ੍ਹ ਅਦਾਲਤ 'ਚ ਤਬਦੀਲ ਹੋ ਚੁੱਕੀ ਹੈ ਅਤੇ ਇਸ ਮਾਮਲੇ 'ਤੇ ਬਾਜਾਖਾਨਾ ਪੁਲਿਸ ਸਟੇਸ਼ਨ 'ਚ ਕੇਸ ਦਰਜ ਹੋਇਆ ਸੀ। ਅਹਿਮ ਕੇਸਾਂ ਦਾ ਪੰਜਾਬ ਤੋਂ ਬਾਹਰ ਤਬਦੀਲ ਹੋਣਾ ਸੂਬਾ ਸਰਕਾਰ ਲਈ ਨਮੋਸ਼ੀ ਤੋਂ ਘੱਟ ਨਹੀਂ। ਕੋਟਕਪੂਰਾ ਗੋਲੀ ਕਾਂਡ ਦਾ ਮਾਮਲਾ ਵਧੀਕ ਸੈਸ਼ਨ ਜੱਜ ਫ਼ਰੀਦਕੋਟ ਦੀ ਅਦਾਲਤ 'ਚ ਵਿਚਾਰ ਅਧੀਨ ਸੀ।

ਪਟੀਸ਼ਨਕਰਤਾ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਪੰਜਾਬ ਵਿਚ ਪੇਸ਼ੀ ਦੌਰਾਨ ਉਨ੍ਹਾਂ ਨੂੰ ਖਤਰਾ ਹੈ। ਇਸ ਕਰ ਕੇ ਇਸ ਮਾਮਲੇ ਦੀ ਸੁਣਵਾਈ ਪੰਜਾਬ ਤੋਂ ਬਾਹਰ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਵੀ ਪੰਜਾਬ ਤੋਂ ਬਾਹਰ ਹੋ ਰਹੀ ਹੈ। (ਬਾਕੀ ਸਫ਼ਾ 26 'ਤੇ)

# ਜੈਕਾਰਿਆਂ ਦੀ ਗੂੰਜ ਵਿੱਚ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਰਵਾਨਾ

## ਖ਼ਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ 2840 ਸ਼ਰਧਾਲੂ ਕਰਨਗੇ ਪਾਕਿਸਤਾਨੀ ਗੁਰਧਾਮਾਂ ਦੇ ਦਰਸ਼ਨ



ਅੰਮ੍ਰਿਤਸਰ/ਏ.ਟੀ.ਨਿਊਜ਼: ਖ਼ਾਲਸਾ ਸਾਜਨਾ ਦਿਵਸ (ਵਿਸਾਖੀ) ਦਾ ਦਿਹਾੜਾ ਪਾਕਿਸਤਾਨ ਸਥਿਤ ਗੁਰਧਾਮਾਂ ਵਿਖੇ ਮਨਾਉਣ ਵਾਸਤੇ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਰਵਾਨਾ ਹੋਇਆ ਹੈ। ਇਸ ਜੱਥੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਤੋਂ ਜੈਕਾਰਿਆਂ ਦੀ ਗੂੰਜ ਵਿੱਚ ਰਵਾਨਾ ਕੀਤਾ ਗਿਆ।

ਸਿੱਖ ਸ਼ਰਧਾਲੂਆਂ ਦਾ ਇਹ ਜੱਥਾ ਪਾਕਿਸਤਾਨ ਸਥਿਤ ਗੁਰੂਧਾਮਾਂ ਦੀ ਯਾਤਰਾ ਦੌਰਾਨ ਖ਼ਾਲਸਾ ਸਾਜਨਾ ਦਿਵਸ ਮਨਾਏਗਾ। ਗੁਰਦੁਆਰਾ ਨਨਕਾਣਾ ਸਾਹਿਬ, ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ ਲਾਹੌਰ, ਗੁਰਦੁਆਰਾ ਕਰਤਾਰਪੁਰ ਸਾਹਿਬ, ਗੁਰਦੁਆਰਾ ਸੱਚਾ ਸੌਦਾ ਤੇ ਹੋਰ ਗੁਰਦੁਆਰਿਆਂ ਦੇ ਦਰਸ਼ਨ ਕਰਨ ਮਗਰੋਂ 19 ਅਪ੍ਰੈਲ ਨੂੰ ਵਾਪਸ ਭਾਰਤ ਪਰਤ ਆਵੇਗਾ।

ਸ਼੍ਰੋਮਣੀ ਕਮੇਟੀ ਦੇ ਦਫਤਰ ਤੋਂ ਇਸ ਜੱਥੇ ਨੂੰ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਨ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਤੇ ਹੋਰਨਾਂ ਵੱਲੋਂ ਰਵਾਨਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਜਥੇ ਦੇ ਮੁਖੀ ਅਤੇ ਹੋਰਨਾਂ ਸਿਰੋਪੇ ਤੇ ਸ਼ੁਭ ਇੱਛਾਵਾਂ ਦਿੱਤੀਆਂ ਗਈਆਂ।ਸਵੇਰੇ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਸਥਿਤ ਗੁਰਦੁਆਰਾ ਸਾਰਾਗੜ੍ਹੀ ਤੋਂ ਐਸ.ਜੀ.ਪੀ.ਸੀ. ਦੀਆਂ ਬੱਸਾਂ ਰਾਹੀਂ ਸ਼ਰਧਾਲੂਆਂ ਨੂੰ ਰਵਾਨਾ ਕੀਤਾ ਗਿਆ। ਜੱਥੇ ਵਿੱਚ ਸ਼ਾਮਲ ਬਰਨਾਲਾ ਦੀ ਰਣਜੀਤ ਕੌਰ ਵਰਗੇ ਕਈ ਸ਼ਰਧਾਲੂ ਅਜਿਹੇ ਹਨ ਜੋ ਪਹਿਲੀ ਵਾਰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਦੇ ਦਰਸ਼ਨਾਂ ਲਈ ਜਾ ਰਹੇ ਹਨ ਅਤੇ ਉਨ੍ਹਾਂ ਦੇ ਚਿਹਰਿਆਂ 'ਤੇ ਆਪਣੀ ਜ਼ਿੰਦਗੀ ਦੀ ਇਸ ਲੰਬੀ ਇੱਛਾ ਦੇ ਪੂਰਾ ਹੋਣ ਦੀ ਖੁਸ਼ੀ ਸਾਫ਼ ਝਲਕ ਰਹੀ ਸੀ।

ਇਸ ਵਾਰ ਖਾਲਸਾ ਸਾਜਨਾ ਦਿਵਸ ਮਨਾਉਣ ਵਾਸਤੇ ਪਾਕਿਸਤਾਨ ਜਾਣ ਲਈ ਪਾਕਿਸਤਾਨੀ ਸਿਫਾਰਤਖਾਨੇ ਵੱਲੋਂ 2840 ਸ਼ਰਧਾਲੂਆਂ ਨੂੰ ਵੀਜ਼ੇ ਦਿੱਤੇ ਗਏ ਹਨ ਜਿਨਾਂ ਵਿੱਚ ਸ਼੍ਰੋਮਣੀ ਕਮੇਟੀ ਦੇ 1763 ਸ਼ਰਧਾਲੂ ਸ਼ਾਮਿਲ ਹਨ। ਸ਼੍ਰੋਮਣੀ ਕਮੇਟੀ ਤੋਂ ਇਲਾਵਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਕਮੇਟੀ ਤੇ ਹੋਰ ਸਿੱਖ ਸੰਸਥਾਵਾਂ ਦੇ ਨਾਲ ਸੰਬੰਧਿਤ ਸ਼ਰਧਾਲੂ ਸ਼ਾਮਿਲ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

### ਮਹਿੰਗਾਈ ਘਟਾਉਣ ਲਈ 'ਰਾਸ਼ਟਰੀ ਨੀਤੀ' ਬਣਾਉਣ ਦੀ ਲੋੜ

ਅਮਰੀਕਾ-ਇਰਾਨ ਜੰਗ ਦਾ ਬਹਾਨਾ ਲਗਾ ਕੇ ਇੱਕਦਮ ਵਧੀ ਮਹਿੰਗਾਈ ਵਿੱਚ 'ਜੰਗਬੰਦੀ' ਹੋਣ ਤੋਂ ਬਾਅਦ ਵੀ ਕਮੀ ਆਉਣ ਦੇ ਕੋਈ ਆਸਾਰ ਦਿਖਾਈ ਨਹੀਂ ਦੇ ਰਹੇ ਸਗੋਂ ਇਸ ਵਿੱਚ ਨਿਰੰਤਰ ਵਾਧਾ ਹੋ ਰਿਹਾ ਹੈ। ਭਾਰਤ ਵਾਸੀ ਪਿਛਲੇ ਦਿਨੀਂ ਇਸ ਗੱਲੋਂ ਵੀ ਵੱਡੀ ਹੈਰਾਨੀ ਵਿੱਚ ਰਹੇ ਕਿ ਜੰਗ ਤਾਂ ਅਮਰੀਕਾ ਅਤੇ ਇਰਾਨ ਵਿਚਾਲੇ ਲੱਗੀ ਰਹੀ ਪਰ ਮਹਿੰਗਾਈ ਵਿੱਚ ਵਾਧਾ ਭਾਰਤ 'ਚ ਹੋ ਗਿਆ। ਬਹਾਨਾ ਇਹ ਲਗਾਇਆ ਗਿਆ ਕਿ ਇਰਾਨ ਤੋਂ ਅਤੇ ਇਰਾਨ ਦੇ ਸਮੁੰਦਰੀ ਰਸਤੇ ਹੋਰਨਾਂ ਮੁਲਕਾਂ ਤੋਂ ਭਾਰਤ ਆਉਣ ਵਾਲਾ ਸਮਾਨ ਇਸ ਜੰਗ ਕਾਰਨ ਮਹਿੰਗਾ ਹੋ ਗਿਆ ਅਤੇ ਆਵਾਜਾਈ ਖਰਚੇ ਵੀ ਵੱਧ ਗਏ, ਜਿਸ ਕਾਰਨ ਮਹਿੰਗਾਈ ਵਿੱਚ ਵਾਧਾ ਹੋਣਾ ਕੁਦਰਤੀ ਹੈ ਪਰ ਅਸਲੀਅਤ ਤਾਂ ਇ ਹ ਹੈ ਕਿ ਦਿਨੋਂ ਦਿਨ ਵੱਧ ਰਹੀ ਮਹਿੰਗਾਈ ਕੁਦਰਤ ਦੇ ਕਹਿਰ ਅਤੇ ਕ੍ਰੋਧ ਦਾ ਨਤੀਜਾ ਨਹੀਂ ਹੈ ਸਗੋਂ ਇਹ ਸ਼ਾਸਕਾਂ ਦੇ ਮਾੜੇ ਇਰਾਦਿਆਂ ਅਤੇ ਕੁਪ੍ਰਬੰਧ ਦੀ ਇੱਕ ਸਪੱਸ਼ਟ ਉਦਾਹਰਣ ਹੈ। ਭਾਰਤ ਵਿੱਚ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਸਮੇਂ ਮਹਿੰਗਾਈ ਨੂੰ ਵੱਡਾ ਮੁੱਦਾ ਬਣਾ ਕੇ ਇਸ ਵਿਰੁੱਧ ਸੰਘਰਸ਼ ਕਰਨ ਵਾਲੀ ਭਾਜਪਾ ਦੇ ਰਾਜਕਾਲ ਦੌਰਾਨ ਭਾਰਤ ਵਿੱਚ ਮਹਿੰਗਾਈ ਸਭ ਹੱਦਾਂ ਬੰਨੇ ਟੱਪ ਗਈ ਹੈ, ਪਰ ਇਸ ਮਹਿੰਗਾਈ ਨੂੰ ਘੱਟ ਕਰਨ ਲਈ ਉਪਰਾਲੇ ਕਰਨ ਵਿੱਚ ਕੇਂਦਰ ਦੀ ਭਾਜਪਾ ਸਰਕਾਰ ਨੇ ਗੋਹਲੇ ਵਿਚੋਂ ਅਜੇ ਤੱਕ ਪੂਣੀ ਵੀ ਨਹੀਂ ਕੱਤੀ। ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਇਹ ਸਰਕਾਰ ਮਹਿੰਗਾਈ ਨੂੰ ਲੈ ਕੇ ਕਿੰਨੀ ਕੁ ਗੰਭੀਰ ਹੈ।

ਪਿਛਲੇ ਦਿਨਾਂ ਦੌਰਾਨ ਜਦੋਂ ਇਰਾਨ ਜੰਗ ਕਾਰਨ ਵਿਦੇਸ਼ਾਂ ਤੋਂ ਭਾਰਤ ਨੂੰ ਆਉਂਦੀ ਰਸੋਈ ਗੈਸ ਸਪਲਾਈ ਵਿੱਚ ਕੁਝ ਵਿਘਨ ਪਿਆ ਤਾਂ ਭਾਰਤ ਸਰਕਾਰ ਨੇ ਇਸ ਦਾ ਲਾਹਾ ਲੈਂਦਿਆਂ ਤੁਰੰਤ ਰਸੋਈ ਗੈਸ ਸਿਲੰਡਰਾਂ ਦੇ ਭਾਅ ਵਧਾ ਦਿਤੇ। ਇਸ ਦੇ ਨਾਲ ਪ੍ਰੀਮੀਅਮ (ਪਾਵਰ) ਪੈਟਰੋਲ ਅਤੇ ਉਦਯੋਗਿਕ ਡੀਜ਼ਲ ਦੇ ਭਾਅ ਵਿੱਚ ਵੀ ਅਚਾਨਕ ਵਾਧਾ ਕਰ ਦਿੱਤਾ। ਇਸ ਦੇ ਨਾਲ ਕੁਝ ਪ੍ਰਾਈਵੇਟ ਤੇਲ ਕੰਪਨੀਆਂ ਨੇ ਪੈਟਰੋਲ ਅਤੇ ਡੀਜ਼ਲ ਦੇ ਭਾਅ ਵਧਾ ਦਿੱਤੇ ਜਿਸ ਕਾਰਨ ਭਾਰਤ ਵਿੱਚ ਹਰ ਤਰ੍ਹਾਂ ਦਾ ਸਮਾਨ ਮਹਿੰਗਾ ਹੋ ਗਿਆ, ਜਿਸ ਕਾਰਨ ਮਹਿੰਗਾਈ ਵਿੱਚ ਵਾਧਾ ਹੋਇਆ। ਜੰਗ ਦਾ ਲਾਹਾ ਲੈਂਦਿਆਂ ਭਾਰਤ ਦੇ ਪੂੰਜੀਪਤੀਆਂ, ਉਦਯੋਗਪਤੀਆਂ, ਕੰਪਨੀਆਂ, ਵਪਾਰੀਆਂ ਨੇ ਆਪਣੇ ਸਮਾਨ ਦੇ ਭਾਅ ਵਧਾ ਕੇ ਮੋਟੀ ਕਮਾਈ ਕਰਨੀ ਸ਼ੁਰੂ ਕਰ ਦਿੱਤੀ, ਜਿਸ ਦਾ ਸਾਰਾ ਬੋਝ ਆਮ ਆਦਮੀ 'ਤੇ ਪੈ ਰਿਹਾ ਹੈ।

ਕਾਂਗਰਸ ਅਤੇ ਹੋਰ ਸਿਆਸੀ ਪਾਰਟੀਆਂ ਦੋਸ਼ ਲਗਾ ਰਹੀਆਂ ਹਨ ਕਿ ਕੇਂਦਰ ਦੀ ਮੋਦੀ ਸਰਕਾਰ ਪੂੰਜੀਪਤੀਆਂ ਅਤੇ ਕਾਰਪੋਰੇਟ ਪੱਖੀ ਹੈ, ਜਿਸ ਕਰਕੇ ਇਸ ਦੀਆਂ ਨੀਤੀਆਂ ਸਿਰਫ਼ ਧਨਾਢਾਂ ਤੇ ਧੰਨਾ ਸੇਠਾਂ ਨੂੰ ਲਾਭ ਪਹੁੰਚਾਉਂਦੀਆਂ ਹਨ, ਜਦੋਂ ਕਿ ਆਮ ਲੋਕ ਮਹਿੰਗਾਈ ਦੀ ਚੱਕੀ ਵਿੱਚ ਪੀਸੇ ਜਾ ਰਹੇ ਹਨ। ਹਾਲ ਤਾਂ ਇਹ ਹੋ ਗਿਆ ਹੈ ਕਿ ਸਰਕਾਰ ਪੱਖੀ ਮੀਡੀਆ ਅਤੇ ਅੰਧ ਭਗਤ ਭਾਰਤ ਵਿੱਚ ਮਹਿੰਗਾਈ ਵਿੱਚ ਹੋ ਰਹੇ ਵਾਧੇ ਬਾਰੇ ਚਿੰਤਾ ਕਰਨ ਦੀ ਥਾਂ ਅਮਰੀਕਾ, ਕੈਨੇਡਾ ਤੇ ਜਾਪਾਨ ਵਰਗੇ ਦੇਸ਼ਾਂ ਵਿੱਚ ਮਹਿੰਗਾਈ ਵਿੱਚ ਹੋ ਰਹੇ ਵਾਧੇ ਦੀ ਉਦਾਹਰਨ ਦੇ ਕੇ ਕਹਿੰਦੇ ਹਨ ਕਿ ਉਹਨਾਂ ਦੇਸ਼ਾਂ ਵਿੱਚ ਸਮਾਨ ਭਾਰਤ ਨਾਲੋਂ ਵੀ ਮਹਿੰਗਾ ਮਿਲਦਾ ਹੈ ਪਰ ਅਜਿਹੇ ਅੰਧ ਭਗਤਾਂ ਨੂੰ ਇਹ ਪਤਾ ਨਹੀਂ ਕਿ ਉਹਨਾਂ ਦੇਸ਼ਾਂ ਵਿੱਚ ਜੇ ਹਰ ਸਮਾਨ ਮਹਿੰਗਾ ਮਿਲਦਾ ਹੈ ਤਾਂ ਉਥੇ ਕਮਾਈ ਵੀ ਤਾਂ ਡਾਲਰਾਂ ਵਿੱਚ ਹੁੰਦੀ ਹੈ। ਇੱਕ ਅਮਰੀਕੀ ਡਾਲਰ ਦੇ ਭਾਰਤ ਵਿੱਚ ਕਿੰਨੇ ਰੁਪਏ ਬਣ ਜਾਂਦੇ ਹਨ, ਇਸ ਦਾ ਆਮ ਲੋਕਾਂ ਨੂੰ ਵੀ ਚੰਗੀ ਤਰ੍ਹਾਂ ਪਤਾ ਹੈ।

ਕਾਲਾ ਧਨ, ਤਸਕਰੀ ਅਤੇ ਜਮ੍ਹਾਂਖੋਰੀ ਮਹਿੰਗਾਈ ਦੇ ਸਭ ਤੋਂ ਚੰਗੇ ਦੋਸਤ ਹਨ। ਕਾਲੇ ਧਨ ਦਾ ਸਭ ਤੋਂ ਮਾੜਾ ਪ੍ਰਭਾਵ ਮਹਿੰਗਾਈ ਅਤੇ ਰੁਜ਼ਗਾਰ ਦੇ ਮੌਕਿਆਂ 'ਤੇ ਪੈਂਦਾ ਹੈ। ਇਸ ਨਾਲ ਉਤਪਾਦਨ ਅਤੇ ਰੁਜ਼ਗਾਰ ਦੀ ਸੰਭਾਵਨਾ ਘਟਦੀ ਹੈ ਅਤੇ ਕੀਮਤਾਂ ਵਧ ਜਾਂਦੀਆਂ ਹਨ। ਮਹਿੰਗਾਈ ਇੱਕ ਅਜਿਹਾ ਮੁੱਦਾ ਹੈ ਜੋ ਨਾ ਸਿਰਫ਼ ਆਰਥਿਕ ਸਥਿਰਤਾ ਨੂੰ ਪ੍ਰਭਾਵਿਤ ਕਰਦਾ ਹੈ ਸਗੋਂ ਹਰੇਕ ਵਿਅਕਤੀ ਦੇ ਜੀਵਨ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦਾ ਹੈ। ਇਹ ਸਾਡੀ ਰਹਿਣ-ਸਹਿਣ ਦੀ ਲਾਗਤ, ਸਾਡੀ ਖਰੀਦ ਸ਼ਕਤੀ ਅਤੇ ਦੇਸ਼ ਦੀ ਸਮੁੱਚੀ ਆਰਥਿਕ ਸਥਿਤੀ ਨੂੰ ਪ੍ਰਭਾਵਿਤ ਕਰਦਾ ਹੈ। ਮਹਿੰਗਾਈ ਦਾ ਅਰਥ ਹੈ ਕਿ ਸਮੇਂ ਦੇ ਨਾਲ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਧਦੀਆਂ ਹਨ, ਜਿਸ ਕਾਰਨ ਖਪਤਕਾਰਾਂ ਨੂੰ ਹਰ ਸਮਾਨ ਦੇ ਵਧੇਰੇ ਪੈਸੇ ਦੇਣੇ ਪੈਂਦੇ ਹਨ, ਜਿਸ ਕਾਰਨ ਉਹਨਾਂ ਦਾ ਆਰਥਿਕ ਨੁਕਸਾਨ ਹੁੰਦਾ ਹੈ।

ਵਧਦੀ ਮਹਿੰਗਾਈ ਭਾਰਤ ਸਰਕਾਰ ਦੀਆਂ ਆਰਥਿਕ ਨੀਤੀਆਂ ਦੀ ਅਸਫਲਤਾ ਦਾ ਨਤੀਜਾ ਹੈ। ਮਹਿੰਗਾਈ ਦਾ ਪ੍ਰਭਾਵ ਬਹੁਤ ਦੂਰ ਤੱਕ ਪੈਂਦਾ ਹੈ। ਇਹ ਗਰੀਬ ਤੇ ਮੱਧ ਵਰਗ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦੀ ਹੈ ਕਿਉਂਕਿ ਉਨ੍ਹਾਂ ਦੀ ਆਮਦਨ ਸਥਿਰ ਰਹਿੰਦੀ ਹੈ ਜਦੋਂ ਕਿ ਵਸਤੂਆਂ ਦੀਆਂ ਕੀਮਤਾਂ ਵਧਦੀਆਂ ਰਹਿੰਦੀਆਂ ਹਨ। ਇਸ ਤੋਂ ਇਲਾਵਾ, ਮਹਿੰਗਾਈ ਬੱਚਤ ਨੂੰ ਵੀ ਪ੍ਰਭਾਵਿਤ ਕਰਦੀ ਹੈ, ਕਿਉਂਕਿ ਲੋਕ ਵਧਦੀਆਂ ਕੀਮਤਾਂ ਕਾਰਨ ਆਪਣੇ ਪੈਸੇ ਬਚਾਉਣ ਵਿੱਚ ਅਸਮਰੱਥ ਹਨ। ਇਸ ਸਮੇਂ ਵੀ ਭਾਰਤ ਵਿੱਚ ਮਹਿੰਗਾਈ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਜਿਸ ਦਾ ਹਰ ਵਰਗ 'ਤੇ ਪ੍ਰਭਾਵ ਪੈ ਰਿਹਾ ਹੈ। ਅੱਜ ਦੇ ਸਮੇਂ ਵਿੱਚ ਆਮ ਲੋਕਾਂ ਦੀ ਆਮਦਨੀ ਘਟ ਰਹੀ ਹੈ, ਜਾਂ ਪਹਿਲਾਂ ਜਿੰਨੀ ਹੀ ਹੈ, ਪਰ ਖਰਚੇ ਅਤੇ ਮਹਿੰਗਾਈ ਲਗਾਤਾਰ ਵੱਧ ਰਹੇ ਹਨ, ਜਿਸ ਕਾਰਨ ਆਮ ਲੋਕਾਂ ਨੂੰ ਜ਼ਰੂਰੀ ਲੋੜ ਦੀਆਂ ਵਸਤੂਆਂ ਖਰੀਦਣ ਵਿੱਚ ਵੀ ਦਿੱਕਤਾਂ ਆ ਰਹੀਆਂ ਹਨ। ਦੋ ਹਫ਼ਤਿਆਂ ਦੀ ਜੰਗਬੰਦੀ ਹੋਣ ਕਾਰਨ ਅਮਰੀਕਾ ਅਤੇ ਇਰਾਨ ਵਿਚਾਲੇ ਜੰਗ ਖ਼ਤਮ ਹੋ ਗਈ ਹੈ, ਜਿਸ ਕਾਰਨ ਅੰਤਰਰਾਸ਼ਟਰੀ ਵਪਾਰ ਵਿੱਚ ਹਰ ਸਮਾਨ ਦੀਆਂ ਕੀਮਤਾਂ ਘੱਟ ਹੋ ਰਹੀਆਂ ਹਨ, ਇਸ ਦਾ ਅਸਰ ਭਾਰਤੀ ਬਾਜ਼ਾਰ 'ਤੇ ਵੀ ਪੈਣਾ ਚਾਹੀਦਾ ਹੈ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਭਾਰਤ 'ਚ ਮਹਿੰਗਾਈ ਘਟਾਉਣ ਲਈ ਉਪਯੋਗੀ ਰਾਸ਼ਟਰੀ ਨੀਤੀ ਬਣਾਈ ਜਾਵੇ ਤਾਂ ਕਿ ਮਹਿੰਗਾਈ ਦੀ ਸਮੱਸਿਆ ਦਾ ਠੋਸ ਹੱਲ ਹੋ ਸਕੇ।

# ਕੌਮੀ ਰਾਜਨੀਤੀ 'ਤੇ ਪ੍ਰਭਾਵ ਪਾਉਣਗੀਆਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ



ਦਰਬਾਰਾ ਸਿੰਘ ਕਾਹਲੋਂ
(ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ)।



ਭਾਰਤ ਦੇ ਪੰਜ ਰਾਜਾਂ ਪੱਛਮੀ ਬੰਗਾਲ, ਕੇਰਲ, ਤਾਮਿਲਨਾਡੂ, ਅਸਾਮ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ ਪੁੱਡੂਚੇਰੀ ਵਿੱਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਬੀਤੀ 9 ਅਪ੍ਰੈਲ ਨੂੰ ਅਸਾਮ, ਕੇਰਲਾ ਅਤੇ ਪੁੱਡੂਚੇਰੀ ਵਿੱਚ ਰਿਕਾਰਡ ਵੋਟਿੰਗ ਹੋਈ ਹੈ। ਇਹ ਚੋਣਾਂ ਅਮਰੀਕਾ-ਇਜ਼ਰਾਇਲ ਵੱਲੋਂ ਇਰਾਨ 'ਤੇ ਕੀਤੇ ਹਮਲੇ ਤੋਂ ਉਤਪੰਨ ਤੇਲ ਤੇ ਗੈਸ ਦੀ ਕਿੱਲਤ ਅਤੇ ਵਿਸ਼ਵ ਪੱਧਰ 'ਤੇ ਬਦਲਦੇ ਜਿਓ-ਪੋਲੀਟੀਕਲ ਮੰਜ਼ਰ 'ਚ ਹੋ ਰਹੀਆਂ ਹਨ। ਬੀਤੀ 9 ਅਪ੍ਰੈਲ ਤੋਂ ਸ਼ੁਰੂ ਹੋਈਆਂ ਇਹ ਚੋਣਾਂ 29 ਅਪ੍ਰੈਲ ਤੱਕ ਹੋਣਗੀਆਂ ਅਤੇ ਚਾਰ ਮਈ ਨੂੰ ਚੋਣ ਨਤੀਜੇ ਐਲਾਨੇ ਜਾਣਗੇ। ਤਿੰਨ ਰਾਜਾਂ ਪੱਛਮੀ ਬੰਗਾਲ, ਕੇਰਲ ਅਤੇ ਤਾਮਿਲਨਾਡੂ ਵਿਚ ਸੱਤਾਧਾਰੀ ਆਗੂ ਅਤੇ ਗੱਠਜੋੜ ਇਸ ਗੱਲ 'ਤੇ ਪੂਰਾ ਜ਼ੋਰ ਲਾ ਰਹੇ ਹਨ ਕਿ ਇਨ੍ਹਾਂ ਰਾਜਾਂ ਵਿੱਚ ਭਾਜਪਾ ਦੇ ਪੈਰ ਨਾ ਲੱਗਣ ਦਿੱਤੇ ਜਾਣ। ਪੱਛਮੀ ਬੰਗਾਲ ਅੰਦਰ ਪਿਛਲੇ 15 ਸਾਲਾਂ ਤੋਂ ਭਾਜਪਾ ਨੂੰ ਸੱਤਾ ਤੋਂ ਦੂਰ ਰੱਖਣ ਲਈ ਤ੍ਰਿਣਮੂਲ ਕਾਂਗਰਸ (ਟੀ.ਐੱਮ.ਸੀ.) ਸੁਪਰੀਮੋ ਮਮਤਾ ਬੈਨਰਜੀ ਡਟੀ ਹੋਈ ਹੈ।

ਤਾਮਿਲਨਾਡੂ ਵਿੱਚ ਡੀ.ਐੱਮ.ਕੇ. ਆਧਾਰਿਤ ਐੱਮਕੇ ਸਟਾਲਿਨ ਦੀ ਅਗਵਾਈ ਵਾਲਾ ਸੈਕੂਲਰ ਪ੍ਰਗਤੀਸ਼ੀਲ ਗੱਠਜੋੜ ਤੇ ਕੇਰਲ ਅੰਦਰ ਪਿਛਲੇ 10 ਸਾਲਾਂ ਤੋਂ ਸੀ.ਪੀ.ਐੱਮ. ਆਗੂ ਪਿਨੇਰਈ ਵਿਜਿਅਨ ਦੀ ਅਗਵਾਈ ਵਿੱਚ ਸੱਤਾ ਵਿੱਚ ਚੱਲ ਰਹੀ ਖੱਬਾ ਲੋਕਤੰਤਰੀ ਮੋਰਚਾ ਸਰਕਾਰ ਭਾਜਪਾ ਨੂੰ ਸੱਤਾ ਤੋਂ ਦੂਰ ਰੱਖਣਾ ਚਾਹੁੰਦੀ ਹੈ। ਅਸਾਮ ਵਿੱਚ ਮੁੱਖ ਮੰਤਰੀ ਹੇਮੰਤ ਬਿਸਵਾ ਸਰਮਾ ਦੀ ਭਾਜਪਾ ਦੀ ਅਗਵਾਈ ਵਾਲਾ ਗੱਠਜੋੜ ਸੱਤਾ ਵਿੱਚ ਹੈ ਅਤੇ ਉਹ ਮੁੜ ਹਰ ਹਾਲਤ ਵਿੱਚ ਸੱਤਾ ਪ੍ਰਾਪਤੀ ਲਈ ਯਤਨਸ਼ੀਲ ਹੈ। ਕੇਂਦਰੀ ਸ਼ਾਸਿਤ ਪ੍ਰਦੇਸ਼ ਪੁੱਡੂਚੇਰੀ ਵਿੱਚ ਸੱਤਾਧਾਰੀ ਐੱਨਡੀਏ ਗੱਠਜੋੜ ਏਆਈਐਨਆਰ ਕਾਂਗਰਸ ਆਗੂ ਮੁੱਖ ਮੰਤਰੀ ਐੱਨ ਰੰਗਾ ਸੁਆਮੀ ਦੀ ਅਗਵਾਈ ਵਿੱਚ ਸੱਤਾ ਬਰਕਰਾਰ ਰੱਖਣ ਲਈ ਜ਼ੋਰ ਅਜ਼ਮਾਈ ਕਰ ਰਿਹਾ ਹੈ।

ਪੱਛਮੀ ਬੰਗਾਲ ਵਿਧਾਨ ਸਭਾ 294 ਮੈਂਬਰਾਂ 'ਤੇ ਆਧਾਰਿਤ ਹੈ। ਰਾਜ ਦੇ 6.44 ਕਰੋੜ ਅਤੇ ਸਪਲੀਮੈਂਟਰੀ ਸੂਚੀ ਵਿੱਚ ਦਰਜ ਵੋਟਰ ਦੋ ਪੜਾਵਾਂ ਵਿਚ ਵੋਟ ਦੇ ਹੱਕ ਦੀ ਵਰਤੋਂ ਕਰਦਿਆਂ ਅਗਲੀ ਸਰਕਾਰ ਲਈ ਫ਼ਤਵਾ ਦੇਣਗੇ। ਪਹਿਲੇ ਪੜਾਅ ਵਿੱਚ 152 ਹਲਕਿਆਂ ਵਿਚ 23 ਅਤੇ ਦੂਜੇ ਪੜਾਅ 'ਚ 142 ਹਲਕਿਆਂ ਵਿੱਚ 29 ਅਪ੍ਰੈਲ ਨੂੰ ਵੋਟਿੰਗ ਹੋਵੇਗੀ।

ਮੁੱਖ ਮੰਤਰੀ ਮਮਤਾ ਬੈਨਰਜੀ ਭਾਜਪਾ ਨੂੰ ਰਾਜ ਵਿੱਚ ਦਾਖ਼ਲ ਹੋਣ ਤੋਂ ਰੋਕਣ ਲਈ 'ਕਰੋ ਜਾਂ ਮਰੋ' ਦੀ ਰਣਨੀਤੀ ਤਹਿਤ ਲੜਾਈ ਲੜ ਰਹੀ ਹੈ। ਉਸ ਨੇ ਮੁੱਖ ਮੁੱਦਾ ਐੱਸ.ਆਈ.ਆਰ. ਨੂੰ ਬਣਾਇਆ ਹੋਇਆ ਹੈ। ਸੰਨ 2024 ਦੀਆਂ ਲੋਕ ਸਭਾ ਚੋਣਾਂ ਵੇਲੇ ਜਿਨ੍ਹਾਂ 89 ਸੀਟਾਂ 'ਤੇ ਟੀ.ਐੱਮ.ਸੀ. ਨੇ 10000 ਵੋਟਾਂ ਨਾਲ ਲੀਡ ਲਈ ਸੀ, ਕੇਂਦਰ ਸਰਕਾਰ ਨੇ ਚੋਣ ਕਮਿਸ਼ਨ ਰਾਹੀਂ ਉਨ੍ਹਾਂ ਵਿੱਚੋਂ ਘੁਸਪੈਠੀਏ ਵੋਟਰਾਂ ਦੇ ਨਾਂ ਹਟਾ ਦਿੱਤੇ ਹਨ। ਇਨ੍ਹਾਂ ਵਿੱਚੋਂ 6.17 ਲੱਖ 'ਤੇ ਲੀਕ ਫਿਰ ਚੁੱਕੀ ਹੈ ਅਤੇ 6 ਲੱਖ ਫ਼ੈਸਲੇ ਅਧੀਨ ਹਨ। ਮਿਸਾਲ ਵਜੋਂ ਸੰਨ 2021 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਵਾਨੀਪੁਰ ਸੀਟ ਮੁੱਖ ਮੰਤਰੀ ਨੇ 58832 ਵੋਟਾਂ ਨਾਲ ਜਿੱਤੀ ਸੀ ਪਰ ਲੋਕ ਸਭਾ ਚੋਣਾਂ ਵਿਚ ਫ਼ਰਕ 8291 ਵੋਟਾਂ ਦਾ ਰਹਿ ਗਿਆ ਸੀ।

ਐੱਸ.ਆਈ.ਆਰ. ਤਹਿਤ ਇਸ ਹਲਕੇ ਵਿੱਚੋਂ 47 ਹਜ਼ਾਰ ਵੋਟਾਂ ਕੱਟੀਆਂ ਜਾ ਚੁੱਕੀਆਂ ਹਨ ਅਤੇ 14000 ਕੇਸ ਅਦਾਲਤ ਦੇ ਵਿਚਾਰ ਅਧੀਨ ਹਨ। ਅਜਿਹੀ ਪ੍ਰਕਿਰਿਆ ਦੂਜੇ ਹਲਕਿਆਂ ਵਿੱਚ ਵੀ ਚੱਲ ਰਹੀ ਹੈ। ਭਾਜਪਾ ਮਮਤਾ ਸਰਕਾਰ 'ਤੇ ਸਕੂਲ ਸੇਵਾ ਕਮਿਸ਼ਨ ਸਕੈਮ, ਰਾਸ਼ਨ ਸਕੈਮ ਅਤੇ ਅਗਸਤ 2024 ਵਿੱਚ ਮੈਡੀਕਲ ਵਿਦਿਆਰਥਣ ਦੇ ਰੇਪ ਅਤੇ ਕਤਲ ਦਾ ਮੁੱਦਾ ਉਠਾ ਰਹੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੁੱਖ ਮੰਤਰੀ 'ਤੇ ਰਾਜ ਨੂੰ ਘੁਸਪੈਠੀਆਂ ਦਾ 'ਮੁੱਖ ਲਾਂਘਾ' ਬਣਾਉਣ ਦਾ ਦੋਸ਼ ਲਗਾਇਆ। ਟੀ.ਐੱਮ.ਸੀ. ਤੋਂ ਵੱਖ ਹੋਇਆ ਬਾਹੂਬਲੀ ਹਮਾਯੂੰ ਕਬੀਰ 'ਜਨਤਾ ਉਨਾਯਨ ਪਾਰਟੀ' ਖੜ੍ਹੀ ਕਰ ਕੇ ਬੇਲਡਾਂਗਾ, ਜ਼ਿਲ੍ਹਾ ਮੁਰਸ਼ਿਦਾਬਾਦ ਵਿੱਚ ਬਾਬਰੀ ਮਸਜਿਦ ਉਸਾਰਨ ਦਾ ਮੁੱਦਾ ਭੜਕਾ ਰਿਹਾ ਹੈ।

ਟੀ.ਐੱਮ.ਸੀ. ਆਗੂ ਮਹੂਆ ਮਿੱਤਰਾ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਮੋਦੀ ਸਰਕਾਰ 'ਤੇ ਜਬਰਦਸਤ ਹਮਲਾ ਕਰਦਿਆਂ ਕਿਹਾ ਹੈ ਕਿ ਤਖ਼ਤ 'ਤੇ ਬੈਠ ਕੇ ਕੋਈ ਬਾਦਸ਼ਾਹ ਨਹੀਂ ਬਣ ਜਾਂਦਾ ਬਲਕਿ ਉਹ ਰਾਜ ਸਰਕਸ ਬਣ ਜਾਂਦਾ ਹੈ। ਸੰਨ 2021 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਟੀ.ਐੱਮ.ਸੀ. ਨੇ 48 ਪ੍ਰਤੀਸ਼ਤ ਵੋਟਾਂ ਨਾਲ 215 ਜਦਕਿ ਭਾਜਪਾ ਨੇ 38 ਫ਼ੀਸਦੀ ਵੋਟਾਂ ਨਾਲ 77 ਸੀਟਾਂ ਜਿਤੀਆਂ ਸਨ। ਸਾਂਝਾ ਮੋਰਚਾ ਸਿਰਫ਼ 10 ਪ੍ਰਤੀਸ਼ਤ ਵੋਟਾਂ ਲੈ ਕੇ ਇੱਕ ਸੀਟ ਤੱਕ ਸੀਮਤ ਰਿਹਾ ਸੀ। ਲੋਕ ਸਭਾ ਚੋਣਾਂ 2024 ਵਿੱਚ ਟੀ.ਐੱਮ.ਸੀ. ਨੇ 46% ਵੋਟਾਂ ਨਾਲ 29, ਭਾਜਪਾ ਨੇ 39% ਨਾਲ 12 ਅਤੇ ਖੱਬੇ ਮੋਰਚੇ ਨੇ 11% ਵੋਟਾਂ ਨਾਲ ਇਕ ਸੀਟ ਪ੍ਰਾਪਤ ਕੀਤੀ ਸੀ। ਓਧਰ ਕੇਰਲ 'ਚ ਇਵੇਂ ਲੱਗਦਾ ਹੈ ਜਿਵੇਂ ਸੱਤਾਧਾਰੀ ਖੱਬੇ ਲੋਕਤੰਤਰੀ ਮੋਰਚੇ ਵਿਰੁੱਧ ਲਹਿਰ ਜ਼ੋਰ ਫੜਦੀ ਹੋਵੇ। ਬੀਤੇ 10 ਸਾਲ ਤੋਂ ਚੱਲ ਰਹੀ ਖੱਬੇ ਮੋਰਚੇ ਦੀ ਪਿਨੇਰਈ ਵਿਜਿਅਨ ਸਰਕਾਰ ਵਿਰੁੱਧ ਆਵਾਜ਼ ਉੱਠਣਾ ਸੁਭਾਵਿਕ ਹੈ। ਇਸ ਵਾਰ ਰਾਜ ਵਿੱਚ ਤੀਜੀ ਸ਼ਕਤੀ ਭਾਜਪਾ ਰਾਜਨੀਤਕ ਘੁਸਪੈਠ ਲਈ ਤਤਪਰ ਹੈ। ਰਾਜ ਵਿੱਚ 140ਸੀਟਾਂ ਆਧਾਰਤ ਵਿਧਾਨ ਸਭਾ ਦੀ ਚੋਣ ਲਈ 9 ਅਪ੍ਰੈਲ ਨੂੰ 26953644 ਵੋਟਰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਚੁੱਕੇ ਹਨ। ਸੰਨ 2021 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸੀ.ਪੀ.ਐੱਮ. ਨੇ 62, ਕਾਂਗਰਸ ਨੇ 21, ਸੀ.ਪੀ.ਆਈ. ਨੇ 17, ਆਈ.ਯੂ.ਐੱਮ.ਐੱਲ. ਨੇ 15, ਆਜ਼ਾਦਾਂ ਨੇ 6 ਅਤੇ ਹੋਰਨਾਂ ਨੇ 19 ਸੀਟਾਂ ਪ੍ਰਾਪਤ ਕੀਤੀਆਂ ਸਨ। ਸੰਨ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਸਾਂਝਾ ਲੋਕਤੰਤਰੀ ਮੋਰਚਾ ਜਿੱਤ ਪ੍ਰਾਪਤ ਕਰ ਗਿਆ ਸੀ। ਕਾਂਗਰਸ ਨੇ 14, ਆਈ.ਯੂ.ਐੱਮ.ਐੱਲ. ਨੇ 2, ਸੀ.ਪੀ.ਐੱਮ. ਨੇ 1, ਭਾਜਪਾ ਨੇ 1 ਤੇ ਆਰ.ਐੱਸ.ਪੀ. ਨੇ 1 ਸੀਟਾਂ ਹਾਸਲ ਕੀਤੀਆਂ ਸਨ।

ਕਾਂਗਰਸ ਦੇ ਡੀਡੀ ਸਾਥੀਸਨ, ਬਜ਼ੁਰਗ ਆਗੂ ਰਮੇਸ਼ ਚੇਨੀਥਾਲਾ, ਸ਼ਸ਼ੀ ਥਰੂਰ, ਕੇਸੀ ਵੇਣੂਗੋਪਾਲ ਵਾਇਨਾਡ ਤੋਂ ਚੁਣੇ ਲੋਕ ਸਭਾ ਮੈਂਬਰ ਰਾਹੁਲ ਗਾਂਧੀ ਦੀ ਅਗਵਾਈ ਵਿੱਚ ਸੱਤਾ ਪ੍ਰਾਪਤੀ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਹੇ ਹਨ। ਰਾਜ ਵਿੱਚ ਧਰਮ, ਜਾਤ, ਇਲਾਕਾ ਆਦਿ ਚੋਣਾਂ ਵਿੱਚ ਵੱਡਾ ਪ੍ਰਭਾਵ ਰੱਖਦੇ ਹਨ। ਖਾੜੀ ਦੇਸ਼ਾਂ ਵਿੱਚ 30 ਲੱਖ ਕੇਰਲ ਵਾਸੀ ਕੰਮ ਕਰਦੇ ਹਨ ਜਿਨ੍ਹਾਂ ਦਾ ਅਜੋਕੀ ਜੰਗ ਵਿੱਚ ਕੇਂਦਰ ਸਰਕਾਰ ਨੇ ਕੋਈ ਧਿਆਨ ਨਹੀਂ ਰੱਖਿਆ। ਇਸ ਦੀ ਕੀਮਤ ਭਾਜਪਾ ਨੂੰ ਚੁਕਾਉਣੀ ਪੈ ਸਕਦੀ ਹੈ।

ਤਾਮਿਲਨਾਡੂ 'ਚ 56707380 ਵੋਟਰ 23 ਅਪ੍ਰੈਲ ਨੂੰ 234 ਸੀਟਾਂ ਵਾਲੀ ਵਿਧਾਨ ਸਭਾ ਲਈ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ। ਸੰਨ 2021 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਡੀ.ਐੱਮ.ਕੇ. ਨੇ ਐੱਮ.ਕੇ. ਸਟਾਲਿਨ ਦੀ ਅਗਵਾਈ ਵਿੱਚ 133, ਏ.ਡੀ.ਐੱਮ.ਕੇ. ਨੇ 66, ਕਾਂਗਰਸ ਨੇ 18, ਪੀ.ਐੱਮ.ਕੇ. ਨੇ 5, ਭਾਜਪਾ ਨੇ 4, ਵੀ.ਸੀ.ਕੇ. ਨੇ 4, ਸੀ.ਪੀ.ਐੱਮ. ਨੇ 2 ਅਤੇ ਸੀ.ਪੀ.ਆਈ. ਨੇ 2 ਸੀਟਾਂ ਪ੍ਰਾਪਤ ਕੀਤੀਆਂ। ਸੰਨ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਡੀ.ਐੱਮ.ਕੇ. ਅਤੇ ਇੰਡੀਆ ਗੱਠਜੋੜ ਨੇ 39 ਦੀਆਂ 39 ਸੀਟਾਂ 46.97 ਪ੍ਰਤੀਸ਼ਤ ਵੋਟਾਂ ਹਾਸਲ ਕਰ ਕੇ ਜਿੱਤੀਆਂ ਸਨ। ਏ.ਡੀ.ਐੱਮ.ਕੇ. ਦੀ ਅਗਵਾਈ ਵਾਲੇ ਮੋਰਚੇ ਨੇ 28.05 ਅਤੇ ਭਾਜਪਾ ਦੀ ਅਗਵਾਈ ਵਾਲੇ ਐੱਨ.ਡੀ.ਏ. ਨੇ 18.28 ਪਤੀਸ਼ਤ ਵੋਟਾਂ ਹਾਸਲ ਕੀਤੀਆਂ ਸਨ।

ਮੁੱਖ ਮੰਤਰੀ ਨੇ ਆਪਣੀ ਪਾਰਟੀ ਡੀ.ਐੱਮ.ਕੇ. ਦਾ ਮੈਨੀਫੈਸਟੋ ਜਾਰੀ ਕਰਦਿਆਂ ਕਿਸਾਨਾਂ ਨੂੰ ਮੁਫ਼ਤ ਵਾਟਰ ਪੰਪ, 10 ਲੱਖ ਨਵੇਂ ਘਰ ਉਸਾਰਨ, 25 ਲੱਖ ਵਿਦਿਆਰਥੀਆਂ ਨੂੰ ਲੈਪਟਾਪ, 1500 ਰੁਪਏ ਮਾਸਿਕ, ਮੁੱਖ ਮੰਤਰੀ ਮੈਡੀਕਲ ਕਵਰਅੱਪ 15 ਲੱਖ, ਬੁਢਾਪਾ ਪੈਨਸ਼ਨ 2000, ਔਰਤਾਂ ਨੂੰ 2000, ਅਪਾਹਜਾਂ ਨੂੰ 2500 ਕੈਸ਼, 1.5 ਲੱਖ ਨੌਕਰੀਆਂ ਅਤੇ ਪਤਾ ਨਹੀਂ ਹੋਰ ਕੀ-ਕੀ ਦੇ ਚੋਣ ਵਾਅਦੇ ਕੀਤੇ ਹਨ।

ਅਸਾਮ ਵਿੱਚ 25021413 ਵੋਟਰ 126 ਮੈਂਬਰੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਨਵੀਂ ਸਰਕਾਰ ਨੂੰ ਫ਼ਤਵਾ ਦੇਣ ਲਈ 9 ਅਪ੍ਰੈਲ ਨੂੰ ਵੋਟਾਂ ਪਾ ਚੁੱਕੇ ਹਨ। ਸੰਨ 2023 ਵਿੱਚ ਰਾਜ ਵਿੱਚ ਹਲਕਿਆਂ ਦੀ ਹੱਦਬੰਦੀ ਤੋਂ ਬਾਅਦ ਪਹਿਲੀ ਵਾਰ ਚੋਣਾਂ ਹੋ ਰਹੀਆਂ ਹਨ। ਮੁਸਲਿਮ ਸੀਟਾਂ 29 ਤੋਂ ਘਟਾ ਕੇ 22 ਕਰ ਦਿੱਤੀਆਂ ਹਨ। ਸੰਨ 2021 ਦੀਆਂ ਚੋਣਾਂ ਵਿੱਚ ਭਾਜਪਾ ਨੇ 60, ਕਾਂਗਰਸ ਨੇ 29, ਏ.ਆਈ.ਯੂ.ਡੀ.ਐੱਫ. 6, ਏ.ਜੀ.ਪੀ. 9, ਯੂ.ਪੀ.ਪੀ.ਐੱਲ. 6, ਆਜ਼ਾਦ 1 ਤੇ ਹੋਰਨਾਂ ਨੇ 5 ਸੀਟਾਂ ਹਾਸਲ ਕੀਤੀਆਂ। ਲੋਕ ਸਭਾ ਚੋਣਾਂ ਵਿੱਚ ਭਾਜਪਾ ਨੇ 9 (37.9%), 3 ਕਾਂਗਰਸ ਨੇ(37.9%), ਏਜੀਪੀ ਨੇ 1(6.6%) ਅਤੇ ਯੂ.ਪੀ.ਪੀ.ਐੱਲ. ਨੇ 1 (2.5%) ਸੀਟਾਂ ਹਾਸਲ ਕੀਤੀਆਂ ਸਨ।

ਕਾਂਗਰਸ ਪਾਰਟੀ ਗੌਰਵ ਗੋਗੋਈ ਦੀ ਅਗਵਾਈ ਵਿੱਚ ਬੜੀ ਸ਼ਿੱਦਤ ਨਾਲ ਸੱਤਾ ਹਾਸਲ ਕਰਨ ਲਈ ਯਤਨਸ਼ੀਲ ਹੈ। ਪੁੱਡੂਚੇਰੀ ਦੀ ਵਿਧਾਨ ਸਭਾ ਦੇ ਕੁੱਲ 33 ਮੈਂਬਰ ਹਨ। ਇਨ੍ਹਾਂ ਵਿੱਚੋਂ 30 ਮੈਂਬਰ ਚੁਣੇ ਜਾਂਦੇ ਹਨ ਜਦਕਿ 3 ਮੈਂਬਰ ਕੋਆਪਟ ਕੀਤੇ ਜਾਂਦੇ ਹਨ। ਉੱਥੇ ਨੌਂ ਅਪ੍ਰੈਲ ਨੂੰ 944211 ਵੋਟਰ ਆਪਣੇ ਵੋਟ ਦਾ ਅਧਿਕਾਰ ਇਸਤੇਮਾਲ ਕਰ ਚੁੱਕੇ ਹਨ। ਪੁੱਡੂਚੇਰੀ ਵਿੱਚ ਏ.ਆਈ.ਐੱਨ.ਆਰ. ਕਾਂਗਰਸ ਦੇ ਆਗੂ ਐੱਨ. ਰੰਗਾਸੁਆਮੀ ਦੀ ਅਗਵਾਈ ਵਿੱਚ ਐੱਨ.ਡੀ.ਏ. ਗੱਠਜੋੜ ਸੱਤਾ ਵਿੱਚ ਹੈ। ਇਸ ਵਾਰ ਪੀਣ ਵਾਲੇ ਸਾਫ਼ ਪਾਣੀ, ਬੇਰੁਜ਼ਗਾਰੀ, ਅਮਨ-ਕਾਨੂੰਨ, ਭ੍ਰਿਸ਼ਟਾਚਾਰ, ਨਸ਼ੀਲੇ ਪਦਾਰਥਾਂ ਦੇ ਮੁੱਦੇ ਉਠਾ ਕੇ ਕਾਂਗਰਸ ਆਪਣੇ ਆਗੂ ਵੀ ਵੈਥੀਲਿੰਘਮ ਦੀ ਅਗਵਾਈ ਵਿਚ ਸੱਤਾ ਪ੍ਰਾਪਤੀ ਲਈ ਯਤਨਸ਼ੀਲ ਹੈ। ਨਿਸ਼ਚਿਤ ਤੌਰ 'ਤੇ ਇਹ ਚੋਣਾਂ ਭਾਰਤੀ ਰਾਜਨੀਤੀ 'ਚ ਭਵਿੱਖੀ ਤਬਦੀਲੀ ਲਈ ਅਹਿਮ ਭੂਮਿਕਾ ਨਿਭਾਉਣਗੀਆਂ।

# ਕੀ ਵਿਸਾਖੀ ਸਿਰਫ਼ ਸਿੱਖਾਂ ਦਾ ਤਿਉਹਾਰ ਹੈ ?





ਸੁਰਿੰਦਰ ਸਿੰਘ ਤੇਜ

ਪਾਕਿਸਤਾਨ ਅਖ਼ਬਾਰ 'ਦਿ ਨਿਊਜ਼' ਦੇ (10 ਅਪ੍ਰੈਲ) 2024 ਦੇ ਅੰਕ ਵਿੱਚ ਮਸਰੂਰ ਅਹਿਮਦ ਨਾਮ ਦੇ ਪਾਠਕ ਦੀ ਨਿੱਕੀ ਜਿਹੀ ਚਿੱਠੀ ਛਪੀ ਸੀ: ਵਿਸਾਖੀ ਕਦੋਂ ਪਾਕਿਸਤਾਨ ਪਰਤੇਗੀ ? ਕੀ ਇਹ ਸਿਰਫ਼ ਸਿੱਖਾਂ ਦਾ ਹੀ ਤਿਉਹਾਰ ਹੈ, ਸਾਰੇ ਪੰਜਾਬੀਆਂ ਦਾ ਨਹੀਂ ? ਇਸ ਚਿੱਠੀ ਦੇ ਜਵਾਬ ਵਿੱਚ ਸੰਪਾਦਕੀ ਟਿੱਪਣੀ ਹੈ, ਅਸਲ ਚਿੱਠੀ ਨਾਲੋਂ ਵੱਡੀ: ਵਿਸਾਖੀ ਪਾਕਿਸਤਾਨ ਵਿੱਚ ਵੀ ਮਨਾਈ ਜਾਂਦੀ ਹੈ। ਸਿਰਫ਼ ਸਿੱਖਾਂ ਜਾਂ ਹਿੰਦੂਆਂ ਵੱਲੋਂ ਨਹੀਂ, ਮੁਸਲਮਾਨਾਂ ਤੇ ਇਸਾਈਆਂ ਵੱਲੋਂ ਵੀ। ਮਜ਼ਹਬੀ ਨਹੀਂ, ਤਹਿਜ਼ੀਬੀ ਤਿਉਹਾਰ ਦੇ ਰੂਪ ਵਿੱਚ, ਬਸੰਤ ਪੰਚਮੀ ਵਾਂਗ। ਇਹ ਅਖ਼ਬਾਰ ਕੁਝ ਧਿਆਨ ਨਾਲ ਪੜ੍ਹ ਲਿਆ ਕਰੋ, ਖ਼ਾਸ ਕਰ ਕੇ 13-14-15 ਅਪ੍ਰੈਲ ਨੂੰ। ਵਿਸਾਖੀ ਬਾਰੇ ਉਪਰੋਕਤ ਦਾਅਵਾ ਹੈ ਵੀ ਸਹੀ। ਨਵੇਂ ਫ਼ਸਲ ਵਰ੍ਹੇ ਦੇ ਆਗਾਜ਼ ਸਮੇਂ ਦੀਆਂ ਖ਼ੁਸ਼ੀਆਂ-ਖੇੜਿਆਂ ਵਾਲਾ ਇਹ ਤਿਉਹਾਰ ਭਾਰਤੀ ਉਪ-ਮਹਾਂਦੀਪ ਦੇ ਉੱਤਰ ਪੱਛਮੀ ਖਿੱਤੇ ਵਿੱਚ ਹਜ਼ਾਰ ਵਰ੍ਹੇ ਤੋਂ ਵੀ ਪਹਿਲਾਂ ਤੋਂ ਮਨਾਇਆ ਜਾ ਰਿਹਾ ਹੈ। ਖ਼ਾਲਸਾ ਪੰਥ ਦੇ ਜਨਮ ਵਰ੍ਹੇ ਤੋਂ ਤਕਰੀਬਨ ਸੱਤ ਸਦੀਆਂ ਪਹਿਲਾਂ ਤੋਂ। ਇਸ ਦੀ ਪੁਰਾਤਨਤਾ ਦੇ ਸਬੂਤ ਕਟਾਸਰਾਜ ਤੀਰਥ, ਦਰਬਾਰ ਹਜ਼ਰਤ ਬਾਬਾ ਸ਼ੇਖ ਫ਼ਰੀਦ (ਪਾਕਿ ਪਟਨ) ਜਾਂ ਠਾਕੁਰਦਵਾਰਾ ਭਗਵਾਨ ਨਰਾਇਣ ਜੀ (ਗੁਰਦਾਸਪੁਰ) ਵਿੱਚ ਲੱਗਦੇ ਮੇਲਿਆਂ ਦੇ ਇਤਿਹਾਸ ਵਿੱਚ ਮੌਜੂਦ ਹਨ। ਉਂਝ ਵੀ ਇਹ ਸਿਰਫ਼ ਪੰਜਾਬੀਆਂ ਜਾਂ ਉੱਤਰ ਭਾਰਤੀਆਂ ਦਾ ਤਿਉਹਾਰ ਨਹੀਂ, ਨਵ-ਫ਼ਸਲੀ ਵਰ੍ਹੇ ਦੀ ਸ਼ੁਰੂਆਤ ਵਜੋਂ ਖ਼ੁਸ਼ੀਆਂ ਮਨਾਉਣ ਤੇ ਆਪੋ-ਆਪਣੇ ਧਾਰਮਿਕ ਇਸ਼ਟਾਂ ਦਾ ਸ਼ੁਕਰਾਨਾ ਕਰਨ ਦੇ ਉੱਦਮ ਵਜੋਂ ਸਮੁੱਚੇ ਦੱਖਣੀ ਏਸ਼ੀਆ ਵਿੱਚ ਵੱਖ-ਵੱਖ ਨਾਵਾਂ ਹੇਠ ਮਨਾਇਆ ਜਾਣ ਵਾਲਾ ਉਤਸਵ ਹੈ; ਇਰਾਨ ਦੀ ਪੂਰਬੀ ਸਰਹੱਦ ਤੋਂ ਲੈ ਕੇ ਮਿਆਂਮਾਰ ਦੇ ਉੱਤਰੀ ਸੂਬਿਆਂ ਤੱਕ। ਕਿਤੇ 13, ਕਿਤੇ 14 ਤੇ ਕਿਤੇ 15 ਅਪ੍ਰੈਲ ਨੂੰ।

ਇਹ ਕੋਈ ਅਤਿਕਥਨੀ ਨਹੀਂ ਕਿ ਵਿਸਾਖੀ (ਜਾਂ ਵੈਸਾਖੀ) ਨੂੰ ਜਿਹੜੀ ਬਸੰਤੀ ਰੰਗਤ, ਖ਼ਾਲਸਾ ਸਾਜਨਾ ਦਿਵਸ ਵਜੋਂ ਮਿਲੀ, ਉਸ ਨੇ ਹੋਰਨਾਂ ਰੰਗਾਂ ਦੀ ਆਭਾ ਮੁਕਾਬਲਤਨ ਫ਼ਿਕੀ ਪਾ ਦਿੱਤੀ। ਕੇਸਰੀ ਰੰਗ ਵਿਸਮਾਦ ਵਾਲੀ ਅਵਸਥਾ ਦਾ ਰੰਗ ਹੈ; ਇਹ ਰੂਹ ਦੇ ਕਰਤਾਰ ਨਾਲ ਇੱਕ-ਮਿਕ ਹੋਣ ਵਾਲੀ ਅਵਸਥਾ ਦਾ ਰੰਗ ਮੰਨਿਆ ਜਾਂਦਾ ਹੈ। ਹੁਨਾਲ ਦੇ ਆਰੰਭ ਦੇ ਦਿਨਾਂ ਵਿੱਚ ਵੱਧ ਚਮਕੀਲਾ, ਵੱਧ ਚਟਕੀਲਾ। ਖ਼ਾਲਸੇ ਦੇ ਨਿਵੇਕਲੇ ਸਰੂਪ ਨੂੰ ਵੱਧ ਦ੍ਰਿਸ਼ਟੀਮਾਨ, ਵੱਧ ਮੁਖ਼ਰਿਤ ਬਣਾਉਣ ਵਾਲਾ। ਇਸੇ ਵਰਤਾਰੇ ਨੇ ਵਿਸਾਖੀ ਦੇ ਜਸ਼ਨਾਂ ਨੂੰ ਮੁੱਖ ਤੌਰ 'ਤੇ ਖਾਲਸਈ ਰੰਗਤ ਵਿੱਚ ਰੰਗਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। 'ਫ਼ਸਲਾਂ ਦੀ ਮੁੱਕ ਗਈ ਰਾਖੀ' ਵਾਲਾ ਦਿਨ, ਨਵੇਂ ਪੰਥ ਦੀ ਸਥਾਪਨਾ ਵਾਲੇ ਦਿਨ ਦਾ ਅਕਸ ਗ੍ਰਹਿਣ ਗਿਆ। ਇਹ ਛਬ ਘਟਣ ਦੀ ਸੰਭਾਵਨਾ ਵੀ ਹੁਣ ਅਸੁਭਾਵਿਕ ਜਾਪਦੀ ਹੈ।

ਆਨੰਦਪੁਰ ਸਾਹਿਬ ਵਿਖੇ 30 ਮਾਰਚ 1699 ਨੂੰ ਵਿਸਾਖੀ ਮੌਕੇ ਖ਼ਾਲਸਾ ਪੰਥ ਦੀ ਸਥਾਪਨਾ ਤੋਂ ਪਹਿਲਾਂ ਵੀ ਸਿੱਖ ਸੰਗਤ, ਵਿਸਾਖੀ ਨੂੰ ਸੱਭਿਆਚਾਰਕ ਉਤਸਵ ਦੀ ਥਾਂ ਧਰਮ-ਉਤਸਵ ਦੇ ਰੂਪ ਵਿੱਚ ਮਨਾਉਂਦੀ ਆ ਰਹੀ ਸੀ, ਇਸ ਦੀ ਪੁਸ਼ਟੀ 'ਮਹਾਨ ਕੋਸ਼' ਤੋਂ ਹੁੰਦੀ ਹੈ। ਇਸ ਕੋਸ਼ ਮੁਤਾਬਿਕ ਗੁਰ-ਦਰਸ਼ਨ ਲਈ ਵੈਸਾਖੀ ਦੇ ਦਿਨ ਦੇਸ਼-ਦੇਸਾਂਤਰਾਂ ਦੀ ਸੰਗਤਿ ਦਾ ਏਕਤ੍ਰ ਹੋਣਾ ਅਰਥਾਤ ਵੈਸਾਖੀ ਦਾ ਮੇਲਾ, ਸਭ ਤੋਂ ਪਹਿਲਾਂ ਡੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਗੁਰੂ ਅਮਰਦਾਸ ਜੀ ਦੀ ਆਗਯਾ ਨਾਲ ਕਾਇਮ ਕੀਤਾ। ਖ਼ਾਲਸਾ ਪੰਥ ਦਾ ਇਹ ਜਨਮ ਦਿਨ ਭੀ ਹੈ, ਇਸ ਲਈ ਸਿੱਖਾਂ ਦਾ ਮਹਾਨ ਦਿਨ ਹੈ। (ਪੰਨਾ 1110)। ਗਿਆਨੀ ਗਿਆਨ ਸਿੰਘ ਮੁਤਾਬਿਕ, ਇਹ ਤੀਜੇ ਗੁਰੂ ਦੀ ਮਿਹਰੇ-ਨਜ਼ਰ ਨਾਲ ਆਰੰਭੇ ਧਾਰਮਿਕ ਅਨੁਸ਼ਠਾਨ ਦਾ ਹੀ ਆਸਰਾ ਸੀ ਕਿ ਕਲਗੀਧਰ ਨੇ ਇਸ ਤਿਉਹਾਰ ਸਿੱਖੀ ਨੂੰ 'ਨਵਾਂ ਵੇਸ, ਨਵਾਂ ਭੇਸ' ਬਖ਼ਸ਼ਣ ਲਈ ਚੁਣਿਆ। ਇਹ ਕਾਰਜ ਸੰਪੂਰਨ ਹੋਣ 'ਤੇ ਕਲਗੀਧਰ ਨੇ ਨਵ-ਸਥਾਪਿਤ ਖ਼ਾਲਸਾ ਕੌਮ ਦੇ ਗੁਣ ਇਸ ਸ਼ਬਦ ਰਾਹੀਂ ਪ੍ਰਗਟਾਏ:

ਜਾਗਤ ਜੋਤ ਜਪੈ ਨਿਸ ਬਾਸੁਰ,
ਏਕ ਬਿਨਾ ਮਨ ਨੈਕ ਨਾ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ, ਗੋਰ ਮੜ੍ਹੀ ਮਟ ਭੂਲ ਨਾ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ,
ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ,
ਤਬ ਖ਼ਾਲਸ ਤਾਹਿ ਨਾਖਾਲਸ ਜਾਨੈ ॥ (33 ਸਵੱਯੇ)।

ਆਨੰਦਪੁਰ ਸਾਹਿਬ ਵਿਖੇ ਵਿਸਾਖੀ ਦਾ ਇਹ ਜਾਹੋ-ਜਲਾਲ 1703 ਤੱਕ ਰਿਹਾ। ਇਸ ਤੋਂ ਬਾਅਦ ਮੁਗ਼ਲ ਹਕੂਮਤ ਅਤੇ 22 ਧਾਰ ਦੇ ਰਾਜਿਆਂ ਨਾਲ ਜੰਗਾਂ-ਯੁੱਧਾਂ ਨੇ ਕਲਗੀਧਰ ਤੇ ਉਨ੍ਹਾਂ ਦੇ ਮੁਰੀਦਾਂ ਨੂੰ ਦੋ ਵਰ੍ਹੇ ਜਸ਼ਨਾਂ ਤੋਂ ਦੂਰ ਰੱਖਿਆ। ਵਿਸਾਖੀ ਉਤਸਵ ਦੀ ਵਾਪਸੀ 1706 ਵਿੱਚ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਖੇ ਹੋਈ ਜਿੱਥੇ ਦਸਮ ਪਿਤਾ ਦੇ ਹੁਕਮਾਂ 'ਤੇ ਫ਼ੁੱਲ ਚੜ੍ਹਾਉਂਦਿਆਂ ਬੇਸ਼ੁਮਾਰ ਸੰਗਤ ਜੁੜੀ। ਇਤਿਹਾਸ ਦੱਸਦਾ ਹੈ ਕਿ ਉਸ ਸਮਾਗਮ ਵਿੱਚ ਸਵਾ ਲੱਖ ਤੋਂ ਵੀ ਵੱਧ ਗੁਰੂ ਪਿਆਰਿਆਂ ਨੇ ਅੰਮ੍ਰਿਤਪਾਨ ਕੀਤਾ। 1708 ਮਗਰੋਂ ਸਿੱਖਾਂ 'ਤੇ ਜ਼ੁਲਮ-ਓ-ਤਸ਼ੱਦਦ ਦਾ ਦੌਰ ਵਧ ਗਿਆ, ਇਸ ਲਈ ਤਲਵੰਡੀ ਸਾਬੋ ਵਿਖੇ ਵਿਸਾਖੀ ਦੇ ਜਸ਼ਨਾਂ ਵਿੱਚ ਵਿਘਨ ਪਿਆ ਪਰ ਤਸ਼ੱਦਦ ਦਾ ਦੌਰ ਮੱਠਾ ਪੈਂਦਿਆਂ ਹੀ ਦਮਦਮਾ ਸਾਹਿਬ ਦੇ ਮਹੰਤ, ਗਿਆਨੀ ਭਗਵਾਨ ਸਿੰਘ ਦੇ ਯਤਨਾਂ ਸਦਕਾ ਵਿਸਾਖੀ ਪੁਰਬ ਐਸਾ ਸੁਰਜੀਤ ਹੋਇਆ ਕਿ ਇਸ ਦਾ ਜਲੌਅ ਹੁਣ ਸਭ ਤੋਂ ਨਿਵੇਕਲਾ ਮੰਨਿਆ ਜਾਂਦਾ ਹੈ। ਇਹ ਸਹੀ ਹੈ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਆਨੰਦਪੁਰ ਸਾਹਿਬ ਵਿਖੇ ਵੀ ਵਿਸਾਖੀ ਮੌਕੇ ਸ਼ਰਧਾਵਾਨ ਹੁੰਮ-ਹੁਮਾ ਕੇ ਪੁੱਜਦੇ ਹਨ ਪਰ ਦਮਦਮਾ ਸਾਹਿਬ ਵਾਲਾ ਜੋੜ ਮੇਲਾ ਸਭ ਤੋਂ ਵੱਡਾ ਮੰਨਿਆ ਜਾਂਦਾ ਹੈ।

ਕੁਝ ਇਸੇ ਹੀ ਤਰਜ਼ 'ਤੇ ਜਲਵਾ ਹੋਰਨਾਂ ਸੂਬਿਆਂ ਵਿੱਚ ਵੀ ਨਜ਼ਰ ਆਉਂਦਾ ਹੈ, ਖ਼ਾਸ ਤੌਰ 'ਤੇ ਬੰਗਲਾ ਮੂਲ ਦੇ ਲੋਕਾਂ ਦੀ ਵਸੋਂ ਵਾਲੇ ਸੂਬਿਆਂ- ਪੱਛਮੀ ਬੰਗਾਲ, ਅਸਾਮ, ਤ੍ਰਿਪੁਰਾ, ਬਿਹਾਰ, ਝਾਰਖੰਡ ਤੇ ਨਾਲ ਹੀ ਬੰਗਲਾਦੇਸ਼ ਵਿੱਚ ਇਨ੍ਹੀਂ ਥਾਈਂ ਫ਼ਸਲੀ ਵਰ੍ਹੇ ਦਾ ਆਗਾਜ਼ 'ਪੌਇਲਾ ਬੈਸਾਖੀ' 'ਸ਼ੁਭੋ ਨੌਬੋਬੋਰਸ' (ਸ਼ੁਭ ਨਵ-ਵਰਸ਼) ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਹ ਅਮੂਮਨ ਵਿਸਾਖੀ ਤੋਂ ਅਗਲੇ ਦਿਨ, ਭਾਵ, 14 ਜਾਂ 15 ਅਪ੍ਰੈਲ ਤੋਂ ਆਰੰਭ ਹੁੰਦਾ ਹੈ। ਇਸ ਨੂੰ ਹਿੰਦੂ ਤੇ ਮੁਸਲਮਾਨ ਇੱਕੋ ਜਿਹੇ ਉਤਸ਼ਾਹ ਨਾਲ ਮਨਾਉਂਦੇ ਹਨ। ਹਿੰਦੂ ਗੰਗਾ, ਹੁਗਲੀ ਤੇ ਹੋਰ ਨਦੀਆਂ ਵਿੱਚ ਇਸ਼ਨਾਨ ਤੇ ਪੂਜਾ ਪਾਠ ਮਗਰੋਂ ਦਿਵਾਲੀ ਵਰਗੇ ਉਤਸ਼ਾਹ ਨਾਲ ਜਸ਼ਨਾਂ ਵਿੱਚ ਸ਼ਰੀਕ ਹੁੰਦੇ ਹਨ। ਇਹ ਮੰਨਿਆ ਜਾਂਦਾ ਹੈ ਕਿ ਇਸ ਤਿਉਹਾਰ ਦਾ ਆਰੰਭ ਮੁਗਲ ਬਾਦਸ਼ਾਹ ਜਲਾਲੂਦੀਨ ਮੁਹੰਮਦ ਅਕਬਰ ਨੇ ਕੀਤਾ ਸੀ। ਅਕਬਰ ਦੇ ਰਾਜ ਕਾਲ ਤੋਂ ਪਹਿਲਾਂ ਕਾਸ਼ਤਕਾਰਾਂ ਤੋਂ ਮਾਲੀਆ, ਹਿਜਰੀ ਵਰ੍ਹੇ ਦੇ ਅੱਧ ਸਮੇਂ ਤੋਂ ਵਸੂਲਿਆ ਜਾਂਦਾ ਸੀ। ਕਾਸ਼ਤਕਾਰਾਂ ਕੋਲ ਉਸ ਸਮੇਂ ਨਾ ਤਾਂ ਪੈਸਾ ਹੁੰਦਾ ਸੀ ਅਤੇ ਨਾ ਹੀ ਉਪਜ। ਸਭ ਸਦੀਆਂ ਤੋਂ ਚਲੀ ਆ ਰਹੀ ਇਸ ਪ੍ਰਥਾ ਅੰਦਰਲੀਆਂ ਖ਼ਾਮੀਆਂ ਨੂੰ ਬੰਗਾਲ ਦੇ ਤੱਤਕਾਲੀ ਸੂਬੇਦਾਰ, ਨਵਾਬ ਮੁਰਸ਼ਦ ਕੁਲੀ ਖਾਨ ਨੇ ਬਾਦਸ਼ਾਹ ਦੇ ਧਿਆਨ ਵਿੱਚ ਲਿਆਂਦਾ। ਬਾਦਸ਼ਾਹ ਨੇ ਮਾਲੀਆ, ਬੰਗਾਲੀ ਨਵ-ਰੋਜ਼ ਸਮੇਂ ਉਗਰਾਹੁਣ ਦਾ ਫ਼ਰਮਾਨ ਜਾਰੀ ਕਰ ਦਿੱਤਾ। ਇਸ ਫ਼ਰਮਾਨ ਸਦਕਾ ਮਿਲੀ ਰਾਹਤ ਨੂੰ ਬੰਗਾਲੀ ਵਸੋਂ ਨੇ ਉਤਸਵ ਦੇ ਰੂਪ ਵਿੱਚ ਮਨਾਉਣਾ ਵਾਜਿਬ ਸਮਝਿਆ। ਇਹ ਦਿਨ ਬੰਗਾਲੀ ਸਭਿਅਤਾ ਦਾ ਅਤਿਅੰਤ ਅਹਿਮ ਹਿੱਸਾ ਬਣ ਗਿਆ।

ਬੰਗਾਲੀਆਂ ਵਾਂਗ ਮਲਿਆਲੀ ਵੀ ਨਵ-ਵਰ੍ਹਾ ਵੈਸਾਖੀ ਦੀ ਪਹਿਲੀ ਤਰੀਕ ਨੂੰ ਮਨਾਉਂਦੇ ਹਨ। ਕੇਰਲ ਤੇ ਉੱਤਰੀ ਕਰਨਾਟਕ ਵਿੱਚ ਇਸ ਤਿਉਹਾਰ ਦਾ ਨਾਮ ਵਿਸ਼ੂ ਹੈ। ਦਿਵਾਲੀਨੁਮਾ ਤਿਉਹਾਰ। ਭਗਵਾਨ ਵਿਸ਼ਨੂੰ ਨੂੰ ਹਰ ਕਿਸਮ ਦੇ ਫ਼ਸਲੀ ਚੜ੍ਹਾਵੇ ਚੜ੍ਹਾਉਣ ਦਾ ਤਿਉਹਾਰ। ਤਾਮਿਲਨਾਡੂ ਤੇ ਉੱਤਰੀ ਸ੍ਰੀਲੰਕਾ ਵਿੱਚ ਵਿਸਾਖ ਦੀ ਪਹਿਲੀ ਤਰੀਕ ਪੁਡਾਂਡੂ ਉਤਸਵ ਹੈ ਭਗਵਾਨ ਵਿਸ਼ਨੂੰ ਨੂੰ ਸਮਰਪਿਤ ਦਿਨ। ਅਸਾਮ ਤੇ ਮਨੀਪੁਰ ਵਿੱਚ ਫ਼ਸਲਾਂ ਦੇ ਤਿੰਨ ਸੀਜ਼ਨ, ਤਿੰਨ ਬੀਹੂ ਹੁੰਦੇ ਹਨ ਪਰ 14 ਅਪ੍ਰੈਲ ਵਾਲਾ ਬੀਹੂ ਸਭ ਤੋਂ ਵੱਧ ਅਹਿਮ ਮੰਨਿਆ ਜਾਂਦਾ ਹੈ। ਇਸ ਨੂੰ ਬੋਹਾਂਗ (ਭਰਪੂਰ) ਜਾਂ ਰੌਂਗਲੀ (ਰੰਗਲੀ) ਬੀਹੂ ਕਿਹਾ ਜਾਂਦਾ ਹੈ ਗ਼ੱਲ ਪਾਕਿਸਤਾਨ ਤੋਂ ਤੁਰੀ ਸੀ, ਖ਼ਤਮ ਵੀ ਉੱਥੇ ਹੀ ਹੋਣੀ ਚਾਹੀਦੀ ਹੈ। ਉੱਥੇ ਸਾਂਝੀ ਵਿਰਾਸਤ ਦੇ ਪੈਰੋਕਾਰਾਂ ਨੇ ਪਿਛਲੇ ਸਾਲ ਵਿਸਾਖੀ ਮੌਕੇ ਝਨਾਅ, ਜਿਹਲਮ, ਰਾਵੀ ਤੇ ਸਤਲੁਜ (ਪਾਕਿਸਤਾਨੀ ਨਾਮ ਹਾਕਰਾ) ਵਿੱਚ ਇਸ਼ਨਾਨ ਵੀ ਕੀਤੇ ਸਨ ਅਤੇ ਲਾਹੌਰ, ਐਮਨਾਬਾਦ, ਫ਼ੈਸਲਾਬਾਦ ਵਿਚ ਸੱਭਿਆਚਾਰਕ ਸਮਾਗਮ ਵੀ ਕੀਤੇ ਸਨ। ਇਸਲਾਮਾਬਾਦ ਦੀ ਸਰਕਾਰੀ ਸੰਸਥਾ, ਨਿਫ਼ਟ ਦੇ ਕੈਂਪਸ ਵਿੱਚ ਤਿੰਨ ਰੋਜ਼ਾ ਵਿਸਾਖੀ ਮੇਲਾ ਵੀ ਲਾਇਆ ਗਿਆ ਸੀ। ਮੇਲੇ ਦੀ ਸਾਂਝੀ ਵਿਰਾਸਤ ਦੇ ਪੈਰੋਕਾਰਾਂ ਤੇ ਪੈਰਵੀਕਾਰਾਂ ਲਈ ਵਿਸਾਖੀ ਦੋ ਹੋਰ ਪੱਖੋਂ ਵੀ ਮਹੱਤਵਪੂਰਨ ਹੈ।

(ਬਾਕੀ ਸਫ਼ਾ 27 'ਤੇ)

# ਪੰਜਾਬ ਦੀ ਸਿਆਸਤ ਮੁਫ਼ਤ ਸਹੂਲਤਾਂ ਵੱਲ, ਪੰਜਾਬ ਪੱਖੀ ਪ੍ਰਵਚਨ ਗਾਇਬ



ਡਾ. ਅਮਨਪ੍ਰੀਤ ਸਿੰਘ ਬਰਾੜ

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 2027 ਦੀਆਂ ਚੋਣਾਂ ਦਾ ਬਿਗਲ 14 ਮਾਰਚ ਨੂੰ ਪੰਜਾਬ ਵਿੱਚ ਵਜਾ ਦਿੱਤਾ ਹੈ। ਜਿੱਥੇ ਭਾਜਪਾ ਆਪਣੀ ਇਸ ਬਦਲਾਅ ਰੈਲੀ ਨੂੰ ਇਤਿਹਾਸਕ ਦੱਸ ਰਹੀ ਹੈ, ਉੱਥੇ ਇਹ ਰੈਲੀ ਵਿਰੋਧੀ ਧਿਰਾਂ ਲਈ ਖ਼ਤਰੇ ਦੀ ਘੰਟੀ ਵੀ ਵਜਾਉਂਦੀ ਹੈ। ਗ੍ਰਹਿ ਮੰਤਰੀ ਦਾ ਕਹਿਣਾ ਹੈ ਕਿ 2024 'ਚ ਭਾਜਪਾ ਨੂੰ ਪੰਜਾਬ ਵਿਚ 19 ਫ਼ੀਸਦੀ ਵੋਟਾਂ ਮਿਲੀਆਂ ਸਨ ਅਤੇ ਜਿੱਥੇ ਵੀ ਸਾਨੂੰ 19 ਫ਼ੀਸਦੀ ਵੋਟਾਂ ਮਿਲਦੀਆਂ ਹਨ, ਅਗਲੀ ਵਾਰ ਉੱਥੇ ਭਾਜਪਾ ਦੀ ਸਰਕਾਰ ਆਉਂਦੀ ਹੈ। ਪੰਜਾਬ 'ਚ ਛੋਟੇ ਭਰਾ ਦੀ ਹੈਸੀਅਤ ਨਾਲ ਚੋਣਾਂ ਲੜਨ ਵਾਲੀ ਭਾਜਪਾ ਇਸ ਵਾਰ ਇਕੱਲਿਆਂ ਹੀ ਚੋਣ ਮੈਦਾਨ ਵਿੱਚ ਆਏਗੀ। ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਆਉਣ 'ਤੇ 2 ਮਹੀਨਿਆਂ ਅੰਦਰ ਨਸ਼ਾ ਬੰਦ ਕਰਵਾ ਦਿਆਂਗੇ ਤੇ ਨਾਲ ਹੀ ਧਰਮ ਪਰਿਵਰਤਨ ਨੂੰ ਵੀ ਠੱਲ੍ਹ ਪਾਈ ਜਾਵੇਗੀ। ਉਨ੍ਹਾਂ 'ਆਪ' ਸਰਕਾਰ ਤੇ ਮੁੱਖ ਮੰਤਰੀ 'ਤੇ ਨਿਸ਼ਾਨੇ ਸਾਧਦਿਆਂ ਕਈ ਘੁਟਾਲਿਆਂ ਦੀ ਗੱਲ ਕੀਤੀ ਅਤੇ ਕਾਂਗਰਸ 'ਤੇ ਵੀ ਵੱਡੇ ਦੋਸ਼ ਲਾਏ। ਉਨ੍ਹਾਂ ਅਕਾਲੀਆਂ ਬਾਰੇ ਸਿਰਫ਼ ਇੰਨਾ ਹੀ ਕਿਹਾ ਕਿ ਉਹ ਨਸ਼ਿਆਂ ਨੂੰ ਰੋਕਣ ਵਿੱਚ ਨਾਕਾਮ ਰਹੇ। ਇਸ ਭਾਸ਼ਨ ਦੇ ਅਰਥ ਹਨ ਕਿ ਅਕਾਲੀ ਤੇ ਕਾਂਗਰਸ ਪਾਰਟੀਆਂ ਵਿੱਚ ਜਾਰੀ ਅੰਦਰੂਨੀ ਘਮਾਸਾਣ ਦੇ ਚਲਦਿਆਂ ਮੁਕਾਬਲਾ ਭਾਜਪਾ ਤੇ 'ਆਪ' ਵਿਚਕਾਰ ਹੋ ਸਕਦਾ ਹੈ।

ਅਕਾਲੀ-ਭਾਜਪਾ ਗੱਠਜੋੜ!

ਆਮ ਧਾਰਨਾ ਹੈ ਕਿ ਭਾਜਪਾ ਨੇ ਇਕੱਲੇ ਚੋਣ ਲੜਨ ਦਾ ਫ਼ੈਸਲਾ ਕਰ ਲਿਆ ਹੈ, ਪਰ ਉਨ੍ਹਾਂ ਵੱਲੋਂ ਅਕਾਲੀ ਦਲ ਨੂੰ ਨਿਸ਼ਾਨੇ 'ਤੇ ਨਾ ਲੈਣ ਤੋਂ ਲਗਦਾ ਹੈ ਕਿ ਅਜੇ ਵੀ ਗੱਠਜੋੜ ਦੀ ਸੰਭਾਵਨਾ ਹੈ। ਸ਼ਾਇਦ ਇਹ ਗੱਠਜੋੜ ਵੋਟਾਂ ਤੋਂ ਪਹਿਲਾਂ ਜਾਂ ਬਾਅਦ ਵਿੱਚ ਵੀ ਹੋ ਜਾਵੇ, ਤਾਂ ਜੋ ਪੇਂਡੂ ਖੇਤਰ ਵਿੱਚ ਇਸ ਕਾਰਨ ਕੋਈ ਨੁਕਸਾਨ ਨਾ ਹੋਵੇ। ਭਾਜਪਾ ਮੁਤਾਬਿਕ ਸੋਸ਼ਲ ਮੀਡੀਆ 'ਤੇ ਅਕਾਲੀਆਂ ਦੇ ਆਉਣ ਦਾ ਦਿਖਾਇਆ ਜਾਂਦਾ ਬਿਰਤਾਂਤ ਠੀਕ ਨਹੀਂ, ਅਕਾਲੀ ਦਲ ਨੂੰ ਆਪਣੇ ਅੰਦਰ ਝਾਤ ਮਾਰਨ ਦੀ ਲੋੜ ਹੈ। ਭਾਵੇਂ ਪੰਜਾਬ 'ਚ ਹੜ੍ਹਾਂ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਦੀ ਸਰਗਰਮ ਭੂਮਿਕਾ ਨਾਲ ਅਕਾਲੀ ਦਲ ਦਾ ਅਕਸ ਲੋਕਾਂ ਵਿੱਚ ਸੁਧਰਿਆ ਹੈ। ਲੋਕਾਂ ਨੂੰ ਲੱਗਣ ਲੱਗਾ ਸੀ ਕਿ ਅਕਾਲੀ ਦਲ ਲੋਕ ਹਿੱਤ ਦੇ ਮੁੱਦੇ ਚੁੱਕ ਰਿਹਾ ਹੈ, ਪਰ ਇਸ ਮੁਹਿੰਮ ਨੂੰ ਅਗਾਂਹ ਵਧਾਉਣ ਲਈ ਬਾਕੀ ਦੇ ਅਕਾਲੀ ਲੀਡਰ ਕਿਤੇ ਵੀ ਨਜ਼ਰ ਨਹੀਂ ਆ ਰਹੇ। ਭਾਵੇਂ ਅਕਾਲੀ ਲੀਡਰ ਇਕੱਠ ਵੀ ਕਰਦੇ ਹਨ ਤਾਂ ਵੀ ਮੁੱਦੇ ਪ੍ਰਧਾਨ ਤੋਂ ਬਿਨਾਂ ਕੋਈ ਵੀ ਹੋਰ ਆਗੂ ਨਹੀਂ ਚੁੱਕਦਾ। ਦੂਜੇ ਪਾਸੇ ਲੋਕਾਂ ਦੇ ਮਨਾਂ ਵਿੱਚ ਅਕਾਲੀਆਂ ਪ੍ਰਤੀ ਜੋ ਗ਼ਲਤ ਧਾਰਨਾਵਾਂ ਹਰ ਸਰਕਾਰ ਪ੍ਰਤੀ ਬਣਦੀਆਂ, ਉਹ ਪੱਕੀਆਂ ਕਰਕੇ ਅਕਾਲੀ ਲੀਡਰਾਂ ਦੀਆਂ ਨਿੱਜੀ ਬਣਾ ਦਿੱਤੀਆਂ ਗਈਆਂ ਹਨ। ਅਕਾਲੀ ਸਰਕਾਰ ਵੇਲੇ ਸੱਤਾ ਦਾ ਅਨੰਦ ਮਾਨਣ ਵਾਲੇ ਕਈ ਲੀਡਰ ਹੁਣ ਵੱਖਰਾ ਚੁੱਲ੍ਹਾ ਬਣਾਈ ਬੈਠੇ ਹਨ।

ਅਕਾਲੀ ਦਲ ਦੇ ਆਈ.ਟੀ. ਵਿੰਗ ਦੀ ਢਿੱਲੀ ਕਾਰਗੁਜ਼ਾਰੀ ਪਾਰਟੀ ਦੇ ਅਕਸ ਨੂੰ ਸੁਧਾਰਨ ਵਿੱਚ ਨਾਕਾਮ ਰਹੀ ਹੈ। ਅਕਾਲੀਆਂ ਨੂੰ ਕੁਝ ਸਮਝ ਨਹੀਂ ਆ ਰਿਹਾ ਤੇ ਡਾਇਨਾਸੋਰ ਵਾਲੇ ਕਿਸੇ ਲੀਡਰ ਦੇ ਬਿਆਨ ਨੂੰ ਅਕਾਲੀ ਦਲ ਦੇ ਆਈ.ਟੀ. ਵਿੰਗ ਨੇ ਕਿਸੇ ਹੋਰ ਹੀ ਰੂਪ 'ਚ ਦਰਸਾਉਣਾ ਸ਼ੁਰੂ ਕਰ ਦਿੱਤਾ ਹੈ। ਸਮੱਸਿਆ ਇਹ ਵੀ ਹੈ ਕਿ ਅਕਾਲੀ ਲੀਡਰ ਖ਼ੁਦ ਬਹੁਤਾ ਪੜ੍ਹਦੇ-ਸੁਣਦੇ ਨਹੀਂ ਤੇ ਨਾ ਹੀ ਉਨ੍ਹਾਂ ਕੋਲ ਚੰਗੇ ਬੁੱਧੀਜੀਵੀਆਂ ਦੀ ਕੋਈ ਟੀਮ ਹੈ, ਜੋ ਕਦੇ ਅਕਾਲੀ ਦਲ ਦੀ ਮਜ਼ਬੂਤ ਬੁਨਿਆਦ ਹੁੰਦੀ ਸੀ। ਮਾਘੀ ਮੇਲੇ ਮੌਕੇ ਅਕਾਲੀ ਦਲ ਦਾ ਇਹ ਕਹਿਣਾ ਕਿ ਸਾਡੇ ਕੋਲ ਤਾਂ ਬਹੁਤੇ ਬੁਲਾਰੇ ਹੀ ਨਹੀਂ, ਜਿਹੜੇ ਸਾਹਮਣੇ ਆਏ, ਉਨ੍ਹਾਂ ਨੂੰ ਵੇਖ ਕੇ ਲੋਕਾਂ ਦੇ ਮਨਾਂ ਵਿੱਚ ਅਕਾਲੀ ਦਲ ਦਾ ਅਜਿਹਾ ਅਕਸ ਬਣਿਆ ਕਿ ਸੱਚਮੁੱਚ ਅਕਾਲੀ ਦਲ ਵਿੱਚ ਚੰਗੇ ਬੰਦਿਆਂ ਦੀ ਘਾਟ ਹੈ। ਹੁਣ ਅਕਾਲੀ ਦਲ ਵੱਲੋਂ ਸ਼ੁਰੂ ਕੀਤੀਆਂ 'ਪੰਜਾਬ ਬਚਾਓ ਰੈਲੀਆਂ' 'ਚ ਦੂਜਿਆਂ 'ਤੇ ਤੰਜ਼ ਜ਼ਿਆਦਾ ਕੱਸੇ ਜਾਂਦੇ ਹਨ ਤੇ ਲੋਕ ਮੁੱਦੇ ਅਣਡਿੱਠ ਹੋ ਜਾਂਦੇ ਹਨ। ਪੰਜਾਬ ਨੂੰ ਬਦਲਣ ਤੋਂ ਪਹਿਲਾਂ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਆਪਣੀ ਖ਼ੁਦ ਦੀ ਸੋਚ ਬਦਲ ਕੇ ਨਵੇਂ ਸਿਰਿਓਂ ਰਣਨੀਤੀ ਬਣਾਉਣ ਦੀ ਲੋੜ ਹੈ, ਤਾਂ ਹੀ ਦੂਜੀਆਂ ਪਾਰਟੀਆਂ ਨੂੰ ਟੱਕਰ ਦਿੱਤੀ ਜਾ ਸਕਦੀ ਹੈ।

ਪੰਜਾਬ ਕਾਂਗਰਸ ਦੀ ਸਥਿਤੀ

ਪੰਜਾਬ ਕਾਂਗਰਸ 'ਚ ਅੱਜ ਹਰ ਵੱਡਾ ਲੀਡਰ ਮੁੱਖ ਮੰਤਰੀ ਦਾ ਚਿਹਰਾ ਬਣਨ ਲਈ ਕਾਹਲਾ ਹੈ ਇਨ੍ਹਾਂ ਦਾ ਆਪਸੀ ਕਾਟੋ-ਕਲੇਸ਼ ਇੰਨਾ ਵਧ ਗਿਆ ਕਿ ਪਾਰਟੀ ਨੂੰ ਬਾਹਰਲੇ ਵਿਰੋਧੀਆਂ ਦੀ ਲੋੜ ਹੀ ਨਹੀਂ। ਸ਼ਾਇਦ ਇਸੇ ਕਰਕੇ ਬਰਨਾਲਾ ਰੈਲੀ ਮੌਕੇ ਰਾਹੁਲ ਗਾਂਧੀ ਨੂੰ ਪਾਰਟੀ ਲੀਡਰਾਂ ਨੂੰ ਜਨਤਕ ਤੌਰ 'ਤੇ ਨਸੀਹਤ ਦਿੰਦਿਆਂ ਇਕੱਠੇ ਹੋ ਕੇ ਕੰਮ ਕਰਨ ਜਾਂ ਬਦਲੇ ਜਾਣ ਲਈ ਤਿਆਰ ਰਹਿਣ ਦੀ ਤਾੜਨਾ ਕਰਨੀ ਪਈ। ਜੇਕਰ ਇਨ੍ਹਾਂ ਲੀਡਰਾਂ ਦੀ ਪਿਛਲੇ 4 ਸਾਲਾਂ ਦੀ ਕਾਰਗੁਜ਼ਾਰੀ ਦੇਖੀਏ ਤਾਂ 1-2 ਨੂੰ ਛੱਡ ਕੇ ਬਹੁਤਿਆਂ ਨੂੰ ਕਿਸੇ ਵੀ ਮੁੱਦੇ 'ਤੇ ਬੋਲਦੇ ਨਹੀਂ ਸੁਣਿਆ। ਕਈ ਵਾਰ ਤਾਂ ਇਹ ਆਪਣੀ ਪਾਰਟੀ ਦੇ ਲੀਡਰਾਂ ਜਾਂ ਵਿਧਾਇਕਾਂ ਵਲੋਂ ਚੁੱਕੇ ਮੁੱਦੇ 'ਤੇ ਵੀ ਮੌਨ ਧਾਰ ਲੈਂਦੇ ਹਨ ਕਿ ਕਿਤੇ ਇਸ ਦਾ ਸਿਹਰਾ ਉਸ ਨੂੰ ਨਾ ਮਿਲ ਜਾਵੇ। ਦਰਅਸਲ ਪਾਰਟੀ ਦੇ ਕਿਸੇ ਵੱਡੇ ਲੀਡਰ ਦੇ ਆਉਣ 'ਤੇ ਜਾਂ ਫਿਰ ਸਟੇਜ 'ਤੇ ਇਕੱਠੇ ਦਿੱਸਣ ਨਾਲ ਇਕਜੁੱਟਤਾ ਨਹੀਂ ਹੁੰਦੀ। ਕਾਂਗਰਸ ਦੇ ਕਈ ਲੀਡਰਾਂ ਨੇ ਹੋਰ ਪਾਰਟੀਆਂ ਵਿਚ ਸ਼ਾਮਿਲ ਹੋਣ ਵੇਲੇ ਆਪਣੀ ਮਾਂ ਪਾਰਟੀ ਨੂੰ ਬਦਨਾਮ ਕਰਨ 'ਚ ਕੋਈ ਕਸਰ ਨਹੀਂ ਛੱਡੀ ਸੀ, ਹੁਣ ਜਦੋਂ ਹੋਰ ਪਾਰਟੀਆਂ ਨੇ ਉਨ੍ਹਾਂ ਦੀ ਬਹੁਤੀ ਪੁੱਛ-ਦੱਸ ਨਾ ਕੀਤੀ ਤਾਂ ਉਹ ਵਾਪਸ ਕਾਂਗਰਸ 'ਚ ਆਉਣਾ ਚਾਹੁੰਦੇ ਹਨ। ਅਜਿਹੇ ਦਲਬਦਲੂ ਨੇਤਾ ਪਾਰਟੀ ਜਾਂ ਲੋਕਾਂ ਦਾ ਕੀ ਸਵਾਰ ਸਕਦੇ ਹਨ, ਉਨ੍ਹਾਂ ਦੀ ਘਰ ਵਾਪਸੀ ਲੀਡਰਸ਼ਿਪ ਦੀ ਘਾਟ ਨਹੀਂ ਤਾਂ ਹੋਰ ਕੀ ਹੈ। ਭਾਵੇਂ ਕਾਂਗਰਸ ਲਈ ਪੰਜਾਬ ਵਿਚ ਕਾਫੀ ਹੱਦ ਤੱਕ ਰਾਹ ਪੱਧਰਾ ਹੋ ਵੀ ਸਕਦਾ ਹੈ, ਪਰ ਅਕਸਰ ਕਾਂਗਰਸ ਹਾਈਕਮਾਂਡ ਫ਼ੈਸਲੇ ਲੈਣ 'ਚ ਦੇਰੀ ਕਰਕੇ ਪਾਰਟੀ ਦਾ ਨੁਕਸਾਨ ਕਰਵਾ ਲੈਂਦੀ ਹੈ। ਸਾਲ 2022 'ਚ ਮੁੱਖ ਮੰਤਰੀ ਬਦਲਣ 'ਚ ਹੋਈ ਦੇਰੀ ਨੇ ਕਾਂਗਰਸ ਦਾ ਨੁਕਸਾਨ ਕਰਵਾ ਦਿੱਤਾ ਸੀ ਤੇ ਹਾਲਾਤ ਅੱਜ ਵੀ ਉਹੋ ਜਿਹੇ ਹੀ ਜਾਪਦੇ ਹਨ। ਜਿਹੜਾ ਖਾਲੀ ਪੀਪਾ 2017 ਵਿੱਚ ਕਾਂਗਰਸ ਨੇ ਅਕਾਲੀਆਂ ਤੋਂ ਫੜਿਆ ਸੀ, 2022 ਤੱਕ ਕਾਂਗਰਸ ਨੇ ਵੀ ਉਹੀ ਪੀਪਾ ਖਾਲੀ ਕਰ ਲਿਆ ਸੀ।

ਆਪ ਦੀ ਮੁਫ਼ਤ ਸਹੂਲਤਾਂ ਦੀ ਰਾਜਨੀਤੀ: ਆਪ ਦੀ ਸਰਕਾਰ ਅੱਜ ਮੁਫ਼ਤ ਦੀਆਂ ਸਹੂਲਤਾਂ ਦੇਣ ਵਾਲੀ ਰਾਜਨੀਤੀ 'ਤੇ ਸਵਾਰ ਹੋ ਕੇ ਸੱਤਾ ਭੋਗ ਰਹੀ ਹੈ। ਉਂਝ ਵੀ ਸਾਡੀ ਮਾਨਸਿਕਤਾ ਮੁਫ਼ਤ ਦੀਆਂ ਸਹੂਲਤਾਂ ਤੇ ਛੋਟਾਂ ਦੀ ਆਦੀ ਹੋ ਚੁੱਕੀ ਹੈ ਤੇ ਲੋਕ ਮੁਫ਼ਤ ਦੀਆਂ ਸਹੂਲਤਾਂ ਦੇਣ ਵਾਲਿਆਂ ਤੋਂ ਬਹੁਤ ਖ਼ੁਸ਼ ਰਹਿੰਦੇ ਹਨ ਤੇ ਉਨ੍ਹਾਂ ਦੀ ਜੈ-ਜੈ ਕਾਰ ਕਰਦੇ ਹਨ। ਇਸ ਬਦਲ ਚੁੱਕੀ ਸੋਚ ਦੀ ਇਕ ਮੁੱਖ ਵਜ੍ਹਾ ਇਹ ਵੀ ਹੈ ਕਿ ਹੁਣ ਪੰਜਾਬ ਵਿੱਚ ਇਕੱਲੇ ਪੰਜਾਬੀ ਹੀ ਨਹੀਂ ਰਹਿੰਦੇ ਅਤੇ ਦੇਖਾ-ਦੇਖੀ ਹੋਰਾਂ ਵਾਂਗ ਪੰਜਾਬੀ ਵੀ ਬਦਲ ਰਹੇ ਹਨ। ਹੁਣ ਸੱਤਾਧਾਰੀਆਂ ਨੂੰ ਇਸ ਗੱਲ ਦਾ ਧਿਆਨ ਰੱਖਣ ਦੀ ਲੋੜ ਹੈ, ਕਿ ਉਨ੍ਹਾਂ ਦੇ ਬਹੁਤ ਸਾਰੇ ਵਰਕਰ ਬਹੁਤ ਨਿਰਾਸ਼ ਹਨ ਤੇ ਇਸ ਦੀ ਵੱਡੀ ਵਜ੍ਹਾ ਪੰਜਾਬ ਦੇ ਵਰਕਰਾਂ ਨੂੰ ਨਜ਼ਰਅੰਦਾਜ਼ ਕੀਤਾ ਜਾਣਾ ਹੈ।




(ਬਾਕੀ ਸਫ਼ਾ 27 'ਤੇ)

# ਤਿਉਹਾਰਾਂ 'ਚ ਹੁਣ - ਹਮਲਾਵਰਤਾ, ਅਸ਼ਲੀਲਤਾ ਅਤੇ ਫ਼ਿਰਕੂ ਤਣਾਅ ਕਿਉਂ ?



ਪ੍ਰੋਫ਼ੈਸਰ ਅਪੂਰਵਾਨੰਦ

**ਤਿਉਹਾਰਾਂ ਦੌਰਾਨ ਨਿਕਲਣ ਵਾਲੇ ਜਲੂਸਾਂ ਵਿੱਚ ਭੜਕਾਊ ਨਾਅਰੇ, ਹਥਿਆਰ ਅਤੇ ਅਸ਼ਲੀਲ ਗੀਤ ਹੁਣ ਆਸਥਾ ਦੀ ਨਵੀਂ ਪਛਾਣ ਬਣ ਗਏ ਹਨ। ਪ੍ਰਸਿੱਧ ਚਿੰਤਕ ਅਤੇ ਕਾਲਮਨਵੀਸ ਅਪੂਰਵਾਨੰਦ ਦਾ ਇਹ ਲੇਖ ਸਮਾਜਿਕ ਚੁੱਪ ਅਤੇ ਪ੍ਰਸ਼ਾਸਨਿਕ ਢਿੱਲ 'ਤੇ ਕਈ ਸਵਾਲ ਉਠਾਉਂਦਾ ਹੈ। - ਸੰਪਾਦਕ**

ਇੱਕ ਹੋਰ ਹਿੰਦੂ ਤਿਉਹਾਰ ਬੀਤ ਗਿਆ ਹੈ। ਹੋਛਾਪਨ, ਅਸ਼ਲੀਲਤਾ, ਨ਼ਫਰਤ ਅਤੇ ਹਿੰਸਾ ਦੇ ਪ੍ਰਦਰਸ਼ਨ ਦਾ ਇੱਕ ਹੋਰ ਮੌਕਾ ਅਜੇ ਹੁਣੇ ਗੁਜ਼ਰਿਆ ਹੈ। ਇਸ ਦੌਰਾਨ ਮੁਸਲਮਾਨਾਂ ਨੂੰ ਬੇਇੱਜ਼ਤ ਕਰਨ ਦਾ ਇੱਕ ਹੋਰ ਮੌਕਾ ਲਭਿਆ ਗਿਆ ਹੈ। ਥਾਂ-ਥਾਂ ਤੋਂ ਅਜਿਹੀਆਂ ਖ਼ਬਰਾਂ ਅਤੇ ਤਸਵੀਰਾਂ ਅਜੇ ਵੀ ਆ ਰਹੀਆਂ ਹਨ ਜਿਨ੍ਹਾਂ ਵਿੱਚ ਰਾਮ ਨੌਮੀ ਅਤੇ ਹਨੂਮਾਨ ਜਯੰਤੀ ਦੇ ਜਲੂਸਾਂ ਵਿੱਚ ਸ਼ਾਮਲ ਹਿੰਦੂ ਮਸਜਿਦਾਂ, ਮਦਰੱਸਿਆਂ 'ਤੇ ਚੜ੍ਹ ਕੇ ਨੱਚ ਰਹੇ ਹਨ, ਉੱਥੇ ਲੱਗੇ ਹੋਏ ਧਾਰਮਿਕ ਨਿਸ਼ਾਨ ਨੋਚ ਕੇ ਸੁੱਟ ਰਹੇ ਹਨ ਅਤੇ ਉਨ੍ਹਾਂ 'ਤੇ ਭਗਵਾ ਝੰਡਾ ਲਗਾ ਰਹੇ ਹਨ। ਜੇਕਰ ਉਹ ਅਜਿਹਾ ਨਹੀਂ ਵੀ ਕਰ ਰਹੇ, ਤਾਂ ਤਲਵਾਰਾਂ ਅਤੇ ਹਥਿਆਰਾਂ ਨਾਲ ਹਮਲਾਵਰ ਨਾਅਰੇ ਲਗਾਉਂਦੇ ਹੋਏ ਜਲੂਸਾਂ ਦੇ ਦ੍ਰਿਸ਼ ਆਮ ਹਨ।

ਅਕਸਰ ਪੁਲਿਸ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਨਹੀਂ ਰੋਕਦੀ। ਮੁਸਲਮਾਨਾਂ ਦਾ ਕੋਈ ਵਿਰੋਧ ਵੀ ਨਹੀਂ ਦਿਖਾਈ ਦੇ ਰਿਹਾ। ਮੁਸਲਮਾਨਾਂ ਨੂੰ ਆਪਣੇ ਤਜ਼ਰਬੇ ਤੋਂ ਪਤਾ ਹੈ ਕਿ ਜੇਕਰ ਉਨ੍ਹਾਂ ਨੇ ਇਸ ਹਿੰਸਕ ਹਿੰਦੂ ਭੀੜ ਤੋਂ ਆਪਣੀ ਮਸਜਿਦ, ਮਦਰੱਸੇ ਜਾਂ ਮਕਾਨ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾਂ ਹਿੰਸਾ ਦਾ ਥੋੜ੍ਹਾ ਜਿਹਾ ਵੀ ਵਿਰੋਧ ਕੀਤਾ, ਤਾਂ ਉਨ੍ਹਾਂ ਨੂੰ ਹੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ, ਉਨ੍ਹਾਂ ਦੇ ਘਰਾਂ ਅਤੇ ਦੁਕਾਨਾਂ 'ਤੇ ਬੁਲਡੋਜ਼ਰ ਚਲਾਇਆ ਜਾ ਸਕਦਾ ਹੈ। ਦਿੱਲੀ, ਝਾਰਖੰਡ, ਬਿਹਾਰ, ਮੱਧ ਪ੍ਰਦੇਸ਼ ਤੋਂ ਤਣਾਅ ਅਤੇ ਹਿੰਸਾ ਦੀਆਂ ਖ਼ਬਰਾਂ ਮਿਲੀਆਂ ਹਨ। ਪੱਛਮੀ ਬੰਗਾਲ ਵਿੱਚ ਸਭ ਤੋਂ ਵੱਧ ਹਿੰਸਾ ਹੋਈ ਹੈ, ਖਾਸ ਕਰਕੇ ਮੁਰਸ਼ਿਦਾਬਾਦ ਵਿੱਚ। ਇਸ ਦਾ ਕਾਰਨ ਦੱਸਦਿਆਂ ਇਹ ਤਰਕ ਦਿੱਤਾ ਜਾਵੇਗਾ ਕਿ ਮੁਸਲਮਾਨਾਂ 'ਤੇ ਹਿੰਸਾ ਇਸ ਲਈ ਹੋਈ, ਕਿਉਂਕਿ ਉੱਥੇ ਚੋਣਾਂ ਹੋਣ ਵਾਲੀਆਂ ਹਨ। ਇਹ ਮੰਨ ਲਿਆ ਗਿਆ ਹੈ ਕਿ ਮੁਸਲਮਾਨਾਂ ਦੇ ਖ਼ਿਲਾਫ਼ ਨ਼ਫਰਤ ਦਾ ਪ੍ਰਚਾਰ ਜਾਂ ਹਿੰਸਾ ਹਿੰਦੂਆਂ ਨੂੰ ਸੰਗਠਿਤ ਜਾਂ ਇਕਜੁੱਟ ਕਰਨ ਦਾ ਇੱਕ ਸਭ ਤੋਂ ਕਾਰਗਰ ਤਰੀਕਾ ਹੈ। ਇਸ ਲਈ ਇਹ ਜਾਇਜ਼ ਵੀ ਹੋ ਜਾਂਦਾ ਹੈ ਕਿਉਂਕਿ ਜਨਤਾ ਨੂੰ ਲਾਮਬੰਦ ਕਰਨਾ ਤਾਂ ਇੱਕ ਜਮਹੂਰੀ ਅਧਿਕਾਰ ਹੈ! ਹਿੰਦੂ ਭਾਵਨਾਵਾਂ ਦੇ ਸੰਗਠਨ ਲਈ ਮੁਸਲਮਾਨ-ਵਿਰੋਧੀ ਉਤੇਜਨਾ ਲਾਜ਼ਮੀ ਮੰਨ ਲਈ ਗਈ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਮੁਸਲਮਾਨਾਂ ਵਿਰੁੱਧ ਹਿੰਸਾ ਦਾ ਅਸਲੀ ਉਦੇਸ਼ ਅਸਲ ਮੁੱਦਿਆਂ ਤੋਂ ਹਿੰਦੂ ਭਾਈਚਾਰੇ ਦਾ ਧਿਆਨ ਭਟਕਾਉਣਾ ਹੈ। ਯਾਨੀ ਇਸ ਹਿੰਸਾ ਵਿੱਚ ਵੀ ਨਿਸ਼ਾਨਾ ਹਿੰਦੂਆਂ ਦਾ ਮਨ ਹੈ, ਮੁਸਲਮਾਨ ਨਹੀਂ!

ਜੋ ਵੀ ਹੋਵੇ, ਅਦਾਲਤਾਂ ਨੂੰ ਵੀ ਹੁਣ ਇਸ 'ਤੇ ਕੋਈ ਇਤਰਾਜ਼ ਨਹੀਂ ਰਿਹਾ। ਪੁਲਿਸ ਅਤੇ ਪ੍ਰਸ਼ਾਸਨ ਨੂੰ ਤਾਂ ਇਹ ਸਹੀ ਹੀ ਲੱਗਦਾ ਹੈ। ਕੁੱਝ ਥਾਵਾਂ ਨੂੰ ਛੱਡ ਕੇ ਪ੍ਰਸ਼ਾਸਨ ਹਿੰਦੂਆਂ ਨੂੰ ਇਸ ਦੀ ਇਜਾਜ਼ਤ ਦਿੰਦਾ ਹੈ ਕਿ ਉਹ ਇਹ ਹਿੰਸਾ ਕਰਨ ਜਾਂ ਜ਼ਹਿਰ ਉਗਲਣ। ਉਨ੍ਹਾਂ ਨਾਲ ਗੱਲ ਕਰੋ ਤਾਂ ਕੁਝ ਅਧਿਕਾਰੀ ਤਰਕ ਦੇਣਗੇ ਕਿ ਹਿੰਦੂਆਂ ਦੀ ਭੜਾਸ ਹੈ, ਨਿਕਲ ਜਾਣ ਦਿਓ। ਰੋਕਣ 'ਤੇ ਉਹ ਹੋਰ ਭੜਕ ਸਕਦੇ ਹਨ ਅਤੇ ਹਿੰਸਾ ਹੋ ਸਕਦੀ ਹੈ। ਕੀ ਮੁਸਲਮਾਨ ਥੋੜ੍ਹੀ-ਬਹੁਤ ਗਾਲੀ ਬਰਦਾਸ਼ਤ ਨਹੀਂ ਕਰ ਸਕਦੇ? ਜਾਂ ਥੋੜ੍ਹੀ ਜਿਹੀ ਤੋੜ-ਫ਼ੋੜ? ਜੇਕਰ ਉਨ੍ਹਾਂ ਦੇ ਘਰ ਵਿੱਚ ਵੜ ਕੇ ਕੋਈ ਭਗਵਾ ਝੰਡਾ ਲਗਾ ਹੀ ਰਿਹਾ ਹੈ, ਤਾਂ ਕੀ ਇਸ ਨਾਲ ਉਨ੍ਹਾਂ ਦੇ ਸਰੀਰ 'ਤੇ ਕੋਈ ਜ਼ਖਮ ਲੱਗ ਰਿਹਾ ਹੈ? ਉਹ ਭਗਵਾ ਝੰਡੇ ਤੋਂ ਕਿਉਂ ਨ਼ਫਰਤ ਕਰਦੇ ਹਨ ਅਤੇ ਕਿਉਂ ਆਪਣੇ ਘਰ ਵਿੱਚ ਨਹੀਂ ਲਗਾਉਣ ਦਿੰਦੇ? ਮੁਸਲਮਾਨ ਇੰਨੇ 'ਛੂਈ-ਮੁਈ' ਕਿਉਂ ਹਨ ਅਤੇ ਇੰਨੇ ਅਸਹਿਣਸ਼ੀਲ ਕਿਉਂ ਹਨ ਕਿ ਥੋੜ੍ਹੀ ਜਿਹੀ ਨ਼ਫਰਤ ਅਤੇ ਹਿੰਸਾ ਉਨ੍ਹਾਂ ਤੋਂ ਬਰਦਾਸ਼ਤ ਨਹੀਂ ਹੁੰਦੀ?

ਹੁਣ ਇਹ ਇੰਨਾ ਆਮ ਹੋ ਗਿਆ ਹੈ ਕਿ ਕੋਈ ਅਖ਼ਬਾਰ, ਕੋਈ ਟੀ.ਵੀ. ਚੈਨਲ ਇਸ ਨ਼ਫਰਤ ਅਤੇ ਹਿੰਸਾ ਦੀ ਆਲੋਚਨਾ ਨਹੀਂ ਕਰਦਾ। ਕੋਈ ਸਿਆਸੀ ਪਾਰਟੀ ਇਸ 'ਤੇ ਕੁੱਝ ਨਹੀਂ ਬੋਲਦੀ ਕਿਉਂਕਿ ਉਨ੍ਹਾਂ ਨੂੰ ਇਹ ਡਰ ਸਤਾਉਂਦਾ ਹੈ ਕਿ ਇਨ੍ਹਾਂ ਜਲੂਸਾਂ ਵਿੱਚ ਉਨ੍ਹਾਂ ਦੇ ਵੋਟਰ ਵੀ ਹੋਣਗੇ ਅਤੇ ਉਨ੍ਹਾਂ ਦੀ ਆਲੋਚਨਾ ਕਰਨ ਨਾਲ ਉਹ ਉਨ੍ਹਾਂ ਤੋਂ ਦੂਰ ਹੋ ਜਾਣਗੇ। ਇਸ ਦਾ ਜ਼ਿਕਰ ਕਰਨਾ ਹੀ ਮਾੜਾ ਮੰਨਿਆ ਜਾਂਦਾ ਹੈ, ਕਿਉਂਕਿ ਇਸ ਨਾਲ ਨਕਾਰਾਤਮਕਤਾ ਫ਼ੈਲਦੀ ਹੈ। ਲਿਖਣ-ਬੋਲਣ ਵਾਲੇ ਵੀ ਅੱਕ ਜਾਂਦੇ ਹਨ, ਕਿਉਂਕਿ ਇਹ ਤਾਂ ਹਰ ਸਾਲ ਹੁੰਦਾ ਹੈ ਅਤੇ ਸਾਲ ਵਿੱਚ ਕਈ ਵਾਰ ਹੁੰਦਾ ਹੈ। ਉਹ ਇੱਕ ਹੀ ਗੱਲ ਕਿੰਨੀ ਵਾਰ ਬੋਲਣ ਜਾਂ ਲਿਖਣ! ਪਰ ਅਸੀਂ ਜ਼ਰਾ ਖ਼ੁਦ ਨੂੰ ਮੁਸਲਮਾਨਾਂ ਦੀ ਥਾਂ ਰੱਖ ਕੇ ਦੇਖੀਏ ਅਤੇ ਸੋਚੀਏ ਕਿ ਹਰ ਸਾਲ, ਅਤੇ ਸਾਲ ਵਿੱਚ ਕਈ ਵਾਰ ਜੇਕਰ ਇਹ ਸਭ ਝੱਲਣਾ ਪਵੇ ਤਾਂ ਸਾਡੇ 'ਤੇ ਕੀ ਅਸਰ ਹੋਵੇਗਾ? ਅਤੇ ਕੀ ਪਹਿਲੀ ਵਾਰ ਤਾਂ ਅਸੀਂ ਕੁਝ ਕਰਾਂਗੇ, ਪਰ ਅਗਲੀ ਵਾਰ ਆਪਣੇ ਘਰਾਂ ਦੇ ਬੂਹੇ ਅਤੇ ਆਪਣੇ ਕੰਨ ਬੰਦ ਕਰ ਲਵਾਂਗੇ? ਕੀ ਸਾਡੇ ਅੰਦਰ ਕੋਈ ਪ੍ਰਤੀਕਿਰਿਆ ਨਹੀਂ ਹੋਵੇਗੀ?

ਆਮ ਤੌਰ 'ਤੇ ਧਾਰਮਿਕ ਮੌਕਿਆਂ 'ਤੇ ਲੋਕ ਆਪਣੇ ਸਭ ਤੋਂ ਵਧੀਆ ਰੂਪ ਵਿੱਚ ਦਿਖਣਾ ਚਾਹੁੰਦੇ ਹਨ। ਉਹ ਸਿਰਫ਼ ਕੱਪੜੇ ਹੀ ਨਵੇਂ ਨਹੀਂ ਪਹਿਨਦੇ, ਇਹ ਵੀ ਚਾਹੁੰਦੇ ਹਨ ਕਿ ਘੱਟੋ-ਘੱਟ ਉਸ ਦਿਨ ਉਹ ਭਲੇ ਦਿਖਾਈ ਦੇਣ। ਧਾਰਮਿਕ ਮੌਕਿਆਂ ਤੋਂ ਲੋਕ ਪਵਿੱਤਰਤਾ ਦਾ ਭਾਵ ਗ੍ਰਹਿਣ ਕਰਨਾ ਚਾਹੁੰਦੇ ਹਨ, ਮਾਨੋ ਰੋਜ਼ਾਨਾ ਦੀ ਧੂੜ-ਮਿੱਟੀ ਨਾਲ ਲਿਬੜੀ ਹੋਈ ਰੂਹ ਧੋਤੀ ਜਾਵੇ। ਪਰ ਹੁਣ ਦੁਰਗਾ ਪੂਜਾ ਹੋਵੇ ਜਾਂ ਰਾਮ ਨੌਮੀ ਜਾਂ ਹਨੂਮਾਨ ਜਯੰਤੀ, ਹਿੰਦੂ ਜਿਵੇਂ ਹੋਰ ਗੰਦਗੀ ਵਿੱਚ ਖ਼ੁਦ ਨੂੰ ਲੇਪ ਲੈਂਦੇ ਹਨ। ਅਜਿਹੇ ਮੌਕਿਆਂ 'ਤੇ ਉਨ੍ਹਾਂ ਵਿੱਚੋਂ ਕਈ ਲੁਟੇਰੇ ਅਤੇ ਕਾਤਲ ਬਣ ਜਾਂਦੇ ਹਨ।

ਹਿੰਦੂ ਪਰਵ-ਤਿਉਹਾਰ ਭਾਰਤ ਦੀ ਧਰਤੀ 'ਤੇ ਅਤੇ ਉਸ ਵਿੱਚ ਰਹਿਣ ਵਾਲਿਆਂ 'ਤੇ ਹਿੰਦੂਆਂ ਦਾ ਦਬਦਬਾ ਸਾਬਤ ਕਰਨ ਦੇ ਮੌਕੇ ਬਣ ਗਏ ਹਨ। ਹਿੰਦੂ ਇਸ ਨੂੰ ਆਪਣਾ ਹੱਕ ਮੰਨਦੇ ਹਨ ਕਿ ਉਹ ਅਜਿਹੇ ਮੌਕੇ 'ਤੇ ਮੁਸਲਮਾਨਾਂ ਦੀਆਂ ਗਲੀਆਂ ਵਿੱਚ ਭੜਕਾਊ ਨਾਅਰੇ ਲਗਾਉਂਦੇ ਹੋਏ, ਹਥਿਆਰ ਲਹਿਰਾਉਂਦੇ ਹੋਏ ਜਲੂਸ ਕੱਢਣ। ਮਸਜਿਦਾਂ, ਮਦਰੱਸਿਆਂ ਦੇ ਅੰਦਰ ਵੜ ਜਾਣ, ਤੋੜ-ਫ਼ੋੜ ਕਰਨ। ਰੋਕਣ 'ਤੇ ਉਹ ਬੁਰਾ ਮਨਾ ਜਾਂਦੇ ਹਨ।

ਇਸ ਦੇਸ਼ ਵਿੱਚ ਦੂਜੇ ਧਰਮਾਂ ਦੇ ਲੋਕ ਵੀ ਆਪਣੇ ਤਿਉਹਾਰ ਮਨਾਉਂਦੇ ਹਨ। ਈਦ, ਬਕਰੀਦ, ਵੱਡਾ ਦਿਨ (ਕ੍ਰਿਸਮਸ), ਗੁੱਡ ਫ਼ਰਾਈਡੇ, ਮੁਹੱਰਮ; ਕਿਸੇ ਮੌਕੇ 'ਤੇ ਅਸੀਂ ਅਜਿਹੇ ਜਲੂਸ ਨਿਕਲਦੇ ਨਹੀਂ ਦੇਖਦੇ ਜਿਵੇਂ ਹਿੰਦੂ ਤਿਉਹਾਰਾਂ ਵਿੱਚ ਨਿਕਲਦੇ ਹਨ। ਕੋਈ ਹਿੰਦੂਆਂ ਦੇ ਘਰਾਂ ਜਾਂ ਮੰਦਰਾਂ ਅੱਗੇ ਨੱਚਣਾ-ਗਾਉਣਾ ਨਹੀਂ ਚਾਹੁੰਦਾ। ਕੋਈ ਹਿੰਦੂਆਂ ਤੋਂ ਜ਼ਬਰਦਸਤੀ ਅੱਲ੍ਹਾ ਜਾਂ ਗੌਡ ਦੀ ਤਾਰੀਫ਼ ਵਿੱਚ ਜੈ-ਜੈਕਾਰ ਨਹੀਂ ਕਰਵਾਉਂਦਾ ਜਿਵੇਂ ਫ਼ਿਰਕੂ ਹਿੰਦੂ ਮੁਸਲਮਾਨਾਂ ਦਾ ਗਲਾ ਘੁੱਟ ਕੇ ਉਨ੍ਹਾਂ ਤੋਂ 'ਜੈ ਸ਼੍ਰੀ ਰਾਮ' ਦਾ ਨਾਅਰਾ ਲਗਵਾਉਂਦੇ ਹਨ। ਮੁਸਲਮਾਨ, ਸਿੱਖ, ਇਸਾਈ, ਬੋਧ, ਸਭ ਆਪਣੇ ਤਿਉਹਾਰ ਆਪਣੇ ਲੋਕਾਂ ਵਿਚਕਾਰ ਹਾਸੇ-ਖ਼ੁਸ਼ੀ ਅਤੇ ਸ਼ਾਂਤੀ ਨਾਲ ਮਨਾਉਂਦੇ ਹਨ। ਸਿਰਫ਼ ਹਿੰਦੂ ਹੀ ਹਨ ਜੋ ਆਪਣੇ ਤਿਉਹਾਰਾਂ ਵਿੱਚ ਦੂਜੇ ਧਰਮ ਦੇ ਲੋਕਾਂ ਨਾਲ ਜ਼ਬਰਦਸਤੀ ਕਰਦੇ ਹਨ।

ਅਸੀਂ ਕਿਸੇ ਹਿੰਦੂ ਧਾਰਮਿਕ ਆਗੂ, ਸੰਤ ਜਾਂ ਸਾਧੂ ਨੂੰ ਇਹ ਕਹਿੰਦੇ ਨਹੀਂ ਸੁਣਿਆ ਕਿ ਹਿੰਦੂਆਂ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ। ਸਗੋਂ ਹਿੰਦੂ ਧਾਰਮਿਕ ਸੰਤ-ਸਾਧੂ ਹਿੰਦੂਆਂ ਨੂੰ ਹਿੰਸਾ ਲਈ ਹੋਰ ਵੀ ਭੜਕਾਉਂਦੇ ਹਨ। ਉਹ ਉਨ੍ਹਾਂ ਨੂੰ ਗਾਲੀ-ਗਲੋਚ ਕਰਨਾ ਸਿਖਾਉਂਦੇ ਹਨ, ਖ਼ੁਦ ਅੱਗੇ ਹੋ ਕੇ ਗਾਲੀ-ਗਲੋਚ ਕਰਦੇ ਹਨ।

ਇਹ ਲਿਖ ਹੀ ਰਿਹਾ ਸੀ ਕਿ ਇੱਕ ਵੀਡੀਓ 'ਤੇ ਨਜ਼ਰ ਪਈ। ਉਸ ਵਿੱਚ ਇੱਕ ਜਲੂਸ ਵਿੱਚ ਕੁੜੀਆਂ ਅਤੇ ਔਰਤਾਂ ਉਛਲ-ਉਛਲ ਕੇ ਨੱਚਦੀਆਂ ਅਤੇ ਗਾਉਂਦੀਆਂ ਦਿਖਾਈ ਦਿੰਦੀਆਂ ਹਨ। ਡੀਜੇ 'ਤੇ ਇੱਕ ਭੜਕਾਊ ਗਾਣਾ ਵੱਜ ਰਿਹਾ ਹੈ। ਗਾਣਾ ਕੀ ਹੈ, ਮੁਸਲਮਾਨਾਂ ਦੀਆਂ ਮਾਵਾਂ ਦੇ ਨਾਮ 'ਤੇ ਭੱਦੀਆਂ-ਭੱਦੀਆਂ ਗਾਲਾਂ ਭਰੀਆਂ ਹੋਈਆਂ ਹਨ। ਉਹ ਕੁੜੀਆਂ ਉਨ੍ਹਾਂ ਸ਼ਬਦਾਂ ਨੂੰ ਸੁਆਦ ਲੈ-ਲੈ ਕੇ ਗਾ ਰਹੀਆਂ ਹਨ ਅਤੇ ਨੱਚ ਰਹੀਆਂ ਹਨ। (ਬਾਕੀ ਸਫ਼ਾ 27 'ਤੇ)



# ਕਿਸਾਨਾਂ ਦੀ ਆਮਦਨ ਵਧਾਉਣ ਲਈ ਉੱਚਿਤ ਯੋਜਨਾਬੰਦੀ ਦੀ ਲੋੜ

ਭਗਵਾਨ ਦਾਸ



ਕਿਸਾਨਾਂ ਦੀ ਆਮਦਨ ਵਧਾਉਣ ਲਈ ਖੇਤੀ ਸੰਬੰਧੀ ਕਿਸਾਨਾਂ ਦੀ ਸੋਚ ਵਿਚ ਤਬਦੀਲੀ ਲਿਆਉਣ ਦੀ ਲੋੜ ਹੈ। ਉਨ੍ਹਾਂ ਨੂੰ ਖੇਤੀ ਨੂੰ ਵਪਾਰਕ ਸਮਝਣਾ ਚਾਹੀਦਾ ਹੈ। ਕੇਂਦਰ ਵਲੋਂ ਕੁਝ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਮੁਕੱਰਰ ਕੀਤਾ ਗਿਆ, ਜਿਸ ਵਿੱਚ ਕਣਕ ਤੇ ਝੋਨਾ ਮੁੱਖ ਫ਼ਸਲਾਂ ਸਨ। ਇਸ ਨਾਲ ਉਤਪਾਦਨ ਤੇ ਉਤਪਾਦਕਤਾ 'ਚ ਨੁਮਾਇਆ ਵਾਧਾ ਹੋਇਆ। ਕੇਂਦਰੀ ਅੰਨ ਭੰਡਾਰ 'ਚ ਦੋਵੇਂ ਫ਼ਸਲਾਂ ਦਾ ਜ਼ਖ਼ੀਰਾ ਵਧਾਇਆ ਗਿਆ, ਜਿਸ 'ਚ ਪੰਜਾਬ ਦੀ ਵੱਡੀ ਭੂਮਿਕਾ ਰਹੀ ਹੈ। ਇਸ ਯੋਗਦਾਨ 'ਚ ਪੰਜਾਬ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਭਾਵੇਂ ਹੁਣ ਕਣਕ ਉਤਪਾਦਨ 'ਚ ਉੱਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਵੀ ਹਨ, ਜੋ ਅੱਗੇ ਨਿਕਲ ਗਏ ਹਨ। ਸਬਜ਼ ਇਨਕਲਾਬ ਵਜੋਂ ਉਤਪਾਦਨ 'ਚ ਇੰਨਾ ਵਾਧਾ ਹੋਇਆ ਕਿ ਭਾਰਤ ਆਤਮਨਿਰਭਰ ਹੀ ਨਹੀਂ, ਸਗੋਂ ਅਨਾਜ ਦੂਜੇ ਮੁਲਕਾਂ ਨੂੰ ਭੇਜਣ ਦੇ ਵੀ ਕਾਬਿਲ ਹੋ ਗਿਆ। ਅੱਜ ਭਾਰਤ ਵਿਸ਼ਵ 'ਚ ਚੌਲ ਪੈਦਾ ਕਰਨ ਵਾਲਾ ਸਭ ਤੋਂ ਮੋਹਰੀ ਦੇਸ਼ ਹੈ। ਇਹ 150 ਮਿਲੀਅਨ ਟਨ ਤੱਕ ਚੌਲ ਪੈਦਾ ਕਰ ਰਿਹਾ ਹੈ, ਜਿਸ 'ਚ ਪੰਜਾਬ ਦਾ ਪ੍ਰਭਾਵਸ਼ਾਲੀ ਯੋਗਦਾਨ ਹੈ। ਭਾਰਤ ਵੱਲੋਂ 60 ਲੱਖ ਟਨ ਵਿਦੇਸ਼ ਭੇਜੀ ਜਾ ਰਹੀ ਬਾਸਮਤੀ 'ਚ ਪੰਜਾਬ ਦਾ 40 ਫ਼ੀਸਦੀ ਤੱਕ ਹਿੱਸਾ ਹੈ। ਇਸ ਨਾਲ ਦੇਸ਼ ਨੂੰ 50 ਹਜ਼ਾਰ ਕਰੋੜ ਰੁਪਏ ਦੀ ਵਿਦੇਸ਼ੀ ਮੁਦਰਾ ਆ ਰਹੀ ਹੈ।

ਹੁਣ ਆਉਣ ਵਾਲੇ ਸਮੇਂ 'ਚ ਪੰਜਾਬ 'ਚ ਫ਼ਸਲੀ ਭਿੰਨਤਾ ਲਿਆਉਣੀ ਜ਼ਰੂਰੀ ਹੈ। ਝੋਨੇ ਦੀ ਕਾਸ਼ਤ ਹੇਠ ਰਕਬਾ ਘਟਾਉਣ ਦੀ ਲੋੜ ਹੈ ਤਾਂ ਜੋ ਪਾਣੀ ਦੀ ਬੱਚਤ ਹੋਵੇ। ਫ਼ਸਲੀ ਭਿੰਨਤਾ ਆਉਣ ਨਾਲ ਕਿਸਾਨਾਂ ਲਈ ਖੇਤੀ ਇੱਕ ਵਪਾਰ ਬਣ ਜਾਵੇਗੀ। ਉਨ੍ਹਾਂ ਨੂੰ ਪੂਰੇ ਵੇਰਵੇ ਤੇ ਹਿਸਾਬ-ਕਿਤਾਬ ਰੱਖਣਾ ਪਵੇਗਾ। ਖੇਤੀ ਇੱਥੋਂ ਤੱਕ ਹੀ ਸੀਮਤ ਨਹੀਂ ਹੋਵੇਗੀ ਕਿ ਕਣਕ ਝੋਨੇ ਵਾਂਗ ਕਿਸਾਨ ਫ਼ਸਲ ਵੱਢਣ ਤੇ ਸਰਕਾਰੀ ਖ਼ਰੀਦ 'ਤੇ ਐਮ.ਐਸ.ਪੀ. ਹੋਣ ਕਾਰਨ ਮੰਡੀ 'ਚ ਵੇਚ ਆਉਣ। ਉਨ੍ਹਾਂ ਨੂੰ ਮੰਡੀਕਰਨ ਦਾ ਪੂਰਾ ਗਿਆਨ ਰੱਖਣਾ ਪਵੇਗਾ। ਇਸ ਤੋਂ ਬਿਨਾਂ ਸਹੀ ਯੋਜਨਾਬੰਦੀ ਨਹੀਂ ਹੋ ਸਕਦੀ। ਉਤਪਾਦਕਤਾ ਤੋਂ ਆਮਦਨ ਵਧਾਉਣ ਲਈ ਸੁਯੋਗ ਯੋਜਨਾਬੰਦੀ ਕਰਨ ਦੀ ਲੋੜ ਹੈ। ਕਿਸਾਨਾਂ ਨੂੰ ਯੋਜਨਾਬੰਦੀ ਕਰਦਿਆਂ ਵੱਧ ਆਮਦਨ ਨੂੰ ਮੁੱਖ ਰੱਖ ਕੇ ਵਧੇਰੇ ਫ਼ਾਇਦੇ ਵਾਲੀਆਂ ਫ਼ਸਲਾਂ ਨੂੰ ਪਹਿਲ ਦੇ ਕੇ ਖੇਤੀ ਨੂੰ ਵਪਾਰਕ ਬਣਾਉਣਾ ਪਵੇਗਾ। ਇਸ ਤਰ੍ਹਾਂ ਆਮਦਨ ਵਧਾਉਣ ਲਈ ਕਿਸਾਨ ਸੂਝ ਬੂਝ ਨਾਲ ਸੋਚਣ ਲਈ ਮਜਬੂਰ ਹੋਣਗੇ, ਕਿ ਕਿਸ ਫ਼ਸਲ ਦੀ ਕਾਸ਼ਤ ਕਰਨੀ ਹੈ, ਕਿਹੜੇ ਸਹਾਇਕ ਧੰਦੇ ਅਪਣਾਉਣੇ ਹਨ, ਵੱਖੋ ਵੱਖ ਕਿਸਮਾਂ ਹੇਠ ਕਿੰਨਾ ਕਿੰਨਾ ਰਕਬਾ ਰੱਖਣਾ ਹੈ, ਕਿਹੜੇ ਖੇਤ 'ਚ ਕਿਹੜੀ ਕਿਸਮ ਬੀਜਣੀ ਹੈ? ਆਮਦਨ ਵਧਾਉਣ ਲਈ ਇਹ ਸਭ ਕੁਝ ਵਿਚਾਰਨ ਦੀ ਲੋੜ ਹੈ। ਕਿਹੜੇ ਬੀਜ, ਖਾਦਾਂ, ਕੀਟਨਾਸ਼ਕ ਤੇ ਕਿਹੜੇ ਖੇਤੀਬਾੜੀ ਦੇ ਸੰਦ ਲੋੜੀਂਦੇ ਹਨ, ਇਸ ਦਾ ਸਾਰਾ ਪ੍ਰਬੰਧ ਉਸ ਨੂੰ ਕਰਨਾ ਪਵੇਗਾ। ਯੋਜਨਾਬੰਦੀ ਕਰਨੀ ਪਵੇਗੀ ਕਿ ਕਣਕ ਝੋਨੇ ਦਾ ਫ਼ਸਲੀ ਚੱਕਰ ਘਟਾ ਕੇ ਜੋ ਫ਼ਸਲਾਂ ਪੈਦਾ ਕਰਨੀਆਂ ਹਨ, ਉਨ੍ਹਾਂ ਦਾ ਭੰਡਾਰਨ ਤੇ ਮੰਡੀਕਰਨ ਕਿਵੇਂ ਕਰਨਾ ਹੈ, ਕਿਉਂਕਿ ਉਨ੍ਹਾਂ ਦੀ ਐਮ.ਐਸ.ਪੀ. 'ਤੇ ਸਰਕਾਰੀ ਖ਼ਰੀਦ ਨਹੀਂ ਹੈ।

ਸ਼ੁੱਧ ਆਮਦਨ ਵਧਾਉਣ ਲਈ ਕਿਸਾਨਾਂ ਨੂੰ ਮਾਹਿਰਾਂ ਦੀਆਂ ਸਿਫ਼ਾਰਸ਼ਾਂ ਅਨੁਸਾਰ ਖੇਤੀ ਸਮੱਗਰੀ ਦਾ ਪ੍ਰਯੋਗ ਕਰਨਾ ਪਵੇਗਾ। ਹੁਣ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ 110 ਕਿੱਲੋ ਪ੍ਰਤੀ ਏਕੜ ਯੂਰੀਆ ਪਾਏ ਜਾਣ ਦੀ ਸਿਫ਼ਾਰਸ਼ ਨੂੰ ਅਣਗੌਲਿਆਂ ਕਰ ਕੇ 180 200 ਕਿੱਲੋ ਪ੍ਰਤੀ ਏਕੜ ਤੱਕ ਯੂਰੀਆ ਪਾਈ ਜਾ ਰਹੇ ਹਨ। ਇਸੇ ਤਰ੍ਹਾਂ ਡੀ.ਏ.ਪੀ. ਦੀ ਲੋੜ ਨਾਲੋਂ ਵੱਧ ਵਰਤੋਂ ਕਰੀ ਜਾ ਰਹੇ ਹਨ, ਜਿਸ ਨਾਲ ਖ਼ਰਚਾ ਵਧਦਾ ਹੈ ਤੇ ਸ਼ੁੱਧ ਆਮਦਨ ਘਟਦੀ ਹੈ। ਮਾਹਿਰ ਕਹਿੰਦੇ ਹਨ ਕਿ ਜ਼ਿਆਦਾ ਨਾਈਟ੍ਰੋਜਨ ਪਾਉਣ ਨਾਲ ਫ਼ਸਲ 'ਤੇ ਬਿਮਾਰੀਆਂ ਵੀ ਜ਼ਿਆਦਾ ਆਉਂਦੀਆਂ ਹਨ, ਜਿਸ ਕਾਰਨ ਕੀਟਨਾਸ਼ਕ ਤੇ ਸਪਰੇਆਂ 'ਤੇ ਕਿਸਾਨਾਂ ਨੂੰ ਵੱਧ ਖ਼ਰਚ ਕਰਨਾ ਪੈਂਦਾ ਹੈ। ਕਿਸਾਨਾਂ ਨੂੰ ਖ਼ਾਲਸ ਤੇ ਸ਼ੁੱਧ ਰਸਾਇਣਕ ਖਾਦ, ਕੀਟਨਾਸ਼ਕ, ਨਦੀਨਨਾਸ਼ਕ ਤੇ ਹੋਰ ਖੇਤੀ ਸਮੱਗਰੀ ਸ਼ੁੱਧ ਰੂਪ 'ਚ ਮੁਹੱਈਆ ਕਰਨ ਲਈ ਡਾ. ਗੁਰਜੀਤ ਸਿੰਘ ਬਰਾੜ ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਬੜੇ ਉਪਰਾਲੇ ਕਰ ਰਹੇ ਹਨ ਤਾਂ ਜੋ ਉਤਪਾਦਕਤਾ ਵਧੇ, ਜਿਸ ਨਾਲ ਕਿ ਕਿਸਾਨਾਂ ਦੀ ਆਮਦਨ ਵੀ ਵਧੇਗੀ।

ਉਤਪਾਦਕਤਾ ਵਧਣ ਉਪਰੰਤ ਵੀ ਕਿਸਾਨ ਵਧੇਰੇ ਕਰਜ਼ਈ ਹੁੰਦੇ ਜਾ ਰਹੇ ਹਨ। ਇੱਥੋਂ ਤੱਕ ਕਿ ਔਸਤਨ ਇੱਕ ਕਿਸਾਨ ਘਰਾਣੇ ਸਿਰ 2.03 ਲੱਖ ਕਰਜ਼ਾ ਹੋ ਗਿਆ ਹੈ। ਇਹ ਭਾਰਤ 'ਚ ਤੀਜੇ ਸਥਾਨ 'ਤੇ ਹੈ। ਕਿਸਾਨਾਂ ਨੂੰ ਆਪਣੀ ਖੇਤੀ ਤੇ ਯੋਜਨਾਬੰਦੀ ਨੂੰ ਮੁੱਖ ਰੱਖਦੇ ਹੋਏ ਕਰਜ਼ਾ ਲੈਣ ਦਾ ਫ਼ੈਸਲਾ ਕਰਨਾ ਚਾਹੀਦਾ ਹੈ। ਕਿਹੜੀ ਏਜੰਸੀ ਤੋਂ ਕਿੰਨਾ ਕਰਜ਼ਾ ਲੈਣਾ ਹੈ ਤੇ ਕਿੱਥੋਂ ਘੱਟ ਸੂਦ ਤੇ ਬਿਨਾਂ ਖ਼ੱਜਲ ਖ਼ੁਆਰੀ ਤੋਂ ਮਿਲਦਾ ਹੈ, ਇਸ ਦੀ ਵੀ ਕਿਸਾਨਾਂ ਨੂੰ ਪੂਰੀ ਜਾਣਕਾਰੀ ਲੈਣ ਉਪਰੰਤ ਸਹੀ ਫ਼ੈਸਲਾ ਕਰਨਾ ਚਾਹੀਦਾ ਹੈ। ਕਿਸਾਨ ਮੇਲੇ ਵੀ ਬੀਜ ਵੇਚਣ ਦੇ ਕੇਂਦਰ ਤੇ ਵਪਾਰੀਆਂ ਦੀਆਂ ਨੁਮਾਇਸ਼ਾਂ ਲਾ ਕੇ ਸਿਰਫ਼ ਆਮਦਨ ਪ੍ਰਾਪਤੀ ਦਾ ਜ਼ਰੀਆ ਹੀ ਨਹੀਂ ਬਣਨੇ ਚਾਹੀਦੇ, ਸਗੋਂ ਸਹੀ ਤੌਰ 'ਤੇ ਕਿਸਾਨਾਂ ਤੱਕ ਖੋਜ ਤੇ ਦਰਪੇਸ਼ ਮੁਸ਼ਕਿਲਾਂ ਦਾ ਹੱਲ ਲੱਭ ਕੇ ਉਨ੍ਹਾਂ ਨੂੰ ਸਹੀ ਸੇਧ ਦੇਣ ਦੇ ਕੇਂਦਰ ਹੋਣ। ਆਮ ਕਿਸਾਨਾਂ 'ਚ ਯੋਜਨਾਬੰਦੀ ਦੀ ਰੁਚੀ ਬੜੀ ਘੱਟ ਹੈ। ਕਿਸਾਨਾਂ ਨੂੰ ਖੇਤੀ ਮਾਹਿਰਾਂ ਤੋਂ ਸੇਧ ਲੈ ਕੇ ਸਹੀ ਢੰਗ ਨਾਲ ਯੋਜਨਾਬੰਦੀ ਕਰਨ ਦੀ ਲੋੜ ਹੈ। ਇਸੇ ਨਾਲ ਹੀ ਉਨ੍ਹਾਂ ਦੀ ਆਮਦਨੀ 'ਚ ਵਾਧਾ ਹੋਵੇਗਾ। ਫ਼ਸਲੀ ਭਿੰਨਤਾ ਪੱਖੋਂ ਮਾਹਿਰਾਂ ਤੇ ਖੋਜ ਸੰਸਥਾਵਾਂ ਨੂੰ ਕਿਸਾਨਾਂ ਨਾਲ ਤਾਲਮੇਲ ਕਰ ਕੇ ਅਜਿਹੀਆਂ ਫ਼ਸਲਾਂ ਤੇ ਉਨ੍ਹਾਂ ਦੀਆਂ ਲਾਹੇਵੰਦ ਕਿਸਮਾਂ ਮੁਹੱਈਆ ਕਰਨੀਆਂ ਚਾਹੀਦੀਆਂ ਹਨ, ਜੋ ਝੋਨੇ ਜਿੰਨਾ ਮੁਨਾਫ਼ਾ ਦੇਣ। ਇਸ ਵੇਲੇ ਵਰਤਮਾਨ ਫ਼ਸਲੀ ਚੱਕਰ 'ਚ ਉਨ੍ਹਾਂ ਦੀ ਸ਼ੁੱਧ ਆਮਦਨ ਕਣਕ 'ਤੇ ਘੱਟ ਪਰ ਝੋਨੇ 'ਤੇ ਵਧੇਰੇ ਆਧਾਰਿਤ ਹੈ, ਕਿਉਂਕਿ ਕਣਕ ਨਾਲੋਂ ਵੱਧ ਮੁਨਾਫ਼ਾ ਝੋਨਾ ਦਿੰਦਾ ਹੈ।

# ਪੰਜਾਬ ਅਤੇ ਹਰਿਆਣਾ ਨੂੰ ਵੀ ਲੱਗਿਆ ਇਰਾਨ ਜੰਗ ਦਾ ਸੇਕ

**ਨਿਰਮਲ ਸੰਧੂ**

ਤਰਨ ਤਾਰਨ ਜਾਂ ਰੋਹਤਕ ਦੇ ਕਿਸੇ ਕਿਸਾਨ ਜਾਂ ਬਿਹਾਰ ਜਾਂ ਉੱਤਰ ਪ੍ਰਦੇਸ਼ ਦੇ ਕਿਸੇ ਪਰਵਾਸੀ ਮਜ਼ਦੂਰ ਨੇ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਰਾਨ ਨਾਲ ਸ਼ੁਰੂ ਕੀਤਾ ਟਕਰਾਅ ਕਿਸੇ ਦਿਨ ਉਸ ਦੀ ਜ਼ਿੰਦਗੀ 'ਤੇ ਇੰਨਾ ਜ਼ਿਆਦਾ ਅਸਰ ਪਾਵੇਗਾ ਕਿ ਖਰਚੇ ਵਧਣ ਕਾਰਨ ਉਸ ਦਾ ਗੁਜ਼ਾਰਾ ਔਖਾ ਹੋ ਜਾਵੇਗਾ। ਫਿਰ ਵੀ ਇਸ ਤਲਖ਼ ਹਕੀਕਤ ਦਾ ਸਾਹਮਣਾ ਕਰਨਾ ਹੀ ਪੈਣਾ ਹੈ। ਚਾਹੇ ਇਜ਼ਰਾਇਲ ਅਤੇ ਅਮਰੀਕਾ, ਇਰਾਨ ਉੱਤੇ ਬੰਬ ਸੁੱਟਣਾ ਬੰਦ ਵੀ ਕਰ ਦੇਣ ਤਾਂ ਵੀ ਸੂਬਾਈ ਚੋਣਾਂ ਮਗਰੋਂ ਤੇਲ ਦੀਆਂ ਕੀਮਤਾਂ ਵਧਾਉਣ ਦੀ ਸੂਰਤ ਵਿੱਚ ਹਾਲਾਤ ਹੋਰ ਵਿਗੜਨ ਦੇ ਆਸਾਰ ਹਨ।

ਟਰੰਪ ਨੇ ਸਮੁੱਚੀ ਦੁਨੀਆ ਦੀ ਆਰਥਿਕਤਾ ਨੂੰ ਹਿਲਾ ਕੇ ਰੱਖ ਦਿੱਤਾ ਹੈ ਅਤੇ ਇਸ ਦਾ ਸੇਕ ਭਾਰਤ ਵਿੱਚ ਵੀ ਮਹਿਸੂਸ ਕੀਤਾ ਜਾ ਰਿਹਾ ਹੈ। ਹਾਲਾਂਕਿ ਸਰਕਾਰ ਇਸ ਆਰਥਿਕ ਨੁਕਸਾਨ ਦੇ ਤੱਥਾਂ 'ਤੇ ਪਰਦਾਪੋਸ਼ੀ ਦੀ ਕੋਸ਼ਿਸ਼ ਕਰ ਰਹੀ ਹੈ। ਹੋਰਮੁਜ਼ ਜਲਡਮਰੂ ਬੰਦ ਹੋਣ ਕਰਕੇ ਤੇਲ ਅਤੇ ਗੈਸ ਬਾਜ਼ਾਰਾਂ ਵਿੱਚ ਭਾਰੀ ਉਥਲ-ਪੁਥਲ ਹੈ, ਜਿਸ ਦੇ ਸਿੱਟੇ ਵਜੋਂ ਮਹਿੰਗਾਈ ਵਧਣ ਦੇ ਨਾਲ ਨਾਲ ਖੁਰਾਕੀ ਪਦਾਰਥਾਂ ਅਤੇ ਖਾਦ ਦੀ ਕਮੀ ਹੋ ਗਈ ਹੈ। ਭੁੱਖਮਰੀ ਦਾ ਖ਼ਤਰਾ ਮੰਡਰਾਉਣ ਲੱਗਾ ਹੈ। ਭਾਵੇਂ ਲੋੜੀਂਦੀ ਸਪਲਾਈ ਬਾਰੇ ਸਰਕਾਰ ਵੱਲੋਂ ਕਾਫ਼ੀ ਭਰੋਸੇ ਦਿੱਤੇ ਜਾ ਰਹੇ ਹਨ, ਪਰ ਫਿਰ ਵੀ ਇਹ ਸੰਕਟ ਸਾਡੇ ਦੇਸ਼ ਦੇ ਇੱਕ ਸ਼ਹਿਰ ਜਾਂ ਕਿਸੇ ਇਲਾਕੇ 'ਚ ਗੈਸ ਸਿਲੰਡਰਾਂ ਲਈ ਮੱਚੀ ਆਪੋ-ਧਾਪੀ ਜਾਂ ਪੈਟਰੋਲ ਤੇ ਡੀਜ਼ਲ ਲਈ ਲੱਗੀਆਂ ਲੰਮੀਆਂ ਕਤਾਰਾਂ ਤੱਕ ਹੀ ਸੀਮਤ ਨਹੀਂ ਸਗੋਂ ਇਸ ਤੋਂ ਵੀ ਵੱਡਾ ਖ਼ਦਸ਼ਾ ਸਮੁੱਚੇ ਮੁਲਕ ਵਿੱਚ ਆਰਥਿਕ ਮੰਦੀ, ਰੁਜ਼ਗਾਰ ਦੇ ਮੌਕੇ ਘਟਣ ਅਤੇ ਆਮਦਨ ਘਟਣ ਦਾ ਹੈ।

ਪੰਜਾਬ, ਹਰਿਆਣਾ ਅਤੇ ਕੇਂਦਰ ਸਰਕਾਰ ਦੇ ਸੱਤਾਧਾਰੀ ਨੇਤਾ ਵਿਸ਼ਵ ਪੱਧਰ 'ਤੇ ਵਧ ਰਹੀਆਂ ਤੇਲ ਕੀਮਤਾਂ ਦੇ ਸਿੱਟੇ ਵਜੋਂ ਵਧ ਰਹੀ ਜਮ੍ਹਾਂਖੋਰੀ ਅਤੇ ਮੁਨਾਫ਼ਾਖੋਰੀ 'ਤੇ ਕੁੰਡਾ ਰੱਖਣ, ਸਪਲਾਈ ਲੜੀ ਨੂੰ ਕਾਇਮ ਰੱਖਣ ਅਤੇ ਖ਼ਾਸਕਰ ਖੇਤੀਬਾੜੀ ਤੇ ਸਨਅਤਾਂ ਨੂੰ ਬਚਾਉਣ ਲਈ ਯੋਜਨਾਵਾਂ ਘੜਨ ਦੀ ਥਾਂ ਆਪਣਾ ਸਮਾਂ ਤੇ ਸ਼ਕਤੀ ਅਖ਼ਬਾਰਾਂ ਦੀਆਂ ਹਾਂ-ਪੱਖੀ ਸੁਰਖ਼ੀਆਂ ਬਣਾਉਣ 'ਤੇ ਲਗਾ ਰਹੇ ਹਨ। ਭਾਰਤ ਵੱਲੋਂ ਬਿਨਾਂ ਸੋਚੇ-ਸਮਝੇ ਆਪਣੇ ਪੁਰਾਣੇ ਅਤੇ ਸੱਚੇ ਦੋਸਤਾਂ ਇਰਾਨ ਅਤੇ ਰੂਸ ਦਾ ਸਾਥ ਛੱਡਣ ਅਤੇ ਇਰਾਨ ਉੱਤੇ ਹਮਲਾ ਕਰਨ ਵਾਲੇ ਦੇਸ਼ਾਂ ਅਮਰੀਕਾ ਅਤੇ ਇਜ਼ਰਾਇਲ ਦਾ ਪੱਖ ਲੈਣ ਕਾਰਨ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਦੇਸ਼ ਨੂੰ ਤੇਲ ਅਤੇ ਗੈਸ ਦੀ ਦਰਾਮਦ ਲਈ ਹੀ ਨਹੀਂ, ਸਗੋਂ ਖਾਦਾਂ ਅਤੇ ਖ਼ਾਸਕਰ ਨਾਈਟ੍ਰੋਜਨ-ਯੁਕਤ ਯੂਰੀਆ ਲਈ ਵੀ ਜ਼ਿਆਦਾ ਕੀਮਤ ਚੁਕਾਉਣੀ ਪੈ ਰਹੀ ਹੈ, ਜੋ ਦਰਾਮਦ ਕੀਤੀ ਜਾਂਦੀ ਕੁਦਰਤੀ ਗੈਸ ਤੋਂ ਬਣਾਈ ਜਾਂਦੀ ਹੈ। ਯੂਰੀਆ ਦਾ ਉਤਪਾਦਨ 30 ਫ਼ੀਸਦੀ ਤੱਕ ਘਟਣ ਦੀ ਸੰਭਾਵਨਾ ਹੈ। ਚੀਨ ਤੋਂ ਬਾਅਦ ਭਾਰਤ ਦੁਨੀਆ ਵਿੱਚ ਖਾਦ ਦਾ ਦੂਜਾ ਸਭ ਤੋਂ ਵੱਡਾ ਦਰਾਮਦਕਾਰ ਮੁਲਕ ਹੈ। ਸਪਲਾਈ 'ਚ ਕਿਸੇ ਵੀ ਤਰ੍ਹਾਂ ਦੀ ਕਮੀ ਦਾ ਮਤਲਬ ਹੈ: ਖੇਤੀ ਉਪਜ ਅਤੇ ਕਿਸਾਨੀ ਆਮਦਨ ਦਾ ਘਟਣਾ।

ਅਜਿਹੇ ਹਾਲਾਤ ਵਿੱਚ ਦੇਸ਼ ਦੇ 'ਅੰਨ ਭੰਡਾਰ' ਕਹਾਉਂਦੇ ਸੂਬਿਆਂ ਪੰਜਾਬ ਅਤੇ ਹਰਿਆਣਾ ਦੇ ਕਈ ਕਿਸਾਨਾਂ ਲਈ ਗੁਜ਼ਾਰਾ ਕਰਨਾ ਮੁਸ਼ਕਿਲ ਹੋ ਸਕਦਾ ਹੈ। ਕਰਜ਼ੇ ਮੋੜਨਾ ਹੋਰ ਵਧੇਰੇ ਮੁਸ਼ਕਿਲ ਹੋਣ ਦੇ ਨਾਲ-ਨਾਲ ਕਿਸਾਨੀ ਪਰਿਵਾਰਾਂ ਵਿੱਚ ਮਾਨਸਿਕ ਤਣਾਅ ਵੀ ਵਧ ਸਕਦਾ ਹੈ। ਜੇਕਰ ਘਰੇਲੂ ਗੈਸ (ਐੱਲ. ਪੀ. ਜੀ.) ਸਿਲੰਡਰ ਨਾ ਮਿਲਣ ਕਾਰਨ ਪਰਵਾਸੀ ਮਜ਼ਦੂਰਾਂ ਦੇ ਆਪਣੇ ਜੱਦੀ ਸੂਬਿਆਂ ਨੂੰ ਪਰਤਣ ਦੇ ਰੁਝਾਨ ਨੂੰ ਠੱਲ੍ਹ ਨਾ ਪਾਈ ਜਾ ਸਕੀ ਤਾਂ ਇਹ ਰੁਝਾਨ ਵਧਣ ਕਾਰਨ ਦੋਵੇਂ ਰਾਜਾਂ ਵਿੱਚ ਕਣਕਾਂ ਦੀ ਵਾਢੀ ਅਤੇ ਝੋਨੇ ਦੀ ਲੁਆਈ 'ਤੇ ਮਾੜਾ ਅਸਰ ਪੈ



ਸਕਦਾ ਹੈ। ਖਾਦ ਦੀ ਘਾਟ ਕਾਰਨ ਅਨਾਜ ਦੀ ਉਪਜ ਘਟੇਗੀ, ਜਿਸ ਨਾਲ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਧ ਜਾਣਗੀਆਂ। ਸਰਕਾਰੀ ਭਲਾਈ ਯੋਜਨਾਵਾਂ ਦੇ ਦਾਇਰੇ ਤੋਂ ਬਾਹਰ ਰਹਿ ਰਹੇ ਪਰਿਵਾਰਾਂ ਨੂੰ ਇਸ ਕਾਰਨ ਖ਼ਾਸ ਤੌਰ 'ਤੇ ਮੁਸ਼ਕਿਲ ਆਵੇਗੀ। ਸਰਕਾਰ ਵੱਲੋਂ ਖੁਰਾਕੀ ਵਸਤਾਂ ਅਤੇ ਖਾਦਾਂ 'ਤੇ ਦਿੱਤੀ ਜਾਣ ਵਾਲੀ ਸਬਸਿਡੀ ਦੀ ਰਕਮ ਬਹੁਤ ਵਧ ਜਾਵੇਗੀ। ਆਰਥਿਕ ਵਿਕਾਸ ਦੀ ਰਫ਼ਤਾਰ ਘਟਣ ਕਾਰਨ ਸਰਕਾਰੀ ਮਾਲੀਆ ਘਟਣ ਨਾਲ ਲੋਕ ਭਲਾਈ ਯੋਜਨਾਵਾਂ ਅਤੇ ਬੁਨਿਆਦੀ ਢਾਂਚੇ ਉੱਤੇ ਹੋਣ ਵਾਲੇ ਖ਼ਰਚ ਵਿੱਚ ਕਮੀ ਆਵੇਗੀ। ਮੱਧਵਰਗ ਦੀ ਆਮਦਨ ਜਾਂ ਤਾਂ ਸਥਿਰ ਹੋ ਜਾਵੇਗੀ ਜਾਂ ਫਿਰ ਘਟ ਜਾਵੇਗੀ। ਦਿਹਾੜੀਦਾਰ ਅਤੇ ਠੇਕਾ ਆਧਾਰਿਤ ਕਾਮਿਆਂ ਨੂੰ ਰੁਜ਼ਗਾਰ ਦੇ ਮੌਕੇ ਲੱਭਣੇ ਔਖੇ ਹੋ ਜਾਣਗੇ, ਜੋ 'ਰੁਜ਼ਗਾਰ ਯੋਜਨਾ' ਵਿੱਚ ਕੀਤੇ ਗਏ ਬਦਲਾਅ ਕਾਰਨ ਪਹਿਲਾਂ ਹੀ ਘਟ ਗਏ ਹਨ। ਵਿਦੇਸ਼ੀ ਸੰਸਥਾਗਤ ਨਿਵੇਸ਼ਕ ਸ਼ੇਅਰ ਅਤੇ ਉਪਭੋਗਤਾ ਬਾਜ਼ਾਰਾਂ ਤੋਂ ਆਪਣਾ ਪੈਸਾ ਕੱਢ ਰਹੇ ਹਨ, ਜਿਸ ਕਾਰਨ ਰੁਪਏ ਦੀ ਕੀਮਤ ਡਿੱਗਦੀ ਜਾ ਰਹੀ ਹੈ। ਇਸ ਕਾਰਨ ਦਰਾਮਦੀ ਵਸਤਾਂ, ਵਿਦੇਸ਼ ਯਾਤਰਾ ਅਤੇ ਵਿਦੇਸ਼ ਵਿੱਚ ਪੜ੍ਹਾਈ ਦੇ ਬਹੁਤ ਮਹਿੰਗੇ ਹੋਣ ਦੇ ਆਸਾਰ ਹਨ। ਇਸ ਸਭ ਦੇ ਸਿੱਟੇ ਵਜੋਂ, ਜੀਵਨ ਮਿਆਰਾਂ 'ਤੇ ਬੁਰਾ ਪ੍ਰਭਾਵ ਪੈਣ ਕਾਰਨ ਨਾਬਰਾਬਰੀ ਅਤੇ ਸਮਾਜਿਕ ਚਿੰਤਾ ਵਧ ਸਕਦੀ ਹੈ, ਜੋ ਦੇਸ਼ ਵਿੱਚ ਸ਼ਾਂਤੀ ਤੇ ਸੁਖਾਵੇਂ ਮਾਹੌਲ 'ਤੇ ਬੁਰਾ ਅਸਰ ਪਾ ਸਕਦੀ ਹੈ।

ਆਲਮੀ ਅਤੇ ਕੌਮੀ ਪੱਧਰ 'ਤੇ ਬਣੀ ਇਹ ਡਰਾਉਣੀ ਸਥਿਤੀ ਖੇਤੀ ਪ੍ਰਧਾਨ ਸੂਬਿਆਂ ਪੰਜਾਬ ਅਤੇ ਹਰਿਆਣਾ ਲਈ ਸ਼ੁਭ ਸੰਕੇਤ ਨਹੀਂ ਕਿਉਂਕਿ ਮਹਿੰਗਾਈ ਅਤੇ ਖੇਤੀ ਲਾਗਤਾਂ 'ਚ ਵਾਧਾ ਇਨ੍ਹਾਂ ਦੋਵੇਂ ਸੂਬਿਆਂ 'ਤੇ ਅਸਰਅੰਦਾਜ਼ ਹੋਵੇਗਾ। ਹਰਿਆਣਾ 'ਚ ਭਾਜਪਾ ਦੀ ਸਰਕਾਰ ਹੋਣ ਕਾਰਨ ਕੇਂਦਰ ਸਰਕਾਰ ਤੋਂ ਸ਼ਾਇਦ ਕੁਝ ਮਦਦ ਮਿਲ ਜਾਵੇ ਅਤੇ ਉਹ ਔਖੇ ਹਾਲਾਤ 'ਚੋਂ ਉੱਭਰ ਆਵੇ, ਪਰ ਪੰਜਾਬ ਨੂੰ ਆਪਣਾ ਸਿਰ ਆਪ ਹੀ ਗੁੰਦਣਾ ਪੈਣਾ ਹੈ। ਪੰਜਾਬ ਵਿੱਚ ਭਗਵੰਤ ਮਾਨ ਦੀ ਅਗਵਾਈ ਹੇਠਲੀ ਸਰਕਾਰ ਨੂੰ ਨਿਸ਼ਾਨਾ ਬਣਾਉਣ ਲਈ ਭਾਜਪਾ ਆਗੂ ਚੋਣਵੇਂ ਮੁੱਦੇ ਚੁੱਕਦੇ ਹਨ, ਪਰ ਉਨ੍ਹਾਂ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ, ਜਿਨ੍ਹਾਂ 'ਤੇ ਕੇਂਦਰ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਹਾਲੀਆ ਬਜਟ ਤੋਂ ਖੁਲਾਸਾ ਹੋਇਆ ਹੈ ਕਿ ਪੰਜਾਬ ਦੀ ਵਿਕਾਸ ਦਰ 6.1 ਫ਼ੀਸਦੀ ਹੈ, ਜੋ ਕੌਮੀ ਔਸਤ ਤੋਂ ਘੱਟ ਹੈ। ਜੇਕਰ ਅਰਥਚਾਰਾ ਇਸੇ ਤਰ੍ਹਾਂ ਲੜਖੜਾਉਂਦਾ ਰਿਹਾ ਤਾਂ ਸੂਬੇ ਦੀ ਵਿੱਤੀ ਹਾਲਤ ਹੋਰ ਵੀ ਨਿਘਰਨ ਕਾਰਨ ਦਬਾਅ ਵਧ ਸਕਦਾ ਹੈ। ਜੇਕਰ ਪੱਛਮੀ ਏਸ਼ੀਆ ਵਿਚਲਾ ਟਕਰਾਅ ਹੋਰ ਲੰਮਾ ਸਮਾਂ ਜਾਰੀ ਰਹਿੰਦਾ ਹੈ ਤਾਂ ਹਾਲ ਹੀ ਵਿੱਚ ਹੋਏ 'ਨਿਵੇਸ਼ਕ ਸੰਮੇਲਨ' ਦੌਰਾਨ ਬਣਾਈਆਂ ਗਈਆਂ 55,000 ਕਰੋੜ ਰੁਪਏ ਦੇ ਨਿਵੇਸ਼ ਦੀਆਂ ਤਜਵੀਜ਼ਾਂ ਕਿਧਰੇ ਕਾਗਜ਼ਾਂ ਤੱਕ ਵੀ ਮਹਿਦੂਦ ਨਾ ਰਹਿ ਜਾਣ।

ਪੰਜਾਬ ਤੋਂ ਬਾਸਮਤੀ ਚੌਲਾਂ ਅਤੇ ਖੇਡਾਂ ਦੇ ਸਾਮਾਨ ਦੀ ਬਰਾਮਦ ਜ਼ਿਆਦਾਤਰ ਹੋਰਮੁਜ਼ ਜਲਡਮਰੂ ਵੱਲੋਂ ਹੀ ਹੁੰਦੀ ਹੈ ਅਤੇ 60 ਲੱਖ ਟਨ ਸਾਮਾਨ ਬੰਦਰਗਾਹਾਂ 'ਤੇ ਹੀ ਅਟਕਿਆ ਪਿਆ ਹੈ। ਬੀਮੇ ਅਤੇ ਜਹਾਜ਼ਰਾਨੀ ਭਾੜੇ 'ਚ ਵੱਡਾ ਉਛਾਲ ਆਉਣ ਕਾਰਨ ਬਰਾਮਦਾਂ ਦੇ 50 ਫ਼ੀਸਦੀ ਘਟਣ ਦਾ ਖਦਸ਼ਾ ਹੈ। ਭੁਗਤਾਨ ਵਿੱਚ ਦੇਰੀ ਕਾਰਨ ਟੈਕਸਟਾਈਲ ਅਤੇ ਇੰਜੀਨੀਅਰਿੰਗ ਬਰਾਮਦਕਾਰ ਕਾਫ਼ੀ ਤੰਗਹਾਲੀ ਦਾ ਸਾਹਮਣਾ ਕਰ ਰਹੇ ਹਨ।

ਇਸ ਤੋਂ ਪ੍ਰੇਸ਼ਾਨ ਬਰਾਮਦਕਾਰ ਚਾਹੁੰਦੇ ਹਨ ਕਿ ਕੇਂਦਰ ਸਰਕਾਰ ਭੁਗਤਾਨ ਲਈ ਵਟਾਂਦਰਾ ਪ੍ਰਣਾਲੀ ਲਾਗੂ ਕਰੇ ਜਿਵੇਂ ਕੱਚੇ ਤੇਲ ਬਦਲੇ ਬਾਸਮਤੀ ਚੌਲ।

ਇਸ ਦੇ ਬਾਵਜੂਦ ਇਸ ਸਥਿਤੀ ਦੀ ਭਿਆਨਕਤਾ ਵੀ ਪੰਜਾਬ ਦੀਆਂ ਵੱਖ-ਵੱਖ ਪਾਰਟੀਆਂ ਨੂੰ ਕੁੰਭਕਰਨੀ ਨੀਂਦ ਤੋਂ ਜਗਾ ਨਹੀਂ ਸਕੀ। ਸਿਰ 'ਤੇ ਮੰਡਰਾਉਂਦੇਖ਼ਤਰੇ ਦੇ ਬੱਦਲਾਂ ਨੂੰ ਨਜ਼ਰਅੰਦਾਜ਼ ਕਰਦਿਆਂ ਉਹ ਚੋਣਾਂ ਵਿੱਚ ਜਿੱਤ ਹਾਸਲ ਕਰਨ ਲਈ ਆਮ ਵਾਂਗ ਸਿਆਸਤ ਕਰ ਰਹੀਆਂ ਹਨ।

ਕਿਸੇ ਆਗੂ ਦੀ ਪਰਖ ਸੰਕਟ ਸਮੇਂ ਹੀ ਹੁੰਦੀ ਹੈ। ਪਿਛਲੇ ਸਾਲ ਪੰਜਾਬ 'ਚ ਹੜ੍ਹ ਆਏ ਸਨ ਤਾਂ ਭਾਜਪਾ ਦੇ ਕੁਝ ਮੰਤਰੀਆਂ ਨੇ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਦਿਆਂ ਲੋਕਾਂ ਨਾਲ ਵਾਅਦੇ ਕੀਤੇ, ਜੋ ਹਾਲੇ ਪੂਰੇ ਕੀਤੇ ਜਾਣੇ ਹਨ। ਪ੍ਰਧਾਨ ਮੰਤਰੀ ਵੱਲੋਂ ਐਲਾਨੀ 1,600 ਕਰੋੜ ਰੁਪਏ ਦੀ ਰਾਹਤ ਰਾਸ਼ੀ ਦਾ ਅਜੇ ਵੀ ਇੰਤਜ਼ਾਰ ਹੈ। ਹੁਣ ਇੱਕ ਹੋਰ ਸੰਕਟ ਸਿਰ ਚੁੱਕ ਰਿਹਾ ਹੈ ਅਤੇ ਪੰਜਾਬ ਵਿੱਚ ਭਾਜਪਾ ਦੇ ਨੇਤਾ ਇਸ ਤੋਂ ਭੱਜ ਰਹੇ ਹਨ। ਇਸ ਔਖੀ ਘੜੀ ਵਿੱਚ ਵਿਰਲੇ ਆਗੂਆਂ ਨੇ ਹੀ ਬਰਾਮਦਕਾਰਾਂ ਨਾਲ ਰਾਬਤਾ ਕਾਇਮ ਕਰਨ ਦੀ ਜ਼ਹਿਮਤ ਉਠਾਈ ਹੈ।

ਸਮੱਸਿਆ ਇਹ ਹੈ ਕਿ ਦਿੱਲੀ 'ਚ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਕਿਸੇ ਵੀ ਮੁੱਦੇ 'ਤੇ ਪੰਜਾਬ ਭਾਜਪਾ ਦੇ ਆਗੂਆਂ ਦੀ ਗੱਲ ਨੂੰ ਗੰਭੀਰਤਾ ਨਾਲ ਨਹੀਂ ਲੈਂਦੀ ਅਤੇ ਨਾ ਹੀ ਕਿਸੇ ਮੁੱਦੇ 'ਤੇ ਇਨ੍ਹਾਂ ਦੀ ਰਾਇ ਲੈਂਦੀ ਹੈ। ਭਾਜਪਾ ਦੀਆਂ ਤਰਜੀਹਾਂ ਦੀ ਸੂਚੀ ਵਿੱਚ ਪੰਜਾਬ ਦਾ ਸਥਾਨ ਬਹੁਤ ਹੇਠਾਂ ਜਾਪਦਾ ਹੈ। ਇਸ ਲਈ ਭਾਜਪਾ ਆਗੂ ਮੀਡੀਆ ਦੀ ਸੁਰਖ਼ੀਆਂ ਵਿੱਚ ਰਹਿਣ ਲਈ ਹੋਰ ਢੰਗ-ਤਰੀਕੇ ਵਰਤਦੇ ਹਨ। ਇਸੇ ਲਈ ਉਹ ਇੱਕ ਅਦਾਕਾਰਾ ਦੇ ਪਤੀ ਦਾ ਸਿਆਸੀ ਰੁਤਬਾ ਘਟਾਏ ਜਾਣ ਬਾਰੇ ਜ਼ੋਰ-ਸ਼ੋਰ ਨਾਲ ਪ੍ਰਤੀਕਿਰਿਆ ਦੇ ਰਹੇ ਹਨ। ਇਸ ਦੇ ਨਾਲ ਹੀ ਉਹ ਚੰਡੀਗੜ੍ਹ ਸਥਿਤ ਭਾਜਪਾ ਦਫ਼ਤਰ ਦੇ ਬਾਹਰ ਹੋਏ ਧਮਾਕੇ ਦੇ ਮਸਲੇ 'ਤੇ ਭੜਕਦਿਆਂ ਇਸ ਲਈ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ; ਸ਼ਾਇਦ ਇਸ ਸਭ ਵਿੱਚ ਉਹ ਇਹ ਗੱਲ ਭੁੱਲ ਗਏ ਹਨ ਕਿ ਕਿਸੇ ਵੀ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਸ਼ਾਂਤੀ ਭੰਗ ਹੋਣ ਦੀ ਜ਼ਿੰਮੇਵਾਰੀ ਕੇਂਦਰ ਵਿੱਚ ਸੱਤਾਧਾਰੀ ਭਾਜਪਾ ਦੇ ਗ੍ਰਹਿ ਮੰਤਰੀ ਦੀ ਹੁੰਦੀ ਹੈ।

ਜਿੱਥੋਂ ਤੱਕ ਆਮ ਆਦਮੀ ਪਾਰਟੀ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਗੱਲ ਹੈ ਤਾਂ ਇਨ੍ਹਾਂ ਪਾਰਟੀਆਂ ਵਿੱਚ ਕੋਈ ਵੀ ਅਜਿਹਾ ਧੱਕੜ ਆਗੂ ਨਹੀਂ, ਜੋ ਕੇਂਦਰ ਸਰਕਾਰ ਨੂੰ ਕਿਸਾਨਾਂ ਅਤੇ ਬਰਾਮਦਕਾਰਾਂ ਦੇ ਮੁੱਦੇ 'ਤੇ ਜਵਾਬਦੇਹ ਬਣਾਵੇ। ਹੁਣ ਭਾਜਪਾ ਹਾਈਕਮਾਨ ਦੇ ਚਹੇਤੇ ਆਗੂਆਂ ਹਰਦੀਪ ਪੁਰੀ, ਰਵਨੀਤ ਸਿੰਘ ਬਿੱਟੂ, ਤਰਨਜੀਤ ਸਿੰਘ ਸੰਧੂ ਅਤੇ ਪਾਰਟੀ ਵਿੱਚ ਹਾਲ ਹੀ ਵਿੱਚ ਸ਼ਾਮਿਲ ਹੋਏ ਵਕੀਲ ਐੱਚ.ਐੱਸ. ਫੂਲਕਾ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪ੍ਰਧਾਨ ਮੰਤਰੀ ਨੂੰ ਆਪਣਾ ਧਿਆਨ ਪੱਛਮੀ ਬੰਗਾਲ ਦੀਆਂ ਚੋਣਾਂ ਤੋਂ ਇਲਾਵਾ ਪੰਜਾਬ 'ਤੇ ਵੀ ਤਵੱਜੋ ਦੇਣ ਲਈ ਪ੍ਰੇਰਿਤ ਕਰਦਿਆਂ ਘੱਟੋ-ਘੱਟ ਪੰਜਾਬ ਨੂੰ ਇਸ ਦਾ ਬਣਦਾ ਜਾਇਜ਼ ਹੱਕ ਦਿਵਾਉਣ ਦੀ ਕੋਸ਼ਿਸ਼ ਤਾਂ ਕਰਨ।

# ਕੀ ਟਰੰਪ ਦੀਆਂ ਆਦਤਾਂ ਵਿੱਚ ਆਵੇਗਾ ਸੁਧਾਰ ?

**ਡਾ. ਅਸ਼ੋਕ ਕੁਮਾਰ ਖੁਰਾਣਾ**

ਅੱਜ ਅਸੀਂ ਅਜਿਹੇ ਦੌਰ ਵਿੱਚੋਂ ਗੁਜ਼ਰ ਰਹੇ ਹਾਂ ਜਿਸ ਅੰਦਰ ਸਭ ਤੋਂ ਸ਼ਕਤੀਸ਼ਾਲੀ ਸਮਝੇ ਜਾਣ ਵਾਲੇ ਜਾਂ ਆਪੂੰ ਬਣੇ ਦੁਨੀਆ ਦੇ ਠੇਕੇਦਾਰ ਦੇ ਝੱਲ ਖਿਲਾਰੇ ਜਾਂ ਖ਼ੁਰਾਫ਼ਾਤੀ ਦਿਮਾਗ ਦੇ ਅਜੀਬ ਨਮੂਨੇ ਵੇਖਣ ਨੂੰ ਮਿਲ ਰਹੇ ਹਨ। ਤੁਸੀਂ ਠੀਕ ਹੀ ਸਮਝੇ ਹੋ। ਜੀ ਹਾਂ! ਮੈਂ ਇਰਾਨ ਬਨਾਮ ਅਮਰੀਕਾ, ਇਜ਼ਰਾਈਲ ਜੰਗ ਦੀ ਹੀ ਗੱਲ ਕਰ ਰਿਹਾ ਹਾਂ। ਇਸ ਜੰਗ ਦੇ ਕੇਂਦਰ ਵਿੱਚ ਹਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਮੈਂ ਉਨ੍ਹਾਂ ਦੇ ਵਿਵਹਾਰ ਨੂੰ ਸਮਝਣ, ਤੋਲਣ, ਦੇਖਣ, ਪਰਖਣ ਦੀ ਕੋਸ਼ਿਸ਼ ਵਿੱਚ ਹਾਂ। ਸ਼ਾਇਦ ਹੀ ਇਸ ਤੋਂ ਪਹਿਲਾਂ ਕਦੇ ਕਿਸੇ ਦੇਸ਼ ਦੇ ਰਾਸ਼ਟਰਪਤੀ ਦੇ ਅਜਿਹੇ ਖ਼ੁਰਾਫਾਤੀ ਦਿਮਾਗ ਦੀਆਂ ਪਰਤਾਂ ਨਜ਼ਰ ਆਈਆਂ ਹੋਵਣ। ਹਿਟਲਰ ਹੋਵੇ ਜਾਂ ਮੁਸੋਲਿਨੀ, ਉੱਤਰੀ ਕੋਰੀਆ ਦਾ ਕਿਮ-ਜੋਂਗ-ਉਨ ਹੋਵੇ ਜਾਂ ਕੋਈ ਹੋਰ, ਇਸ ਤਰ੍ਹਾਂ ਦਾ ਵਿਵਹਾਰ ਤਾਂ ਸ਼ਾਇਦ ਹੀ ਕਦੇ ਕਿਸੇ ਨੇ ਕੀਤਾ ਹੋਵੇ। ਨਾ ਨਿਸ਼ਾਨਾ ਸਪਸ਼ਟ, ਨਾ ਮਕਸਦ, ਨਾ ਹੀ ਜ਼ਰੂਰਤ, ਨਾ ਹੀ ਦਸ਼ਾ, ਨਾ ਦਿਸ਼ਾ ਤੇ ਨਾ ਹੀ ਕੋਈ ਦਿਸ਼ਾ-ਨਿਰਦੇਸ਼ ਅਤੇ ਨਾ ਕੋਈ ਨਿਰਦੇਸ਼ਕ। ਪੰਜਾਬੀ ਦੀ ਕਹਾਵਤ 'ਧੂੜ 'ਚ ਟੱਟੂ ਭਜਾਉਣਾ' ਸੱਚ ਸਾਬਿਤ ਹੋ ਰਹੀ ਹੈ। ਜਾਂ ਫਿਰ ਜਿਵੇਂ ਬਾਂਦਰ ਟਪੂਸੀਆਂ ਮਾਰਦਾ ਹੈ, ਉਸ ਤਰ੍ਹਾਂ ਦਾ ਵਿਵਹਾਰ ਨਜ਼ਰੀਂ ਪੈ ਰਿਹਾ ਹੈ ਅਤੇ ਉਹ ਵੀ ਦੁਨੀਆ ਭਰ ਦੇ ਸਭ ਤੋਂ ਸ਼ਕਤੀਸ਼ਾਲੀ ਸਮਝੇ ਜਾਣ ਵਾਲੇ ਦੇਸ਼ ਦੇ ਰਾਸ਼ਟਰਪਤੀ ਦਾ।

ਵੱਖ-ਵੱਖ ਸ਼ਾਸਤਰਾਂ ਅਤੇ ਵੱਖੋ-ਵੱਖ ਰਿਸ਼ੀਆਂ-ਮੁਨੀਆਂ ਨੇ ਇੱਕ ਨਹੀਂ, ਅਨੇਕ ਵਾਰ ਦੁਹਰਾਇਆ ਹੈ ਕਿ ਸੱਚ ਬੋਲਣ ਵਾਲੇ ਨੂੰ ਕਿਸੇ ਤਰ੍ਹਾਂ ਦੀ ਨਾ ਤਾਂ ਨਮੋਸ਼ੀ ਝੱਲਣੀ ਪੈਂਦੀ ਹੈ ਤੇ ਨਾ ਹੀ ਇਹ ਯਾਦ ਰੱਖਣਾ ਪੈਂਦਾ ਹੈ ਕਿ ਕਦੋਂ ਉਸ ਨੇ ਆਪਣੇ ਮੂੰਹੋਂ ਕੀ ਕਿਹਾ ਹੈ। ਨਿਸਬਤ ਇਸ ਦੇ, ਝੂਠ ਬੋਲਣ ਵਾਲਾ ਵਿਅਕਤੀ ਹਰ ਸਮੇਂ ਆਪਣੇ ਬੋਲੇ ਹੋਏ ਸ਼ਬਦਾਂ



ਦੀ ਗ੍ਰਿਫ਼ਤ ਵਿੱਚ ਹੀ ਉਲਝ ਕੇ ਰਹਿ ਜਾਂਦਾ ਹੈ। ਇਹੋ ਜਿਹੀ ਹਾਲਤ ਹੋ ਚੁੱਕੀ ਹੈ ਅੱਜ ਅਮਰੀਕੀ ਰਾਸ਼ਟਰਪਤੀ ਟਰੰਪ ਦੀ। ਉਸ ਦੇ ਇਕ ਤੋਂ ਬਾਅਦ ਇੱਕ ਅਜਿਹੇ ਬਿਆਨ ਆ ਰਹੇ ਹਨ ਜਿਨ੍ਹਾਂ ਵਿਚਕਾਰ ਕਿਸੇ ਵੀ ਤਰ੍ਹਾਂ ਦਾ ਕੋਈ ਤਾਲਮੇਲ, ਸੰਤੁਲਨ, ਇਕਾਗਰਤਾ ਨਜ਼ਰ ਨਹੀਂ ਆਉਂਦੀ, ਸੱਚਾਈ ਤਾਂ ਬਹੁਤ ਦੂਰ ਦੀ ਕੌਡੀ ਹੈ।

ਇੱਕ ਦਿਨ ਵਿੱਚ ਕਿਸੇ ਵੀ ਮੁਲਕ ਨੂੰ ਤਬਾਹ ਕਰ ਦੇਣ ਵਰਗਾ ਬਿਆਨ ਦੇਣ ਵਾਲਾ, ਇੱਕ ਰਾਤ ਵਿੱਚ ਕਿਸੇ ਵੀ ਮੁਲਕ ਜਾਂ ਕੌਮ ਦੀ ਸੱਭਿਅਤਾ ਨੂੰ ਨੇਸਤੋ-ਨਾਬੂਦ ਕਰ ਦੇਣ ਦਾ ਦਮ ਭਰਨ ਵਾਲਾ ਰਾਸ਼ਟਰਪਤੀ ਜੰਗ ਦੇ ਚਾਲੀ ਦਿਨ ਬੀਤਣ ਉਪਰੰਤ ਵੀ ਅਜਿਹਾ ਗੁਣਗਾਨ ਕਰ ਰਿਹਾ ਹੈ ਜਿਵੇਂ ਸਭ ਕੁਝ ਉਸ ਦੇ ਹੱਥ ਵਿਚ ਹੈ। ਉਹ ਕਹੇਗਾ ਦਿਨ ਤਾਂ ਦਿਨ ਚੜ੍ਹੇਗਾ, ਉਹ ਕਹੇਗਾ ਰਾਤ ਤਾਂ ਰਾਤ ਹੋਵੇਗੀ। ਹੰਕਾਰ ਦਾ ਇੰਨਾ ਵੱਡਾ ਅਤੇ ਵਿਕਰਾਲ ਰੂਪ ਸ਼ਾਇਦ ਹੀ ਕਿਸੇ ਅੰਦਰ ਅੱਜ ਤੋਂ ਪਹਿਲਾਂ ਦਿਖਾਈ ਦਿੱਤਾ ਹੋਵੇ।

ਇੱਕੀਵੀਂ ਸਦੀ ਮਾਨਵਤਾ ਦੇ ਵਿਕਾਸ ਦੀ ਅਜਿਹੀ ਚਰਮ-ਸੀਮਾ ਲੈ ਕੇ ਆਈ ਹੈ ਕਿ ਮਾਨਵਤਾ ਖ਼ੁਦ ਹੀ ਹੈਰਾਨ ਹੋਣ ਦੇ ਨਾਲ-ਨਾਲ ਆਪਣੇ ਧੁਰ ਅੰਦਰੋਂ ਬੇਹੱਦ ਪਰੇਸ਼ਾਨ ਵੀ ਹੈ ਕਿ ਮਾਨਵ ਅੱਜ ਕਿੱਥੇ ਪੁੱਜ ਗਿਆ ਹੈ। ਅਫ਼ਵਾਹਾਂ, ਭਵਿੱਖਬਾਣੀਆਂ ਅਤੇ ਇਤਿਹਾਸ ਵਿੱਚੋਂ ਲੱਭ-ਲੱਭ ਕੇ ਦਿੱਤੀਆਂ ਜਾਣ ਵਾਲੀਆਂ ਅਨੇਕ ਤਰ੍ਹਾਂ ਦੀਆਂ ਮਿਸਾਲਾਂ ਅੱਜ ਕੁੱਲ ਮਾਨਵਤਾ ਨੂੰ ਨਿਰਾਸ਼ਾ ਅਤੇ ਵਹਿਮਾਂ-ਭਰਮਾਂ ਦੇ ਮਹਾਜਾਲ ਵਿੱਚ ਇਸ ਕਦਰ ਉਲਝਾ ਰਹੀਆਂ ਹਨ ਕਿ ਨਕਲੀ ਬੁੱਧੀਮਤਾ ਯਾਨੀ ਏ.ਆਈ. ਦੇ ਇਸ ਯੁੱਗ ਅੰਦਰ ਵਹਿਮ-ਭਰਮ, ਧਾਰਮਿਕ ਅਡੰਬਰਵਾਦ ਮੁੜ ਤੋਂ ਜ਼ੋਰ ਫੜ ਰਹੇ ਹਨ। ਅਮਰੀਕੀ ਰਾਸ਼ਟਰਪਤੀ ਕਦੇ ਆਪਣੇ-ਆਪ ਨੂੰ ਦੇਵ ਦੂਤ, ਕਦੇ ਸ਼ਾਂਤੀ ਦੂਤ ਤੇ ਕਦੇ ਲੋਕ ਹਿੱਤ ਵਿੱਚ ਭੁਗਤਣ ਵਾਲਾ ਮਹਾਨ ਨੇਤਾ ਦਰਸਾ ਰਿਹਾ ਹੈ ਅਤੇ ਦੂਜੇ ਬੰਨੇ ਵਿਗਿਆਨ ਅਤੇ ਤਕਨਾਲੋਜੀ ਦਾ ਇਸਤੇਮਾਲ ਕਰ ਕੇ ਇਰਾਨ ਵਰਗੇ ਮੁਲਕ ਦੀ ਸੱਤਾ ਉੱਤੇ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਕਬਜ਼ਾ ਕਰ ਕੇ ਕੁੱਲ ਦੁਨੀਆ ਉੱਤੇ ਆਪਣਾ ਅਜਿਹਾ ਪ੍ਰਭਾਵ ਕਾਇਮ ਕਰਨ ਦੀ ਇੱਛਾ ਰੱਖਦਾ ਹੈ ਕਿ ਦੁਨੀਆ ਉਸ ਦੀਆਂ ਸੋਚਾਂ ਅਨੁਸਾਰ ਆਪਣੇ-ਆਪ ਨੂੰ ਨਾ ਕੇਵਲ ਢਾਲ ਲਵੇ ਸਗੋਂ ਸਮੁੱਚੇ ਵਿਸ਼ਵ ਉੱਤੇ ਉਸ ਦਾ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਕਬਜ਼ਾ ਹੋ ਜਾਵੇ। ਕੀ ਅਜਿਹਾ ਸੰਭਵ ਹੈ? ਇਕ ਛੋਟੇ ਜਿਹੇ ਪਰਿਵਾਰ ਵਿੱਚ ਵੀ ਸਰਬਸੰਮਤੀ ਨਹੀਂ ਬਣਦੀ। ਦੁਨੀਆ ਨੂੰ ਟਰੰਪ ਦੀਆਂ ਨੀਤੀਆਂ, ਟਪੂਸੀਆਂ ਜਾਂ ਹੰਕਾਰ ਮੁਤਾਬਕ ਢਾਲ ਸਕਣਾ ਅਤਿਅੰਤ ਕਠਿਨ ਹੈ।

(ਬਾਕੀ ਸਫ਼ਾ 27 'ਤੇ)

# ਵਿਸਾਖ ਨਾ ਜਾਈਂ ਚੰਨਾ...

## ਘਰਾਂ ਨੂੰ ਕਮਾਈ ਲਿਆਉਣ ਦਾ ਮਹੀਨਾ ਵੈਸਾਖ







ਜਗਮੋਹਨ ਸਿੰਘ 'ਲੱਕੀ'
9463819174



**ਵੈਸਾਖ ਮਹੀਨਾ ਦੇਸੀ ਸਾਲ ਦੇ ਮਹੀਨਿਆਂ ਵਿੱਚ ਆਪਣਾ ਵੱਖਰਾ ਅਤੇ ਵਿਸ਼ੇਸ ਮਹੱਤਵ ਰੱਖਦਾ ਹੈ। ਵੈਸਾਖ ਮਹੀਨਾ ਪੂਰੇ 31 ਦਿਨਾਂ ਦਾ ਹੁੰਦਾ ਹੈ। ਵੈਸਾਖ ਮਹੀਨੇ ਖੇਤਾਂ ਵਿੱਚ ਹਰੇ ਤੋਂ ਸੁਨਿਹਰੀ ਰੰਗ ਵਟਾ ਕੇ ਕਣਕਾਂ ਲਹਿਰਾਉਂਦੀਆਂ ਹਨ, ਜਿਹਨਾਂ ਉੱਪਰ ਕੁਦਰਤ ਨੱਚਦੀ ਅਤੇ ਗਾਉਂਦੀ ਹੈ। ਪੂਰੇ ਪੰਜਾਬ ਵਿੱਚ ਹੀ ਹਰ ਪਾਸੇ ਪੈਲਾਂ ਪਾਉਂਦੀਆਂ ਸੋਨੇ ਰੰਗੀਆਂ ਕਣਕਾਂ ਵੇਖ ਕੇ ਪੰਜਾਬ ਨੂੰ 'ਸੋਨੇ ਦੀ ਚਿੜੀ' ਕਿਹਾ ਜਾਂਦਾ ਹੈ।**

ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਅਤੇ ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦਾ ਧੁਰਾ ਹੈ। ਪੰਜਾਬ ਦੀ ਵਧੇਰੇ ਵਸੋਂ ਖੇਤੀਬਾੜੀ ਅਤੇ ਇਸ ਨਾਲ ਸਬੰਧਿਤ ਕੰਮ ਧੰਦਿਆਂ ਨਾਲ ਜੁੜੀ ਹੋਈ ਹੈ। ਇਸੇ ਕਾਰਨ ਹਰ ਹਾੜ੍ਹੀ- ਸਾਉਣੀ ਦੇ ਸੀਜਨ ਦੌਰਾਨ ਫ਼ਸਲ ਵੇਚ ਕੇ ਜਿਥੇ ਪੰਜਾਬ ਦੇ ਕਿਸਾਨਾਂ ਦੇ ਘਰ ਪੂਰੇ ਸੀਜਨ ਦੀ ਆਮਦਨੀ ਆਉਂਦੀ ਹੈ। ਉਥੇ ਆੜ੍ਹਤੀਆਂ, ਖੇਤ ਮਜ਼ਦੂਰਾਂ, ਮੰਡੀਆਂ ਦੇ ਕਾਮਿਆਂ ਅਤੇ ਖੇਤੀ ਨਾਲ ਸਬੰਧਿਤ ਹੋਰ ਕੰਮ ਧੰਦਿਆਂ ਵਾਲਿਆਂ ਨੂੰ ਵੀ ਪੂਰੇ ਸੀਜਨ ਦੀ ਕਮਾਈ ਹੁੰਦੀ ਹੈ। ਵੈਸਾਖ ਮਹੀਨੇ ਕਣਕ ਦੀ ਫ਼ਸਲ ਪੂਰੀ ਤਰਾਂ ਪੱਕ ਚੁੱਕੀ ਹੁੰਦੀ ਹੈ ਅਤੇ ਇਸ ਮਹੀਨੇ ਕਣਕ ਦੀ ਫ਼ਸਲ ਨੂੰ ਮੰਡੀਆਂ ਵਿੱਚ ਵੇਚਣ ਤੋਂ ਬਾਅਦ ਕਿਸਾਨਾਂ ਦੇ ਘਰਾਂ ਵਿੱਚ ਪੂਰੇ ਸੀਜਨ ਦੀ ਆਮਦਨੀ ਆਉਂਦੀ ਹੈ। ਜਿਸ ਕਰਕੇ ਜਿਥੇ ਕਿਸਾਨਾਂ ਦੇ ਘਰਾਂ ਵਿੱਚ ਚੰਗੀ ਆਮਦਨ ਆਉਣ ਕਾਰਨ ਖੁਸ਼ੀਆਂ ਤੇ ਖੇੜੇ ਆ ਜਾਂਦੇ ਹਨ, ਉਥੇ ਇਸ ਆਮਦਨੀ ਨਾਲ ਜਦੋਂ ਕਿਸਾਨ ਖਰੀਦਦਾਰੀ ਕਰਦੇ ਹਨ ਅਤੇ ਕੱਪੜੇ, ਸੋਨੇ ਦੇ ਗਹਿਣੇ, ਬੱਚਿਆਂ ਲਈ ਪੋਸ਼ਾਕਾਂ, ਸੌਦਾ ਪੱਤਾ ਖਰੀਦਦੇ ਹਨ ਤਾਂ ਇਹ ਸਮਾਨ ਵੇਚਣ ਵਾਲਿਆਂ ਨੂੰ ਵੀ ਚੰਗੀ ਆਮਦਨੀ ਹੋ ਜਾਂਦੀ ਹੈ। ਇਸ ਕਾਰਨ ਵੈਸਾਖ ਨੂੰ ਕਮਾਈ ਜਾਂ ਆਮਦਨੀ ਘਰ ਲਿਆਉਣ ਦਾ ਮਹੀਨਾ ਵੀ ਕਿਹਾ ਜਾਂਦਾ ਹੈ। ਵੈਸਾਖ ਦੀ ਸੰਗਰਾਂਦ ਨੂੰ ਹੀ ਵਿਸਾਖੀ ਦਾ ਤਿਉਹਾਰ ਮਨਾਇਆ ਜਾਂਦਾ ਹੈ।

ਵੈਸਾਖ ਨੂੰ ਵਿਸਾਖ ਅਤੇ ਬਸਾਖ ਵੀ ਕਹਿ ਲਿਆ ਜਾਂਦਾ ਹੈ । ਮਾਲਵਾ ਇਲਾਕੇ ਵਿੱਚ ਵੈਸਾਖ ਮਹੀਨੇ ਨੂੰ ਆਮ ਬੋਲ ਚਾਲ ਵਿੱਚ ਬਸਾਖ ਹੀ ਕਿਹਾ ਜਾਂਦਾ ਹੈ।

ਚੰਦਰਵਰਸ਼ ਅਨੁਸਾਰ ਵੈਸਾਖ ਮਹੀਨੇ ਦੀ ਪੁੰਨਿਆ ਨੂੰ ਚੰਦ ਵਿਸ਼ਾਖਾ ਨਛੱਤਰ ਦੇ ਕੋਲ ਹੁੰਦਾ ਹੈ। ਇਸ ਲਈ ਇਸ ਮਹੀਨੇ ਨੂੰ ਸੰਸਕ੍ਰਿਤ ਵਿੱਚ ਵੈਸ਼ਾਖਾ ਕਿਹਾ ਜਾਂਦਾ ਹੈ। ਵਿਸ਼ਾਖਾ ਸਬਦ ਦੋ ਅਖਰਾਂ ਤੋਂ ਬਣਿਆ ਹੈ ਵਿ+ ਸ਼ਾਖਾ। ਵਿਸ਼ਾਖਾ ਦਾ ਸਾਬਦਿਕ ਅਰਥ ਸ਼ਾਖਾਵਾਂ ਵਾਲਾ ਜਾਂ ਕਈ ਟਾਹਣੀਆਂ ਵਾਲਾ ਹੁੰਦਾ ਹੈ। ਵਿਸ਼ਾਖਾ ਸਬਦ ਹੀ ਪੰਜਾਬੀ ਵਿਚ ਵੈਸਾਖ, ਵਿਸਾਖ ਦੇ ਰੂਪ ਵਿੱਚ ਮੌਜੂਦ ਹੈ।

ਵੈਸਾਖ ਮਹੀਨੇ ਬਸੰਤ ਰੁੱਤ ਵੀ ਆਪਣੇ ਪੂਰੇ ਜੋਬਨ ਵਿੱਚ ਆ ਕੇ ਪੈਲਾਂ ਪਾ ਰਹੀ ਹੁੰਦੀ ਹੈ। ਇਸ ਮਹੀਨੇ ਅੰਬੀਆਂ ਨੂੰ ਪਿਆ ਬੂਰ ਅਤੇ ਪੱਕੀਆਂ ਅੰਬੀਆਂ ਤੇ ਅੰਬਾਂ ਕਾਰਨ ਅੰਬਾਂ ਦੇ ਰੁੱਖਾਂ ਨਾਲ ਖਹਿ ਖਹਿ ਕੇ ਆਉਂਦੀ ਹਵਾ ਵੀ ਖੁਸ਼ਬੋਆਂ ਵੰਡਦੀ ਆਉਂਦੀ ਹੈ। ਅੰਬਾਂ ਦੇ ਰੁੱਖਾਂ ਦੀਆਂ ਡਾਲੀਆਂ ਅਤੇ ਪੱਤਿਆਂ ਨਾਲ ਖਹਿ ਕੇ ਲੰਘੀ ਠੰਡੀ ਵਾਅ ਸਾਡੇ ਘਰਾਂ-ਦਰਾਂ ਅੰਦਰ ਆ ਕੇ ਸਾਡੇ ਘਰਾਂ ਅੰਦਰ ਵਿੱਚ ਵੀ ਮਹਿਕਾਂ ਖਿਲਾਰ ਦਿੰਦੀ ਹੈ। ਇਸ ਮੌਸਮ ਵਿੱਚ ਹਰ ਪਾਸਾ ਹੀ ਰੁਸ਼ਨਾਇਆ ਲੱਗਦਾ ਹੈ। ਇਸ ਮਹੀਨੇ ਜਿਥੇ ਕਣਕ ਕੱਟਣ ਵੇਲੇ ਕਿਸਾਨਾਂ - ਮਜਦੂਰਾਂ ਦੀਆਂ ਭੀੜਾਂ ਖੇਤਾਂ ਵਿੱਚ ਵੇਖਣ ਨੂੰ ਮਿਲਦੀਆਂ ਹਨ ਉਥੇ ਹੀ ਵੱਡੀ ਗਿਣਤੀ ਵਿੱਚ ਪੰਛੀ ਅਤੇ ਜਨੌਰ ਵੀ ਖੇਤਾਂ ਵਿੱਚ ਹੀ ਉਡਾਰੀਆਂ ਮਾਰਦੇ ਫ਼ਿਰਦੇ ਹਨ ਅਤੇ ਮੌਕਾ ਮਿਲਣ 'ਤੇ ਕਣਕ ਦੇ ਦਾਣੇ ਚੁਗਦੇ ਰਹਿੰਦੇ ਹਨ। ਇਹਨਾਂ ਪੰਛੀਆਂ ਨੂੰ ਵੱਡੀ ਗਿਣਤੀ ਕਿਸਾਨ ਵੀ ਕੁਝ ਨਹੀਂ ਕਹਿੰਦੇ ਅਤੇ ਉਹ ਕਹਿੰਦੇ ਹਨ ਕਿ ਹਰ ਇੱਕ ਨੇ ਆਪਣੇ ਭਾਗਾਂ ਦਾ ਖਾਣਾ ਹੈ। ਵੈਸਾਖ ਮਹੀਨੇ ਜਿਥੇ ਰੁੱਖਾਂ ਦੀਆਂ ਨਵੀਆਂ ਟਾਹਣੀਆਂ ਆ ਗਈਆਂ ਹੁੰਦੀਆਂ ਹਨ ਉਥੇ ਹੀ ਨਵੀਆਂ ਟਾਹਣੀਆਂ ਉੱਪਰ ਲੱਗੇ ਨਵੇਂ ਨਵੇਂ ਤੇ ਕੂਲੇ ਕੂਲੇ ਪੱਤੇ ਵੀ ਹਰ ਇੱਕ ਦਾ ਦਿਲ ਮੋਹ ਲੈਂਦੇ ਹਨ।



ਵੈਸਾਖ ਮਹੀਨੇ ਹੀ ਕੱਟੀ ਗਈ ਕਣਕ ਦੀ ਫ਼ਸਲ ਮੰਡੀਆਂ ਵਿੱਚ ਆਉਂਦੀ ਹੈ ਅਤੇ ਮੰਡੀਆਂ ਵਿੱਚ ਵੀ ਰੌਣਕਾਂ ਲੱਗ ਜਾਂਦੀਆਂ ਹਨ। ਫ਼ਸਲ ਵੇਚ ਕੇ ਜਦੋਂ ਕਿਸਾਨ ਘਰ ਜਾਂਦੇ ਹਨ ਤਾਂ ਉਹ ਆਪਣੇ ਆਪ ਨੂੰ ਦੁਨੀਆਂ ਦਾ ਕੋਈ ਬਾਦਸ਼ਾਹ ਹੀ ਸਮਝਦੇ ਹਨ ਕਿਉਂਕਿ ਪੂਰੇ ਸੀਜਣ ਦੀ ਕਮਾਈ ਉਹਨਾਂ ਦੇ ਬੋਝੇ ਵਿੱਚ ਹੁੰਦੀ ਹੈ। ਪੰਜਾਬ ਵਿੱਚ ਬਹੁਗਿਣਤੀ ਲੋਕ ਖੇਤੀ ਅਤੇ ਖੇਤੀ ਨਾਲ ਸਬੰਧਿਤ ਕਿੱਤਿਆਂ ਨਾਲ ਜੁੜੇ ਹੋਏ ਹਨ , ਇਸ ਕਰਕੇ ਜਦੋਂ ਕਿਸਾਨਾਂ ਕੋਲ ਫ਼ਸਲ ਵੇਚ ਕੇ ਪੈਸੇ ਆਉਂਦੇ ਹਨ ਤਾਂ ਉਹ ਆੜਤੀਆਂ ਤੋਂ ਬਾਅਦ ਤਰਖਾਣਾਂ, ਰਾਜ ਮਿਸਤਰੀਆਂ, ਲੋਹਾਰਾਂ, ਕਰਿਆਣੇ ਦੇ ਦੁਕਾਨਦਾਰਾਂ ਅਤੇ ਹੋਰ ਕੰਮਾਂ ਕਾਰਾਂ ਵਾਲਿਆਂ ਨਾਲ ਆਪਣਾ ਸਾਲ ਭਰ ਦਾ ਹਿਸਾਬ ਨਿਬੇੜਦੇ ਹਨ, ਇਸ ਤਰਾਂ ਕਿਸਾਨਾਂ ਦੇ ਨਾਲ ਨਾਲ ਹੋਰਨਾਂ ਵਰਗਾਂ ਨਾਲ ਸਬੰਧਿਤ ਲੋਕਾਂ ਦੇ ਘਰ ਵਿੱਚ ਵੈਸਾਖ ਮਹੀਨੇ ਦੌਰਾਨ ਪੂਰੇ ਸਾਲ ਭਰ ਦੀ ਕਮਾਈ ਆ ਜਾਂਦੀ ਹੈ। ਇਸ ਤਰਾਂ ਵੈਸਾਖ ਮਹੀਨੇ ਨੂੰ ਕਮਾਈ ਘਰ ਲਿਆਉਣ ਦਾ ਮਹੀਨਾ ਵੀ ਕਿਹਾ ਜਾਂਦਾ ਹੈ।

ਕਈ ਵਾਰ ਵੈਸਾਖ ਮਹੀਨੇ ਬਰਸਾਤ ਵੀ ਪੈ ਜਾਂਦੀ ਹੈ, ਇਸ ਬਰਸਾਤ ਕਾਰਨ ਸਿਰਫ਼ ਕਣਕ ਦੀ ਪੱਕੀ ਫ਼ਸਲ, ਸਰੋਂ ਤੇ ਹੋਰ ਫ਼ਸਲਾਂ ਹੀ ਖੇਤਾਂ ਵਿੱਚ ਨਹੀਂ ਵਿਛਦੀਆਂ, ਸਗੋਂ ਕਿਸਾਨਾਂ ਦੇ ਸੁਪਨੇ, ਚਾਅ, ਖੁਸ਼ੀਆਂ ਅਤੇ ਸੱਧਰਾਂ ਵੀ ਵਿਛ ਜਾਂਦੇ ਹਨ।





# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035

# ਕੈਨੇਡਾ ਦੇ ਪਹਿਲੇ ਗ੍ਰੰਥੀ ਸਿੰਘ ਸਾਹਿਬ : ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ



ਡਾ. ਗੁਰਵਿੰਦਰ ਸਿੰਘ

ਨਸਲਵਾਦ ਅਤੇ ਬਸਤੀਵਾਦ ਦੇ ਖ਼ਾਤਮੇ ਅਤੇ ਮਨੁੱਖੀ ਅਧਿਕਾਰਾਂ ਦੀ ਆਜ਼ਾਦੀ ਦੇ ਸ਼ਾਨਾਮੱਤੇ ਇਤਿਹਾਸ ਵਿੱਚ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ ਦਾ ਵਿਸ਼ੇਸ਼ ਸਥਾਨ ਹੈ। ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਵੱਲੋਂ ਸ਼ਹੀਦ ਭਾਈ ਬਲਵੰਤ ਸਿੰਘ ਨੂੰ ਗ਼ਦਰ ਲਹਿਰ ਦੇ ਯੋਧਿਆਂ ਦੇ 'ਤਾਰਾ ਮੰਡਲ ਦਾ ਚੰਦ' ਕਹਿ ਕੇ ਸਤਿਕਾਰਿਆ ਗਿਆ ਹੈ। ਮਹਾਨ ਵਿਵੇਕਵਾਨ ਭਾਈ ਸਾਹਿਬ ਵੱਲੋਂ ਜਿੱਥੇ ਕੈਨੇਡਾ ਵਿੱਚ ਨਸਲਵਾਦ ਖ਼ਿਲਾਫ਼ ਜ਼ੋਰਦਾਰ ਸੰਘਰਸ਼ ਕੀਤਾ ਗਿਆ, ਉਥੇ ਭਾਰਤ ਜਾ ਕੇ ਬਸਤੀਵਾਦ ਨੂੰ ਜੜ੍ਹੋਂ ਪੁੱਟਣ ਲਈ, ਸ਼ਹੀਦੀ ਪਾਉਂਦਿਆਂਸੁਨਹਿਰੀ ਇਤਿਹਾਸ ਰਚਿਆ ਗਿਆ। ਅੰਗਰੇਜ਼ਾਂ ਦੇ ਗੁਲਾਮ ਭਾਰਤ ਦੇ ਮੁਖੀ ਵਾਇਸਰਾਏ ਲਾਰਡ ਹਾਰਡਿੰਗ ਅੱਗੇ ਛਾਤੀ ਤਾਣ ਕੇ ਗੱਲਬਾਤ ਕਰਨ ਵਾਲਾ ਸ਼ਖ਼ਸ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਖ਼ਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦਾ ਪਹਿਲਾ ਗ੍ਰੰਥੀ ਸਿੰਘ ਸੀ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ 'ਗ੍ਰੰਥੀ ਸਿੰਘ' ਦੇ ਰੁਤਬੇ 'ਤੇ ਸੁਸ਼ੋਭਿਤ ਹੋਣ ਵਾਲੀਆਂ ਸ਼ਖ਼ਸੀਅਤਾਂ ਦੀਆਂ ਕੁਰਬਾਨੀਆਂ ਦਾ ਕਿੰਨਾ ਮਹਾਨ ਇਤਿਹਾਸ ਹੈ। ਅੱਜ ਲੋੜ ਹੈ ਕਿ ਧਾਰਮਿਕ ਅਸਥਾਨਾਂ ਉੱਪਰ ਕਾਬਜ਼ ਪ੍ਰਬੰਧਕ ਅਤੇ ਪ੍ਰਚਾਰਕ ਸ਼੍ਰੇਣੀ, 'ਅੱਜ ਦੇ ਓਡਵਾਇਰਾਂ' ਖ਼ਿਲਾਫ਼ ਏਨੀ ਬਹਾਦਰੀ ਨਾਲ ਬੋਲਣ ਦੀ ਹਿੰਮਤ ਰੱਖੇ, ਨਾ ਕਿ ਜਾਲਮਾਂ ਮੂਹਰੇ ਗੋਡੇ ਟੇਕੇ।

ਸ਼ਹੀਦ ਭਾਈ ਬਲਵੰਤ ਸਿੰਘ ਦੀ ਸ਼ਹਾਦਤ ਮੌਜੂਦਾ ਸਮੇਂ ਅਤੇ ਸਥਿਤੀ ਵਿੱਚ ਵੀ ਓਨੀ ਹੀ ਪ੍ਰਸੰਗਿਕ ਹੈ, ਜਿੰਨੀ ਇੱਕ ਸਦੀ ਪਹਿਲਾਂ ਸੀ। ਦੁਖਾਂਤ ਇਸ ਗੱਲ ਦਾ ਹੈ ਕਿ ਅਜੇ ਤੱਕ ਨਾ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿੱਚ ਹੀ ਅਤੇ ਨਾ ਹੀ ਪੰਜਾਬ ਦੇ ਸੰਘਰਸ਼ ਲਈ ਇਤਿਹਾਸ ਵਿੱਚ, ਭਾਈ ਬਲਵੰਤ ਸਿੰਘ ਨੂੰ ਬਾਰੇ ਬਹੁਤ ਕੁਝ ਲਿਖਿਆ ਮਿਲਦਾ ਹੈ। ਸਿਆਸੀ ਆਗੂਆਂ ਦੇ ਜਨਮ-ਮੌਤ ਵਾਲੇ ਦਿਨ 'ਤੇ ਇਸ਼ਤਿਹਾਰ ਜਾਰੀ ਕਰਨ ਵਾਲੀਆਂ ਸਰਕਾਰਾਂ ਦੀ ਤਾਂ ਗੱਲ ਹੀ ਛੱਡੋ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਵੱਲੋਂ ਵੀ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਦੇ ਸ਼ਹੀਦੀ ਦਿਨ 'ਤੇ ਕੋਈ ਸੂਚਨਾ ਜਾਂ ਇਸ਼ਤਿਹਾਰ ਨਹੀਂ ਜਾਰੀ ਕੀਤਾ ਗਿਆ। ਅੰਗਰੇਜ਼ਾਂ ਤੋਂ ਮੁਆਫ਼ੀਆਂ ਮੰਗਣ ਵਾਲੇ 'ਸਾਵਰਕਰ' ਨੂੰ ਆਜ਼ਾਦੀ ਦਾ ਨਾਇਕ ਪੇਸ਼ ਕਰਨ ਵਾਲੀ, ਅੱਜ ਦੀ ਫਾਸ਼ੀਵਾਦੀ ਸਰਕਾਰ ਤੋਂ ਤਾਂ ਸ਼ਹੀਦ ਬਲਵੰਤ ਸਿੰਘ ਖੁਰਦਪੁਰ ਨੂੰ ਚੇਤੇ ਕਰਨਾ ਤਾਂ ਉਂਝ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ। ਸਰਕਾਰ ਤਾਂ ਜੇਲ੍ਹਾਂ 'ਚ ਸਿੱਖਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਦਾ ਵਿਅੰਗ ਕਸ ਰਹੀ ਹੈ, ਪਰ ਸੱਚ ਤਾਂ ਇਹ ਹੈ ਕਿ ਸਿੱਖ ਯੋਧੇ ਤਾਂ ਸ਼ੁਰੂ ਤੋਂ ਹੀ ਜੇਲ੍ਹਾਂ ਅੰਦਰ ਗੁਰਬਾਣੀ ਪਾਠ ਕਰਕੇ ਚੜ੍ਹਦੀ ਕਲਾ ਦਾ ਬਲ ਲੈ ਰਹੇ ਸਨ, ਦੂਜੇ ਪਾਸੇ ਸਾਵਰਕਰ ਵਰਗੇ ਜੇਲ੍ਹਾਂ 'ਚੋਂ ਬਾਹਰ ਆਉਣ ਲਈ ਅੰਗਰੇਜ਼ਾਂ ਤੋਂ ਮਾਫੀਆਂ ਮੰਗ ਰਹੇ ਸਨ। ਭਾਈ ਸਾਹਿਬ ਦੀ ਸ਼ਹਾਦਤ ਸਮੁੱਚੇ ਗਦਰ ਲਹਿਰ ਦੇ ਇਤਿਹਾਸ ਵਿੱਚ ਵਿਲੱਖਣ ਮਾਰਗ ਦਰਸ਼ਨ ਕਹੀ ਜਾ ਸਕਦੀ ਹੈ।

ਪੰਜਾਬ ਦੇ ਪਿੰਡ ਖੁਰਦਪੁਰ, ਜ਼ਿਲ੍ਹਾ ਜਲੰਧਰ ਵਿਖੇ ਭਾਈ ਬਲਵੰਤ ਸਿੰਘ ਦਾ ਜਨਮ 15 ਸਤੰਬਰ 1882 ਨੂੰ ਭਾਈ ਬੁੱਧ ਸਿੰਘ ਅਟਵਾਲ ਦੇ ਗ੍ਰਹਿ ਵਿਖੇ ਹੋਇਆ; ਆਪ ਨੇ ਆਦਮਪੁਰ ਤੋਂ ਅੱਠਵੀਂ ਤੱਕ ਪੜ੍ਹਾਈ ਕਰਨ ਮਗਰੋਂ ਕੁਝ ਸਮਾਂ ਫ਼ੌਜ ਵਿੱਚ ਨੌਕਰੀ ਵੀ ਕੀਤੀ। ਧਾਰਮਿਕ ਸਖਸ਼ੀਅਤ ਕਰਮ ਸਿੰਘ ਜੀ ਦੀ ਸੰਗਤ ਮਗਰੋਂ ਧਾਰਮਿਕ ਪ੍ਰਭਾਵ ਕਾਰਨ ਇਹ ਨੌਕਰੀ ਛੱਡ ਦਿੱਤੀ ਤੇ ਕੁਝ ਸਮੇਂ ਮਗਰੋਂ 1906 ਵਿੱਚ ਕੈਨੇਡਾ ਆ ਗਏ। ਇੱਥੇ ਹੀ 28 ਜੂਨ 1908 ਵਿੱਚ, ਖ਼ਾਲਸਾ ਦੀਵਾਨ ਸੁਸਾਇਟੀ ਦੇ ਪਹਿਲੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਨਾਲ, ਇਕੱਠਿਆਂ ਅੰਮ੍ਰਿਤਪਾਨ ਕੀਤਾ; ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਕੈਨੇਡਾ ਦਾ ਮੁੱਢ ਬੰਨਦਿਆਂ, ਭਾਈ ਸਾਹਿਬ ਨੇ ਕੈਨੇਡਾ ਅਤੇ ਉੱਤਰੀ ਅਮਰੀਕਾ 'ਚ ਨਾ ਸਿਰਫ ਪਹਿਲਾ ਸਿੱਖੀ ਪ੍ਰਚਾਰ ਦਾ ਕੇਂਦਰ ਹੀ ਸਥਾਪਿਤ ਕੀਤਾ, ਬਲਕਿ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਇਕਮੁੱਠ ਹੋ ਕੇ ਸੰਘਰਸ਼ ਦਾ ਸਾਂਝਾ ਕੇਂਦਰ ਵੀ ਸਿਰਜਿਆ। ਸ਼ਹੀਦ ਬਲਵੰਤ ਸਿੰਘ ਖੁਰਦਪੁਰ ਦੀ ਸਾਰੀ ਜ਼ਿੰਦਗੀ ਸੰਘਰਸ਼ ਭਰਪੂਰ ਰਹੀ। ਉਨ੍ਹਾਂ 1908 ਵਿੱਚ ਕੈਨੇਡਾ ਦੀ ਬ੍ਰਿਟਿਸ਼ ਸਰਕਾਰ ਵੱਲੋਂ ਭਾਰਤੀਆਂ ਨੂੰ ਇੱਥੋਂ ਕੱਢ ਕੇ ਹਾਂਡੂਰਾਸ ਭੇਜਣ ਦੀ ਸਾਜ਼ਿਸ਼ ਖ਼ਿਲਾਫ਼ ਸੰਘਰਸ਼ ਕੀਤਾ ਅਤੇ ਪ੍ਰਿੰਸੀਪਲ ਸੰਤ ਤੇਜਾ ਸਿੰਘ ਨਾਲ ਮਿਲ ਕੇ ਨਾਕਾਮ ਕੀਤਾ। ਅੱਜ ਜੇਕਰ ਭਾਰਤੀ ਇੰਮੀਗ੍ਰੇਂਟ ਕੈਨੇਡਾ ਵਿੱਚ ਵਸੇ ਹੋਏ ਹਨ, ਤਾਂ ਇਹ ਭਾਈ ਬਲਵੰਤ ਸਿੰਘ ਜੀ ਦੀ ਦੇਣ ਹੈ।



ਸਿੰਘ ਸਾਹਿਬ ਸ਼ਹੀਦ ਬਲਵੰਤ ਸਿੰਘ ਖੁਰਦਪੁਰ ਦੀ ਯਾਦਗਾਰੀ ਤਸਵੀਰ। ਨਾਲ ਹਨ ; ਸੁਪਤਨੀ ਬੀਬੀ ਕਰਤਾਰ ਕੌਰ, ਸਪੁੱਤਰੀਆਂ ਊਧਮ ਕੌਰ, ਨਿਰੰਜਣ ਕੌਰ ਅਤੇ ਕੈਨੇਡਾ ਦਾ ਜੰਮਪਲ ਪਹਿਲਾ ਸਿੱਖ ਬੱਚਾ ਭਾਈ ਹਰਦਿਆਲ ਸਿੰਘ

ਦੂਜਾ, ਕੈਨੇਡਾ ਵਿੱਚ ਇੰਡੀਅਨ ਲੋਕਾਂ ਦੇ ਪਰਿਵਾਰਾਂ ਨੂੰ ਆਉਣ ਦੀ ਆਗਿਆ ਨਹੀਂ ਸੀ, ਜਦ ਕਿ ਹੋਰ ਮੁਲਕਾਂ ਤੋਂ ਲੋਕ ਪਰਿਵਾਰਾਂ ਸਮੇਤ ਆ ਵਸੇ ਸਨ। ਇਸ ਖ਼ਿਲਾਫ਼ ਵੀ ਸੰਘਰਸ਼ ਦਾ ਮੁੱਢ ਵੀ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਨੇ ਬੰਨ੍ਹਿਆ ਅਤੇ 21 ਜਨਵਰੀ 1912 ਨੂੰ ਅਨੇਕਾਂ ਕਸ਼ਟ ਝੱਲ ਕੇ ਆਪਣੇ ਪਰਿਵਾਰਾਂ ਨੂੰ ਲੈ ਕੇ ਵੈਨਕੂਵਰ ਪੁੱਜੇ, ਹਾਲਾਂ ਕਿ ਭਾਈ ਸਾਹਿਬ ਦੀ ਪਤਨੀ ਬੀਬੀ ਕਰਤਾਰ ਕੌਰ ਅਤੇ ਦੋ ਪੁੱਤਰੀਆਂ ਚਾਰ ਸਾਲਾ ਊਧਮ ਕੌਰ ਤੇ ਇੱਕ ਸਾਲਾ ਨਿਰੰਜਣ ਕੌਰ ਨੂੰ ਕੈਨੇਡਾ ਦੀ ਧਰਤੀ 'ਤੇ ਉਤਰਨ ਨਾ ਦਿੱਤਾ ਗਿਆ ਅਤੇ ਇੱਥੋਂ ਵਾਪਸ ਮੋੜਨ ਦੇ ਹੁਕਮ ਦਿੱਤੇ। ਵੈਨਕੂਵਰ ਦੇ ਸਿੱਖਾਂ ਦੇ ਤਿੱਖੇ ਸੰਘਰਸ਼ ਅਤੇ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਦੀ ਸੂਝ-ਬੂਝ ਸਦਕਾ, ਇਮੀਗਰੇਸ਼ਨ ਵਿਭਾਗ ਨੂੰ ਗੋਡੇ ਟੇਕਣੇ ਪਏ ਅਤੇ ਪਰਿਵਾਰਾਂ ਨੂੰ 3 ਜੂਨ 1912 ਨੂੰ ਕੈਨੇਡੀਅਨ ਸਰਕਾਰ ਵੱਲੋਂ ਆਖਰਕਾਰ, ਕੈਨੇਡਾ ਵਿੱਚ ਦਾਖਲ ਹੋਣ ਦਿੱਤਾ ਗਿਆ।

ਭਾਈ ਸਾਹਿਬ ਦੇ ਪਰਿਵਾਰ ਦੇ ਕੈਨੇਡਾ ਆਉਣ ਨਾਲ ਨਾ ਸਿਰਫ ਆਰਜ਼ੀ ਰੂਪ ਵਿੱਚ ਇਸਤਰੀਆਂ ਤੇ ਪਰਿਵਾਰਾਂ ਦੀ ਆਮਦ ਦਾ ਮੁੱਢ ਬੱਝਿਆ, ਬਲਕਿ 28 ਅਗਸਤ 1912 ਨੂੰ ਆਪ ਜੀ ਦੇ ਗ੍ਰਹਿ ਵਿਖੇ, ਬੀਬੀ ਕਰਤਾਰ ਕੌਰ ਦੀ ਕੁੱਖੋਂ ਜਨਮਿਆ ਬੱਚਾ ਹਰਦਿਆਲ ਸਿੰਘ, 'ਕੈਨੇਡਾ ਦੀ ਧਰਤੀ 'ਤੇ ਪੈਦਾ ਹੋਣ ਵਾਲਾ ਪਹਿਲਾ ਸਿੱਖ' ਅਤੇ ਸਾਂਝੇ ਪੰਜਾਬ ਤੇ ਅਣਵੰਡੇ ਭਾਰਤ ਤੋਂ ਪਰਵਾਸ ਕਰਕੇ ਆਏ ਪਰਿਵਾਰ ਦਾ ਪਹਿਲਾ ਬਾਲਕ ਵੀ ਬਣਿਆ। ਪਰਿਵਾਰ ਦੇ ਇਸ ਆਰਜ਼ੀ ਪ੍ਰਵਾਸ ਮਗਰੋਂ ਵੀ ਭਾਈ ਸਾਹਿਬ ਨੇ ਕੈਨੇਡਾ 'ਚ ਇਮੀਗ੍ਰੇਂਟ ਪਰਿਵਾਰਾਂ ਲਈ ਬੂਹੇ ਖੋਲ੍ਹਣ ਵਾਸਤੇ ਲੰਮਾ ਸੰਘਰਸ਼ ਕੀਤਾ, ਜਿਸ ਲਈ ਇਤਿਹਾਸ ਸਦਾ ਹੀ ਆਪ ਜੀ ਦਾ ਰਿਣੀ ਰਹੇਗਾ। ਅੱਜ ਤੋਂ ਇੱਕ ਸਦੀ ਪਹਿਲਾਂ ਜਦੋਂ ਕੈਨੇਡਾ ਵਿੱਚ ਮਨੁੱਖੀ ਅਧਿਕਾਰਾਂ ਦਾ ਸ਼ੋਸ਼ਣ ਹੋ ਰਿਹਾ ਸੀ ਅਤੇ ਪਰਵਾਸੀ ਲੋਕਾਂ ਨੂੰ ਸਸਕਾਰ ਕਰਨ ਤੋਂ ਵੀ ਰੋਕ ਦਿੱਤਾ ਜਾਂਦਾ ਸੀ, ਲੋਕ ਲੁਕ-ਛਿਪ ਕੇ ਜੰਗਲ ਵਿੱਚ ਦੂਰ- ਦੁਰਾਡੇ ਬਰਫ਼ ਤੇ ਮੀਂਹ ਪੈਂਦਿਆਂ, ਮ੍ਰਿਤਕ ਦਾ ਸਸਕਾਰ ਕਰਦੇ ਸਨ, ਉਸ ਵੇਲੇ ਭਾਈ ਬਲਵੰਤ ਸਿੰਘ ਨੇ ਹੋਰਨਾਂ ਆਗੂਆਂ ਨਾਲ ਮਿਲ ਕੇ ਸ਼ਮਸ਼ਾਨ ਭੂਮੀ ਲਈ ਕੁਝ ਜਗ੍ਹਾ ਜ਼ਮੀਨ ਖਰੀਦੀ ਅਤੇ ਸਸਕਾਰ ਕਰਨ ਦਾ ਇੰਤਜ਼ਾਮ ਕਰਕੇ ਸਭਨਾਂ ਨੂੰ ਵੱਡੀ ਰਾਹਤ ਦਿਵਾਈ।

ਜਿਸ ਵੇਲੇ 'ਗ਼ਦਰ ਪਾਰਟੀ' ਦਾ ਉੱਤਰੀ ਅਮਰੀਕਾ ਵਿੱਚ ਅਜੇ ਮੁੱਢ ਬੰਨ੍ਹਿਆ ਜਾ ਰਿਹਾ ਸੀ, ਉਸ ਵੇਲੇ ਭਾਈ ਸਾਹਿਬ ਦੀ ਅਗਵਾਈ ਵਿੱਚ 14 ਮਾਰਚ 1913 ਨੂੰ ਤਿੰਨ ਮੈਂਬਰੀ ਵਫਦ, ਲੰਡਨ ਅਤੇ ਭਾਰਤ ਜਾ ਕੇ, ਅੰਗਰੇਜ਼ ਸਾਮਰਾਜ ਦੇ ਅਸਲ ਚਿਹਰੇ ਨੂੰ ਨੰਗਾ ਕਰਨ ਦਾ ਸੰਘਰਸ਼ ਸ਼ੁਰੂ ਕਰ ਚੁੱਕਿਆ ਸੀ। ਇਸ ਵਫ਼ਦ ਵਿੱਚ ਭਾਈ ਸਾਹਿਬ ਦੇ ਸਹਿਯੋਗੀ ਅਮਰੀਕਾ ਤੋਂ ਸਿੱਖ ਪ੍ਰਤੀਨਿਧ ਨੰਦ ਸਿੰਘ ਸੀਹਰਾ ਅਤੇ ਕੈਨੇਡਾ ਤੋਂ ਭਾਈ ਨਰੈਣ ਸਿੰਘ ਚੋਬਦਾਰ ਸਨ। ਇਨ੍ਹਾਂ 13 ਸਤੰਬਰ 1913 ਤੱਕ ਲੰਡਨ ਤੋਂ ਲੈ ਕੇ ਭਾਰਤ ਅਤੇ ਪੰਜਾਬ ਦੇ ਕੋਨੇ-ਕੋਨੇ ਵਿੱਚ ਆਵਾਜ਼ ਉਠਾਈ; ਸੂਝਵਾਨ ਲੀਡਰ, ਬੁਲੰਦ ਆਵਾਜ਼ ਦੇ ਮਾਲਕ ਅਤੇ ਦੂਰ-ਅੰਦੇਸ਼ ਆਗੂ ਭਾਈ ਬਲਵੰਤ ਸਿੰਘ ਖੁਰਦਪੁਰ ਨੇ ਜਦ ਬ੍ਰਿਟਿਸ਼ ਬਸਤੀਵਾਦ ਅਤੇ ਅੰਗਰੇਜ਼ ਸਾਮਰਾਜ ਦੀਆਂ ਬਦਨੀਤੀਆਂ, ਮਨੁੱਖੀ ਅਧਿਕਾਰਾਂ ਦੇ ਘਾਣ ਦੀ ਗੱਲ 18 ਸਤੰਬਰ 1913 ਨੂੰ, ਸ਼ਿਮਲੇ 'ਚ ਇੱਕ ਮੀਟਿੰਗ ਦੌਰਾਨ, ਉਸ ਵੇਲੇ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਦੇ ਮੂੰਹ 'ਤੇ ਕੀਤੀ ਸੀ, ਤਾਂ ਉਸ ਨੂੰ ਜਿਵੇਂ ਦੰਦਲ ਹੀ ਪੈ ਗਈ ਸੀ। ਇਸੇ ਹੀ ਕਾਰਨ ਉਸ ਨੇ ਆਪਣੀ ਕਿਤਾਬ ਇੰਡੀਆ ਐਜ਼ ਆਈ ਨਿਊ ਦੇ ਪੰਨਾ 191 'ਤੇ ਲਿਖਿਆ ਕਿ ਮੁਲਾਕਾਤੀਆਂ ਵਿੱਚੋਂ ਤੀਸਰੇ ਬੰਦੇ (ਭਾਈ ਬਲਵੰਤ ਸਿੰਘ ਖੁਰਦਪੁਰ) ਦੇ ਤਰੀਕੇ ਖ਼ਤਰਨਾਕ ਬਾਗ਼ੀ ਵਰਗੇ ਸਨ ਤੇ ਉਸ ਵਾਇਸਰਾਏ ਨੂੰ ਮਿਲਣ ਜਾ ਰਹੇ ਸੀ, ਜਿਸ ਤੋਂ ਖਾਸ ਤੌਰ 'ਤੇ ਇਸ ਮੈਂਬਰ ਪ੍ਰਤੀ ਸਾਵਧਾਨੀ ਵਰਤਣ ਲਈ ਕਿਹਾ ਗਿਆ।

ਭਾਰਤ ਵਿੱਚੋਂ ਬ੍ਰਿਟਿਸ਼ ਬਸਤੀਵਾਦ ਦੇ ਖ਼ਾਤਮੇ ਦੇ ਸੰਘਰਸ਼ ਦੇ ਫੈਸਲੇ ਅਧੀਨ ਸਿੰਘ ਸਾਹਿਬ ਨੇ, ਪਹਿਲੀ ਵਿਸ਼ਵ ਜੰਗ ਸ਼ੁਰੂ ਹੋਣ ਵੇਲੇ ਭਾਰਤ ਜਾਣ ਦਾ ਫੈਸਲਾ ਕਰ ਲਿਆ। ਭਾਈ ਬਲਵੰਤ ਸਿੰਘ ਦੀ ਖੁਰਦਪੁਰ ਆਪਣੇ ਸਾਥੀਆਂ ਭਾਈ ਬਤਨ ਸਿੰਘ ਕਾਹਰੀ ਅਤੇ ਭਾਈ ਕਰਤਾਰ ਸਿੰਘ 'ਚੰਦ ਨਵਾਂ' ਨਾਲ ਸਾਨ-ਫਰਾਂਸਿਸਕੋ ਤੋਂ 23 ਜਨਵਰੀ 1915 ਨੂੰ ਰਵਾਨਾ ਹੋਏ ਅਤੇ ਅਨੇਕਾਂ ਚੁਣੌਤੀਆਂ ਮਗਰੋਂ 13 ਜੁਲਾਈ ਨੂੰ ਬੈਂਕਾਕ ਪੁੱਜੇ। ਇਤਿਹਾਸਕਾਰਾਂ ਅਨੁਸਾਰ ਆਪ ਬੈਂਕਾਕ ਦੇ ਹਸਪਤਾਲ 'ਚ ਜ਼ੇਰੇ ਇਲਾਜ ਸਨ, ਜਦੋਂ ਸ਼ਿਆਮ ਪੁਲਿਸ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ ਅਤੇ ਅੰਗਰੇਜ਼ਾਂ ਨੂੰ ਸੌਂਪ ਦਿੱਤਾ, ਜੋ ਕਿ ਕੌਮਾਂਤਰੀ ਪੱਧਰ 'ਤੇ ਨਿਯਮਾਂ ਦੀ ਸਖ਼ਤ ਉਲੰਘਣਾ ਸੀ। ਅੰਗਰੇਜ਼ ਹਕੂਮਤ ਨੇ ਪਹਿਲਾਂ ਸਿੰਗਾਪੁਰ ਅਤੇ ਫਿਰ ਕਲਕੱਤੇ ਸਥਿਤ ਅਲੀਪੁਰ ਜੇਲ੍ਹ ਵਿੱਚ ਭਾਈ ਸਾਹਿਬ 'ਤੇ ਭਾਰੀ ਤਸ਼ੱਦਦ ਕੀਤਾ। ਜੁਲਾਈ 1916 ਵਿੱਚ ਆਪ ਨੂੰ ਪੰਜਾਬ ਲਿਜਾ ਕੇ 'ਲਾਹੌਰ ਸੈਕਿੰਡ ਸਪਲੀਮੈਂਟਰੀ ਸਾਜ਼ਿਸ਼' ਮੁਕੱਦਮੇ ਅਧੀਨ ਪੇਸ਼ ਕੀਤਾ ਗਿਆ। ਬੇਲਾ ਝੁੱਟੀ ਜਿਆਣ ਗ਼ੱਦਾਰ ਨੇ ਸਾਥੀ 'ਟਾਊਟ ਗੰਗਾ ਰਾਮ' ਦੇ ਭਰਾ ਅਮਨ ਸਹੋਤਾ, ਮੰਗਲ ਜਿਆਣ ਅਤੇ ਬੇਅੰਤ ਸਿੰਘ ਨਾਲ ਮਿਲ ਕੇ ਝੂਠੀਆਂ ਗਵਾਹੀਆਂ ਦਿੱਤੀਆਂ। ਇਨ੍ਹਾਂ ਦੇ ਆਧਾਰ 'ਤੇ ਭਾਈ ਸਾਹਿਬ ਨੂੰ ਅੰਗਰੇਜ਼ ਹਕੂਮਤ ਦਾ ਤਖ਼ਤਾ ਪਲਟਾਉਣ ਅਤੇ ਗ਼ਦਰ ਮਚਾਉਣ ਵਾਲੇ ਲੋਕਾਂ ਦੇ ਆਗੂ ਵਜੋਂ, ਭਾਰਤ 'ਚ ਬਗਾਵਤ ਤੇ ਕਤਲ ਕਰਵਾਉਣ ਦਾ ਜ਼ਿੰਮੇਵਾਰ ਕਰਾਰ ਦਿੰਦਿਆਂ, ਇੰਡੀਅਨ ਪੈਨਲ ਕੋਡ ਅਨੁਸਾਰ ਸਜ਼ਾ-ਏ-ਮੌਤ ਸੁਣਾਈ ਗਈ ਅਤੇ ਸਾਰੀ ਜ਼ਮੀਨ ਜਾਇਦਾਦ ਜ਼ਬਤ ਕਰਨ ਦੇ ਹੁਕਮ ਦਿੱਤੇ ਗਏ।

ਸਿੰਘ ਸਾਹਿਬ ਸ਼ਹਾਦਤ ਪਾਉਣ ਤੱਕ ਚੜ੍ਹਦੀ ਕਲਾ ਵਿੱਚ ਰਹੇ। ਉਨ੍ਹਾਂ ਦੇ ਇਹ ਸ਼ਬਦ ਜ਼ਿਕਰਯੋਗ ਹਨ : 'ਰਾਜਸੀ ਮੌਤ ਮਰਨ ਨਾਲ ਮੈਨੂੰ ਖੁਸ਼ੀ ਹੈ ਅਤੇ ਮੈਨੂੰ ਇਸ ਦਾ ਜ਼ਰਾ ਜਿੰਨਾ ਵੀ ਭੈਅ ਨਹੀਂ।' 29 ਮਾਰਚ 1917 ਨੂੰ ਜਦੋਂ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਜਾ ਚੁੱਕਿਆ



ਸੀ, ਉਸ ਤੋਂ ਇੱਕ ਰਾਤ ਬਾਅਦ ਉਨ੍ਹਾਂ ਦੀ ਪਤਨੀ ਬੀਬੀ ਕਰਤਾਰ ਕੌਰ ਲਾਹੌਰ ਜੇਲ੍ਹ ਵਿੱਚ 'ਆਖਰੀ ਮੁਲਾਕਾਤ' ਲਈ ਪਹੁੰਚੀ, ਤਦ ਉਸ ਨੂੰ ਦੱਸਿਆ ਗਿਆ ਕਿ ਕੱਲ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ। ਉਸ ਮੌਕੇ 'ਤੇ ਜੇਲਰ ਨੇ ਬੀਬੀ ਕਰਤਾਰ ਕੌਰ ਨੂੰ ਭਾਈ ਸਾਹਿਬ ਜੀ ਦੇ ਨਿੱਜੀ ਸਾਮਾਨ ਵਿੱਚ ਜੋ ਕੁਝ ਸੌਂਪਿਆ, ਉਹ ਸੀ ਗੁਰੂ ਗ੍ਰੰਥ ਸਾਹਿਬ ਦੀ ਛੋਟੀ ਬੀੜ ਸਾਹਿਬ। ਭਾਈ ਸਾਹਿਬ ਦੇ ਜੀਵਨ ਦਾ ਹਰ ਪਹਿਲੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰੇਰਨਾ ਲੈ ਕੇ ਜਬਰ- ਜ਼ੁਲਮ ਤਸ਼ੱਦਦ, ਗੁਲਾਮੀ ਅਤੇ ਅਣ-ਮਨੁੱਖੀ ਵਰਤਾਰੇ ਖ਼ਿਲਾਫ਼ ਲੜ-ਮਰਨ ਦਾ ਸੀ। ਜਦੋਂ ਆਪ ਜੀ ਨੂੰ ਬੈਂਕਾਕ ਵਿੱਚ ਪਹਿਲੀ ਅਗਸਤ ਸੰਨ 1915 ਨੂੰ ਗਿਰਫ਼ਤਾਰ ਕੀਤਾ ਗਿਆ, ਉਸ ਵੇਲੇ ਵੀ ਆਪ ਜੀ ਕੋਲੋਂ ਜੋ ਜੇਬ ਡਾਇਰੀ ਮਿਲੀ, ਉਸ ਦੇ ਬਾਹਰ 'ਜ਼ਫ਼ਰਨਾਮਾ' ਵਿੱਚੋਂ ਇਹ ਸ਼ਬਦ ਅੰਕਿਤ ਸਨ "ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥" ਸ਼ਹੀਦ ਭਾਈ ਬਲਵੰਤ ਸਿੰਘ ਦੇ ਕੁਰਬਾਨੀਆਂ ਦੇ ਇਤਿਹਾਸਕ ਪੱਖਾਂ ਨੂੰ ਸਮਝਣ ਦੀ ਲੋੜ ਹੈ, ਜਿਹਨਾਂ ਇੱਕੋ ਸਮੇਂ 'ਵਿਚਾਰਾਂ ਅਤੇ ਹਥਿਆਰਾਂ' ਦੇ ਸੰਘਰਸ਼ ਨਾਲ, ਜ਼ਾਲਮ ਹਕੂਮਤ ਨੂੰ ਭਾਜੜਾਂ ਪਾਈਆਂ ਅਤੇ ਇਹ ਸਿੱਧ ਕਰ ਦਿੱਤਾ ਕਿ ;

"ਜਦ ਧਿਰ ਉਪਾਵਾਂ ਦੀ ਹਾਰਦੀ ਹੈ,
ਤਾਂ ਜਾਇਜ਼ ਵਰਤੋਂ ਤਲਵਾਰ ਦੀ ਹੈ।"

ਸ਼ਹੀਦ ਸਿੰਘ ਸਾਹਿਬ ਬਲਵੰਤ ਸਿੰਘ ਖੁਰਦਪੁਰ ਜੀ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ, 11 ਜਨਵਰੀ 2020 ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵੱਲੋਂ ਗਦਰ ਮੈਮੋਰੀਅਲ ਫਾਊਂਡੇਸ਼ਨ ਕੈਨੇਡਾ ਦੇ ਸਹਿਯੋਗ ਨਾਲ, ਮਰਹੂਮ ਚਿਤਰਕਾਰ ਜਰਨੈਲ ਸਿੰਘ ਵੱਲੋਂ ਤਿਆਰ ਕੀਤੀਆਂ ਕੈਨੇਡਾ ਦੇ ਮੋਢੀ ਸਿੱਖਾਂ ਅਤੇ ਗਦਰੀ ਯੋਧਿਆਂ ਦੀਆਂ ਪੇਂਟਿੰਗਾਂ ਵਿੱਚ ਸ਼ਾਮਿਲ ਕਰਕੇ, ਸੁਸ਼ੋਭਤ ਕੀਤੀ ਗਈ।

-ਕੋਆਰਡੀਨੇਟਰ ਪੰਜਾਬੀ ਸਾਹਿਤ ਸਭਾ ਮੁਢਲੀ, ਐਬਸਫੋਰਡ ਬੀਸੀ ਕੈਨੇਡਾ





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸੂਫ਼ੀ ਸੁਲਤਾਨ ਬਾਹੂ

ਵਿਦੇਸ਼ੀ ਹਮਲਾਵਰਾਂ ਅਤੇ ਧਾੜਵੀਆਂ ਦੇ ਨਾਲ ਇਸਲਾਮ ਵਿੱਚ ਸੂਫ਼ੀਆਂ ਦੀ ਆਮਦ ਭਾਰਤ ਵਿੱਚ 1192 ਦੀ ਮੰਨੀ ਜਾਂਦੀ ਹੈ। ਸਾਰੇ ਧਰਮਾਂ ਦਾ ਮੁਲਅੰਕਣ ਅਤੇ ਸ਼ਾਂਤੀ ਦਾ ਵਿਚਕਾਰਲਾ ਰਸਤਾ ਲੱਭਣ ਲਈ ਭਗਤੀ ਲਹਿਰ ਉੱਠੀ। ਇਸ ਲਹਿਰ ਦਾ ਆਰੰਭ ਮੱਧ ਕਾਲੀਨ ਸਤਵੀਂ ਸਦੀ ਵਿੱਚ ਦੱਖਣ ਭਾਰਤ ਵਿੱਚ ਹੋਇਆ। ਅੱਗੇ ਉੱਤਰੀ ਭਾਰਤ ਅਤੇ ਮੱਧ ਏਸ਼ੀਆ ਤੱਕ ਫ਼ੈਲ ਗਈ। ਇਹ ਲਹਿਰ ਸਮੇਂ ਦੇ ਪ੍ਰਚਲਿਤ ਝੂਠੇ ਕਰਮਕਾਂਡਾਂ, ਵਹਿਮਾਂ, ਭਰਮਾਂ ਅਤੇ ਮੂਰਤੀ ਪੂਜਾ ਦੇ ਵਿਰੋਧ ਵਿੱਚ ਖੜੀ ਹੋਈ। ਭਗਤਾਂ, ਨਾਥਾਂ, ਜੋਗੀਆਂ ਅਤੇ ਸੂਫ਼ੀਆਂ ਦੀ ਤਰਜ਼ ’ਤੇ ਸਨਾਤਨੀ ਬੋਲੀ ਦੀ ਥਾਂ ਲੋਕ ਭਾਸ਼ਾ ਸੰਤ ਭਾਸ਼ਾ ਰਾਹੀਂ ਰਾਗਾਂ ਵਿੱਚ ਗਾ ਕੇ ਪ੍ਰਚਾਰ ਕੀਤਾ। ਦੂਰ ਦੂਰ ਜਾ ਕੇ ਪ੍ਰਚਾਰ ਕਰਨ ਨਾਲ ਪ੍ਰਚਾਰਕਾਂ ਦੀ ਹਰਮਨਪਿਆਰਤਾ ਵੱਧਦੀ ਗਈ। ਸੂਫ਼ੀ ਘੱਟ ਗਿਣਤੀ ਵਿੱਚ ਸਨ ਪਰ ਖੁੱਲ੍ਹੇ ਵਿਚਾਰਾਂ ਦੇ ਸਨ। ਧਾਰਮਿਕ ਬੰਧਨਾਂ ਵਿੱਚ ਨਹੀਂ ਬੱਝੇ ਸਨ। ਉਹਨਾਂ ਨੇ ਮਨੁੱਖਤਾ ਵਿੱਚ ਪਿਆਰ ਦੀ ਗੱਲ ਤੋਰੀ। ਸਾਂਝੇ ਸੱਭਿਆਚਾਰ ਨੂੰ ਅਪਨਾਇਆ ਅਤੇ ਛੇਤੀ ਹੀ ਸਥਾਪਤ ਹੋ ਗਏ। ਉਹਨਾਂ ਦੀ ਜਿੰਦਾਦਿਲੀ ਤੋਂ ਪ੍ਰਭਾਵਿਤ ਹੋ ਕੇ ਲੋਕ ਉਹਨਾਂ ਦੀਆਂ ਖਾਨਗਾਹਾਂ ਵੱਲ ਖਿੱਚੇ ਗਏ। ਹੇਠਲੇ ਵਰਗ ਨਾਲ ਨੇੜਤਾ ਵੱਧਣ ਲੱਗੀ।

ਬਾਬਾ ਫ਼ਰੀਦ ਜੀ ਪਹਿਲੇ ਪੜਾ ਦੇ ਸੂਫ਼ੀ ਕਵੀ ਸਨ। ਬਾਹੂ ਗੁਰੂ ਨਾਨਕ ਕਾਲ ਦਾ ਸੂਫ਼ੀ ਕਵੀ ਮੰਨਿਆ ਜਾਂਦਾ ਹੈ। ਬਾਹੂ ਸਰਵਰੀ ਕਾਦਰੀ ਸੂਫ਼ੀ ਸੰਪਰਦਾ ਦਾ ਮੋਢੀ ਮੁਸਲਮਾਨ ਸੂਫ਼ੀ ਸੰਤ ਸੀ। ਪੰਜਾਬੀ ਸਾਹਿਤ ਵਿੱਚ ਕਾਦਰੀ ਸੰਪਰਦਾ ਦੇ ਸੂਫ਼ੀ ਕਵੀ ਸ਼ਾਹ ਹੁਸੈਨ ਤੋਂ ਬਾਅਦ ਦੂਸਰਾ ਮਹਾਨ ਕਵੀ ਹੈ। ਉਹ ਸਰਵਉੱਚ ਸੂਫ਼ੀਆਂ ਵਿੱਚ ਦਰਵੇਸ਼ ਗਿਣਿਆ ਜਾਂਦਾ ਹੈ। ਸੂਫ਼ੀ ਕਾਵਿ ਧਾਰਾ ਅਧਿਆਤਮਕ ਸਾਹਿਤ ਦੀ ਮਹੱਤਵਪੂਰਨ ਧਾਰਾ ਹੈ, ਜਿਸ ਵਿੱਚ ਬਾਹੂ ਦਾ ਵੱਡਾ ਨਾਉਂ ਹੈ।

ਬਾਹੂ ਦਾ ਜਨਮ ਪਿੰਡ ਅਵਾਣ ਝੰਗ ਵਿੱਚ ਪਿਤਾ ਜਿੰਮੀਦਾਰ ਬਾਜ਼ੀਦ ਮੁਹੰਮਦ ਅਤੇ ਮਾਤਾ ਬੀਬੀ ਰਾਸਤੀ ਕਦਮ ਸਰਾ ਦੇ ਘਰ 1628 ਵਿੱਚ ਹੋਇਆ। ਉਹਨਾਂ ਦੇ ਵਡੇਰੇ ਕਰਬਲਾਂ ਦੀ ਜੰਗ ਤੋਂ ਬਾਅਦ ਪਹਿਲਾਂ ਜੇਹਲਮ ਦਰਿਆ ਦੇ ਕੰਢੇ ਪਿੰਡ ਦਾਦਨਖਾ ਵਿੱਚ ਆਬਾਦ ਹੋਏ। ਉਸ ਦੇ ਪਿਤਾ ਨੂੰ ਮੁਗਲ ਸਮਰਾਟ ਸ਼ਾਹ ਜਹਾਂ ਵੱਲੋਂ ਝਨਾਂ ਦੇ ਕੰਢੇ ਕਹਿਰਗਾਨ ਵਿੱਚ ਜਗੀਰ ਮਿਲੀ ਸੀ। ਬਾਹੂ ਬਚਪਨ ਵਿੱਚ ਹੀ ਰੱਬੀ ਨੂਰ ਸੀ। ਮੁੱਢਲੀ ਸਿੱਖਿਆ ਉਸ ਨੇ ਆਪਣੀ ਅਧਿਆਤਮਕ ਮਾਤਾ ਕੋਲੋਂ ਪ੍ਰਾਪਤ ਕੀਤੀ।

ਉੱਚ ਸਿੱਖਿਆ ਲਈ ਜਦੋਂ ਉਹ ਨਿਕਲਿਆ ਤਾਂ ਮੁਲਤਾਨ ਜਾ ਕੇ ਹਜਰਤ ਬਹਾਊ ਅਲ ਹਕ ਮੁਲਤਾਨੀ ਦੇ ਮੰਜਾਰ ’ਤੇ ਚਿਲਿਆ ਕਮਾਇਆ। ਫ਼ਿਰ ਹਬੀਬ ਉਲ ਕਾਦਰੀ ਨੂੰ ਆਪਣਾ ਪੀਰ ਧਾਰਿਆ। ਅਖੀਰ ਉਹ ਦਿੱਲੀ ਜਾ ਕੇ ਉਹ ਸੱਯਦ ਅਬਦੁਲ ਰਹਿਮਾਨ ਦਾ ਮੁਰੀਦ ਬਣ ਗਿਆ ਅਤੇ ਉਚ ਕੋਟੀ ਦੀ ਅਧਿਆਤਮਕ ਵਿਦਿਆ ਪ੍ਰਾਪਤ ਕੀਤੀ। ਉਸ ਦੀਆਂ ਅਰਬੀ ਤੇ ਫ਼ਾਰਸੀ ਵਿੱਚ 140 ਰਚਨਾਵਾਂ ਹਨ, ਜੋ ਸੂਫ਼ੀ ਸਿਧਾਂਤ ’ਤੇ ਹਨ। ਉਸ ਦੀਆਂ ਫ਼ਾਰਸੀ ਵਿੱਚ 50 ਗ਼ਜ਼ਲਾਂ ‘ਦੀਵਾਨੇ ਬਾਹੂ’ ਦਾ ਪੰਜਾਬੀ ਅਨੁਵਾਦ ਮੌਲਵੀ ਮੁਹੰਮਦ ਅਲਾਦੀਨ ਕਾਦਰੀ ਸਰਵਰ ਨੇ ਕੀਤਾ। ਪੰਜਾਬੀ ਵਿੱਚ ਉਸ ਦੀਆਂ ਕਾਫ਼ੀਆਂ ਤੇ ਸੀਹਰਫ਼ੀਆਂ ਬਹੁਤ ਪ੍ਰਸਿੱਧ ਹਨ। ਸੀਹਰਫ਼ੀ ਫ਼ਾਰਸੀ ਦਾ ਸ਼ਬਦ ਭਾਵ ‘ਤੀਹ ਅੱਖਰੀ’ ਬਾਹੂ ਸੀਹਰਫ਼ੀ ਕਾਵਿ ਦਾ ਮੋਢੀ ਸੂਫ਼ੀ ਕਵੀ ਹੈ। ਬਾਹੂ ਰਚਨਾ ਦੀ ਤੁਕ ਤੋਂ ਬਾਅਦ ‘ਹੂ’ ਸੰਗੀਤਕ ਲੈਅ ਭਰਦਾ ਹੈ ਅਤੇ ਉਸ ਨੂੰ ਬਾਕੀ ਕਵੀਆਂ ਤੋਂ ਵੱਖਰਾ ਕਰਦਾ ਹੈ। ਬਾਹੂ ਦੀ ਕਾਵਿ ਰਚਨਾ ਦੀ ਸਾਦੀ ਭਾਸ਼ਾ ਵਿੱਚ ਸਾਦਗੀ ਅਤੇ ਮਿਠਾਸ ਦੇ ਵਿਚਾਰਾਂ ਦਾ ਸੁਮੇਲ ਹੈ। ਉਪਰੰਤ ਬੌਧਿਕ ਅੰਸ਼ ਹੈ। ਆਤਮ ਸ਼ੁੱਧੀ ਅਤੇ ਸ਼ੁਭ ਅਮਲਾਂ ਦੀ ਪ੍ਰੇਰਣਾ ਹੈ। ਉਸ ਦੇ ਕਲਾਮ ਨੂੰ ਕੱਵਾਲਾਂ ਨੇ ਗਾਇਆ ਵੀ ਹੈ। ਉਸ ਦੀ ਕਵਿਤਾ ਨੇ ਅਨੁੱਠੀ ਛਾਪ ਛੱਡੀ ਹੈ। ਆਪਣੀ ਰਚਨਾ ਵਿੱਚ ਇਸ਼ਕ ਹਕੀਕੀ ਪ੍ਰਭੂ ਪ੍ਰਾਪਤੀ ਲਈ ਉਹ ਵਿਖਾਵੇ ਅਤੇ ਕਰਮਕਾਂਡਾਂ ਦੀ ਵਿਅੰਗਮਈ ਨਿਖੇਧੀ ਕਰਦਾ ਹੈ। ਆਪਾ ਵਾਰਨ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਉਸ ਸਭ ਬੰਧਨਾਂ ਤੋਂ ਉਪਰ ਉਠ ਕੇ ਰੱਬ ਦੀ ਰਜ਼ਾ ਦਾ ਇੱਛੁਕ ਹੈ। ਉਸ ਦੀ ਰਚਨਾ ਵਿੱਚ ਰੱਬ ਬਾਰੇ ਜਾਨਣਾ ਅਤੇ ਮੁਹੱਬਤ ਰਾਹੀਂ ਉਸ ਦੀ ਪ੍ਰਾਪਤੀ ਕਰਨਾ ਹੈ

ਕਾਫ਼ ਕਰ ਮੁਹਬਤ ਕੁਝ ਹਾਸਲ ਹੋਵੇ, ਉਮਰ ਏ ਚਾਰ ਦਿਹਾੜੇ ਹੂ

ਰੱਬ ਦੀ ਪ੍ਰਾਪਤੀ ਦਾ ਢੰਗ ਦਸਦਾ ਹੈ

ਯੇ ਯਾਰ ਯਰਾਨਾ ਮਿਲਸੀ, ਤੈਂ ਜੋ ਸਿਰ ਦੀ ਬਾਜੀ ਲਾਈ ਹੂ
ਇਸ਼ਕ ਅੱਲ੍ਹਾ ਦੇ ਵਿੱਚ ਹੈ ਮਸਤਾਨਾ ਹੂ ਹੂ ਸਦਾ ਅੱਲ੍ਹਾ ਏ ਹੂ
ਨਾਲ ਸਤਵਰ ਇਲਮ ਅੱਲ੍ਹਾ ਦੇ ਦਮ ਨੂੰ ਕੈਦ ਲਗਾਏਂ ਹੂ
ਜਾਤੀ ਨਾਲ ਜੇ ਜਾਤੀ ਰਲਿਆ ਤਦ ਬਾਹੂ ਨਾਮ ਸਦਾਏਂ ਹੂ

ਇਬਾਬਤ ਵਿੱਚ ਜੋ ਕਲਮਾਂ ਪੜਿਆ ਜਾਂਦਾ ਹੈ। ਕਲਮਾਂ ਇਸਲਾਮ ਦਾ ਮੂਲ ਮੰਤਰ ਹੈ। ਉਸ ਵਿੱਚ ਬਾਹੂ ਦਾ ਵਿਸ਼ਵਾਸ਼ ਹੈ ਕਿ ਕਲਮ ਮਨੁੱਖ ਨੂੰ ਪਾਕਿ ਪਵਿੱਤਰ ਕਰਨ ਵਾਲਾ ਹੈ ਅਤੇ ਬਹਿਸ਼ਤ ਪਹੁੰਚਾਉਣ ਵਾਲਾ ਹੈ ਤੇ ਰੱਬ ਨਾਲ ਮਿਲਾਪ ਕਰਾਣ ਵਾਲਾ ਹੈ।

ਕਾਫ਼ ਕਲਮੇ ਨਾਲ ਮੈਂ ਨਾਤੀ ਧੋਤੀ ਕਲਮੇ ਨਾਲ ਵਿਆਹੀ ਹੂ,
ਕਲਮੇ ਮੇਰਾ ਪੜਿਆ ਜਨਾਜ਼ਾ ਕਲਮੇ ਗੌਰ ਸੋਹਾਈ ਹੂ,
ਕਲਮੇ ਨਾਲ ਬਹਿਸ਼ਤੀ ਜਾਣਾ ਕਲਮਾ ਕਰੇ ਸਫ਼ਾਈ ਹੂ,
ਮੁੜਨ ਮੁਹਾਲ ਤਿਨਾ ਨੂੰ ਬਾਹੂ ਜਿਨ ਸਾਹਿਬ ਆਪ ਬੁਲਾਈ ਹੂ॥

ਅੱਲ੍ਹਾ ਦੇ ਮਿਲਾਪ ਲਈ ਜ਼ਰੂਰੀ ਹੈ ਕਿ ਮਨੁੱਖ ਅੰਦਰ ਚਾਨਣ ਹੋਵੇ। ਅਗਿਆਨ ਦਾ ਅੰਧੇਰਾ ਦੂਰ ਹੋਵੇ।

ਜਿਥੇ ਹੂ ਕਰੇ ਰੋਸ਼ਨਾਈ ਉਥੋਂ ਤੋੜ ਅਨੇਰਾ ਵੈਦਾ ਹੂ

ਗਿਆਨ ਮਨੁੱਖ ਦੇ ਅੰਦਰ ਹੀ ਹੈ

ਅਲਫ਼ ਅੰਦਰ ਹੂ ਤੇ ਬਾਹਰ ਹੂ ਵਤ ਬਾਹਰ ਕਿਥੋਂ ਲੱਭਦਾ ਹੂ

ਜਿਵੇਂ ਅੱਲ੍ਹਾ ਦੇ ਪਿਆਰ ਦਾ ਬੂਟਾ ਵੱਧਦਾ ਹੈ ਤਿਵੇਂ ਆਤਮਿਕ ਅਵਸਥਾ ਬਦਲਦੀ ਹੈ। ਅੰਦਰ ਭਿੰਨੀ ਭਿੰਨੀ ਖੁਸ਼ਬੂ ਦੇ ਸੰਚਾਰ ਨਾਲ ਮਹਿਕ ਦਾ ਅੰਬਰ ਬਣ ਜਾਂਦਾ ਹੈ ਕਿ

ਅੰਦਰ ਬੂਟੀ ਮੁਸਕ ਮਚਾਇਆ ਜਾ ਫ਼ੁਲਣ ਪਰ ਆਈ ਹੂ,

ਜਿਸਦੇ ਅੰਦਰ ਇਲਾਹੀ ਮੁਹਬਤ ਜਾਗ ਪੈਂਦੀ ਹੈ ਉਸ ਦੇ ਅੰਦਰ ਬਿਰਹਾ ਦਾ ਭਾਂਬੜ ਮੱਚਦਾ ਹੈ। ਰਾਤ ਦਿਨ ਨੀਂਦ ਨਹੀਂ ਆਉਂਦੀ। ਆਸ਼ਕ ਨਿਮਾਣਾ ਨਿਤਾਣਾ ਬਣ ਜਾਂਦਾ ਹੈ। ਅਲਾ ਨੂੰ ਮਿਲਣ ਦਾ ਚਾਉ ਹਮੇਸ਼ਾ ਮੱਘਦਾ ਹੈ।

ਐਨ ਇਸ਼ਕ ਮਾਹੀ ਦੇ ਲਾਈਆਂ ਅੱਗੀ, ਉਹਨਾਂ ਲੱਗੀਆਂ ਕੌਣ ਬੁਜਾਵੇ ਹੂ,
ਮੈਂ ਕੀ ਜਾਣਾਂ ਜਾਤ ਇਕ ਦੀ ਕੇਹੀ, ਜੇੜਾਂ ਦਰ ਦਰ ਜਾ ਝੁਕਾਵੇ ਹੂ,
ਨਾ ਖੁਦ ਸੌਂਵੇ ਨਾ ਸੋਵਣ ਦੇਵੇ, ਹੱਥੋਂ ਸੁਣਿਆ ਆਪ ਜਗਾਵੇ ਹੂ,
ਮੈਂ ਕੁਰਬਾਨ ਤਿੰਨਾਂ ਦੇ ਬਾਹੂ ਜਿਹੜਾ ਵਿਛੜੇ ਯਾਰ ਮਿਲਾਵੇ ਹੂ।

ਸੂਫ਼ੀ ਮਾਰਚ ’ਤੇ ਚੱਲਦਿਆਂ ਮਾਰਗ ਬੜਾ ਬਿਖੜਾ ਹੈ

ਰਾਹ ਫ਼ਕਰ ਦਾ ਮੁਸ਼ਕਲ ਬਾਹੂ ਮਾਂ ਨਾ ਸੰਗ ਰਿੱਧਾ ਹੂ

ਸੂਫ਼ੀ ਰਾਹ ਤੇ ਚੱਲਣ ਲਈ ਪਹਿਲਾਂ ਮੌਤ ਕਬੂਲ ਕਰਨੀ ਪੈਂਦੀ ਹੈ

ਨਾਮ ਫ਼ਕੀਰ ਤਿੰਨਾ ਦਾ ਬਾਹੂ , ਕਬਰ ਜਿੰਨਾ ਦੀ ਜੀਵੇ ਹੂ

ਮੁਰਸ਼ਦ ਮੁਰੀਦ ਨੂੰ ਅੱਲ੍ਹਾ ਦੇ ਭੇਤ ਤੋਂ ਜਾਣੂ ਕਰਵਾ ਦਿੰਦਾ ਹੈ।

ਮੈਂ ਕੁਰਬਾਨ ਮੁਰਸ਼ਦ ਤੋਂ ਬਾਹੂ ਜਿਸ ਦਸਿਆ ਭੇਤ ਇਲਾਹੀ ਹੂ।

ਸੂਫ਼ੀ ਲਈ ਸਿਦਕ ਜ਼ਰੂਰੀ ਹੈ ਕਿ ਸਿੱਦਕ ਦ੍ਰਿੜਤਾ ਸਵੈ ਵਿਸ਼ਵਾਸ਼ ਅਤੇ ਭਰੋਸੇ ਨਾਲ ਅੱਗੇ ਵੱਧਣ ਦੇ ਗੁਣ ਪੈਦਾ ਕਰਦਾ ਹੈ।

ਸੇ ਸਾਬਤ ਸਿਦਕ ਤੇ ਕਦਮ ਅਗਾਹਾਂ ਤਾਂ ਹੀ ਰੱਬ ਲਭਿਓ ਏ ਹੂ,
ਲੂੰ ਲੂੰ ਦੇ ਵਿੱਚ ਜ਼ਿਕਰ ਅੱਲ੍ਹਾ ਦਾ ਹਰਦਮ ਪੜਿਓ ਏ ਹੂ।

ਇਨਸਾਨ ਨੂੰ ਨਰਮ ਦਿਲ ਹੋ ਕੇ ਲੋਕਾਂ ਦਾ ਦੁੱਖ ਸਮਝਣਾ ਚਾਹੀਦਾ ਹੈ। ਪੱਥਰ ਦਿਲ ਨਹੀਂ ਹੋਣਾ ਚਾਹੀਦਾ।

ਪੱਥਰ ਚਿੱਤ ਜਿਨਾ ਦਾ ਬਾਹੂ ਉਤੇ ਜਾਇਆ ਵੱਸਦਾ ਮੀਂਹ ਹੂ।

ਜੇ ਪਰਾਈ ਨਿੰਦਾ ਦਾ ਔਗੁਣ ਨਹੀਂ ਛੱਡਿਆ ਤਾਂ

ਰਾਤੀ ਜਾਗ ਤੇ ਕਰੇ ਇਬਾਦਤ ਦੇਂਹ ਨਿੰਦਿਆ ਕਰ ਪਰਾਈ ਹੂ।

ਇਨਸਾਨ ਨੂੰ ਅੰਦਰੋਂ ਪਾਕਿ ਪਵਿੱਤਰ ਹੋਣਾ ਚਾਹੀਦਾ ਹੈ। ਆਪਣੀ ਮੈਂ ਮਾਰਨੀ ਚਾਹੀਦੀ ਹੈ। ਬੰਦਾ ਕੋਝਾ ਹੋਵੇ ਉਹ ਬੁਰਾ ਨਹੀਂ, ਪਰ ਜੇ ਅੰਦਰੋਂ ਦਿਲ ਕਾਲਾ ਹੋਵੇ ਤੇ ਮੂੰਹ ਰੋਸ਼ਨ ਹੋਵੇ ਇਹ ਚੰਗਿਆਈ ਨਹੀਂ।

ਦਿਲ ਕਾਲੇ ਕੰਨੋ ਮੂੰਹ ਕਾਲਾ ਜੰਗਾ ਜੇ ਕੋ ਇਸ ਨੂੰ ਜਾਣੇ ਹੂ,
ਮੂੰਹ ਕਾਲਾ ਦਿਲ ਅੱਛਾ ਹੋਵੇ ਇਹ ਦਿਲ ਯਾਰ ਪਛਾਣੇ ਹੂ।

ਕਰਮਾਂ ਅਨੁਸਾਰ ਦਰਗਾਹ ਵਿੱਚ ਨਿਬੇੜਾ ਹੁੰਦਾ ਹੈ। ਜੈਸਾ ਅਮਲ ਵੈਸਾ ਫ਼ਲ ਪ੍ਰਾਪਤ ਹੋਵੇਗਾ।

ਵਿੱਚ ਦਰਗਾਹ ਦੇ ਅਮਲਾਂ ਬਾਝੋਂ ਬਾਹੂ ਹੋਣਾਂ ਨਾ ਕੁਝ ਨਿਬੇੜਾ ਹੂ।

ਜੋ ਅੱਲ੍ਹਾ ਦੀ ਮੁਹੱਬਤ ਮਨ ਵਿੱਚ ਵਸਾਉਂਦੇ ਹਨ ਜਦੋਂ ਅਨੁਭਵ ਕਰਦੇ ਹਨ ਅੱਲ੍ਹਾ ਦਾ ਨਾਮ ਅੰਦਰ ਆ ਕੇ ਨਹੀਂ ਵੱਸਦਾ। ਜਦ ਅੰਦਰ ਝਾਤੀ ਪਾਉਂਦੇ ਹਨ ਅੱਲ੍ਹਾ ਇੱਕ ਦਿਖਾਈ ਦਿੰਦਾ ਹੈ।

ਐਨ ਇਸ਼ਕ ਅਸਾਂ ਨੂੰ ਲਿਸਿਆ ਜਾਤਾ ਬੈਠਾ ਮਾਰ ਪੱਥਲਾ ਹੂ,
ਵਿਚ ਜਿਗਰ ਦੇ ਸਨ ਚਲਾ ਯਸ ਕੀਤੋਸ ਕੰਮ ਅਵੱਲਾ ਹੂ
ਜਾ ਅੰਦਰ ਵੜਕੇ ਝਾਤੀ ਪਾਈ ਡਿੱਠਾ ਯਾਰ ਇੱਕਲਾ ਹੂ।

ਜਦ ਕਿਸੇ ਨੇ ਇਸ਼ਕ ਹਕੀਕੀ ਹਾਸਲ ਕਰ ਲਿਆ। ਉਹ ਇਸ ਨੂੰ ਨਸ਼ਰ ਨਹੀਂ ਕਰਦੇ ਸਗੋਂ ਸੀਨੇ ਅੰਦਰ ਛੁਪਾ ਕੇ ਰੱਖਦੇ ਹਨ।

ਇਸ਼ਕ ਹਕੀਕੀ ਜਿੰਨਾ ਪਾਇਆ ਮੂੰਹੋਂ ਨਾ ਕੁਝ ਅਲਾਵਣ ਹੂ

ਜਿੰਨ੍ਹਾਂ ਦੇ ਦਿਲ ਅੱਲ੍ਹਾ ਦੀ ਮੁਹੱਬਤ ਤੋਂ ਖਾਲੀ ਹਨ, ਉਨ੍ਹਾਂ ਦਾ ਜੀਵਨ ਨਿਸਫ਼ਲ ਜਾਂਦਾ ਹੈ

ਜੋ ਦਿਲ ਇਸ਼ਕ ਨਾ ਹੋਵੇ ਬਾਹੂ ਗਏ ਜਹਾਨੋ ਖਾਲੀ ਹੂ।

ਹੰਕਾਰੀ ਰਹਿਬਰ ਨਾਲੋਂ ਹਲੀਮੀ ਨਾਲ ਰੱਬ ਦੇ ਰਾਹ ’ਤੇ ਚੱਲਣ ਵਾਲਾ ਸੂਫ਼ੀ ਚੰਗਾ ਹੈ।

ਪੜ ਪੜ ਇਲਮ ਮਸ਼ਾਇੰਖ ਸਦਾਵਣ ਕਰਨ ਇਬਾਦਤ ਦੂਣੀ ਹੂ, ਅੰਦਰ ਝੁਗੀ ਪਈ ਲੂਟੀਵੇ ਤਨ ਮਨ ਖਬਰ ਨਾ ਹੋਣੀ ਹੂ
ਮੌਲਾ ਵਾਲੇ ਸਦਾ ਸੁਖਾਲੇ ਦਿਲ ਨੂੰ ਲਾ ਨਗੂਣੀ ਹੂ
ਰੱਬ ਤਿੰਨਾਂ ਨੂੰ ਹਾਸਲ ਬਾਹੂ ਜਿੰਨਾ ਚੱਕ ਨਾ ਕੀਤੀ ਚੂ
ਨੀ ਹੂ।

ਕਾਮਲ ਮੁਰਸ਼ਦ ਆਪਣੀ ਨਿਗਾਹ ਅਤੇ ਨਜ਼ਰ ਨਾਲ ਮੁਰੀਦ ਦੀ ਮੈਲ ਧੋ ਦਿੰਦਾ ਹੈ। ਤਦ ਮੁਰੀਦ ਦੇ ਲੂੰ ਲੂੰ ਵਿੱਚ ਐਸਾ ਕਾਮਲ ਮੁਰਸ਼ਦ ਵਸ ਜਾਂਦਾ ਹੈ

ਕਾਮਲ ਮੁਰਸ਼ਦ ਐਸਾ ਹੋਵੇ ਜਿਹੜਾ ਧੌਬੀ ਵਾਂਗ ਛੱਟੇ ਹੂ,
ਨਾਲ ਨਿਗਾਹ ਦੇ ਪਾਕ ਕਰੇਂਦਾ ਇਹ ਸੱਜੀ ਸਾਬਣ ਨਾ ਘੱਤੇ ਹੂ,
ਮੈਲਿਆ ਬੀ ਕਰ ਦਿੰਦਾ ਚਿੱਟਾ ਵਿੱਚ ਜਗ ਮੈਲ ਨਾ ਰੱਖੇ ਹੂ
ਐਸਾ ਮੁਰਸ਼ਦ ਹੋਵੇ ਬਾਹੂ ਜਿਹੜਾ ਲੂੰ ਲੂੰ ਵਿੱਚ ਵਸੇ ਹੂ।

ਔਰੰਗਜੇਬ ਸੁਲਤਾਨ ਬਾਹੂ ਦਾ ਬੜਾ ਸਤਿਕਾਰ ਕਰਦਾ ਸੀ ਪਰ ਬਾਹੂ ਨੇ ਕਦੇ ਉਸ ਦੀ ਪ੍ਰਵਾਹ ਨਾ ਕੀਤੀ। ਬਾਹੂ ਆਪਣੇ ਸੂਫ਼ੀ ਰੰਗ ਵਿੱਚ ਰੰਗਿਆ ਵਿਚਰਦਾ ਰਿਹਾ। ਉਸ ਦੀ ਮੌਤ 1691ਈ. ਵਿੱਚ 63 ਸਾਲ ਦੀ ਉਮਰ ਵਿੱਚ ਹੋਈ। ਉਸ ਨੂੰ ਪਿੰਡ ਕਹਿਰਗਾਨ ਦੇ ਕਿਲੇ ਵਿੱਚ ਦਫ਼ਨਾਇਆ ਗਿਆ। ਸੰਨ 1775 ਵਿੱਚ ਝਨਾਂ ਨੇ ਬਹੁਤ ਸਾਰੀਆਂ ਕਬਰਾਂ ਰੋੜ ਦਿੱਤੀਆਂ, ਬਾਹੂ ਦਾ ਮੰਜਾਰ ਵੀ ਰੁੜ ਗਿਆ ਪਰ ਉਸ ਦੇ ਸੰਦੂਕ ਨੂੰ ਬਚਾ ਕੇ ਇੱਕ ਵੱਡੇ ਦਰਖ਼ਤ ਥੱਲੇ ਦਬਾ ਕੇ ਵੱਡਾ ਥੜਾ ਬਣਾ ਕੇ ਉਸ ਦੀ ਯਾਦਗਾਰੀ ਬਣਾਈ।





# ਕੰਮ ਬਾਝ ਨਾ ਵਿਚੋਲਿਆਂ ਬਣਦਾ....

**ਭੋਲਾ ਸਿੰਘ ਸ਼ਮੀਰੀਆ**

ਵਿਚੋਲਾ ਸਾਡੇ ਸਮਾਜ ਦਾ ਇੱਕ ਮਹੱਤਵਪੂਰਨ ਪਾਤਰ ਹੈ। 'ਵਿਚੋਲਾ' ਸ਼ਬਦ ਦੀ ਜੇਕਰ ਚੀਰ-ਫਾੜ ਕਰੀਏ ਤਾਂ ਇਸ ਦਾ ਮਤਲਬ ਹੈ 'ਵਿੱਚੋਂ-ਓਹਲਾ'। ਵਿਚੋਲਾ ਦੋ ਧਿਰਾਂ ਵਿੱਚ ਇੱਕ ਕੜੀ ਦਾ ਕੰਮ ਕਰਦਾ ਹੈ। ਵਿਚੋਲਾ ਲਾੜੀ ਅਤੇ ਲਾੜੇ ਦੇ ਅਣਜਾਣ ਪਰਿਵਾਰਾਂ ਨੂੰ ਨਵੀਂ ਪਛਾਣ ਦੇਣ ਵਾਲਾ ਇੱਕ ਸਾਂਝਾ ਪਾਤਰ ਹੁੰਦਾ ਹੈ। ਦੋ ਪਰਿਵਾਰਾਂ ਦੇ ਮੇਲ 'ਚੋਂ ਇੱਕ ਨਵੀਂ ਜ਼ਿੰਦਗੀ ਦਾ ਬੂਟਾ ਲਾ ਕੇ ਇਹ ਪਾਤਰ ਪਰਦੇ ਤੋਂ ਲੋਪ ਹੋ ਜਾਂਦਾ ਹੈ।

ਇੱਕ ਸਮਾਂ ਸੀ ਜਦੋਂ ਪਿੰਡ ਦਾ ਨਾਈ ਤੇ ਬ੍ਰਾਹਮਣ ਪਿੰਡ ਦੀਆਂ ਧੀਆਂ ਧਿਆਣੀਆਂ ਦੇ ਵਰ ਦਾ ਫ਼ੈਸਲਾ ਕਰ ਆਉਂਦੇ ਸਨ। ਧੀ ਦੇ ਮਾਪਿਆਂ ਨੂੰ ਆ ਕੇ ਦੱਸ ਦਿਆ ਕਰਦੇ ਸਨ ਕਿ ਅਸੀਂ ਤੁਹਾਡੀ ਬੇਟੀ ਦਾ ਰਿਸ਼ਤਾ ਫਲਾਣੇ ਪਿੰਡ ਕਰ ਆਏ ਹਾਂ। ਮਾਪੇ ਵੀ ਇਹ ਫ਼ੈਸਲਾ ਸਵੀਕਾਰ ਕਰ ਲਿਆ ਕਰਦੇ ਸਨ। ਵਿਚੋਲਾ ਦੋਹਾਂ ਧਿਰਾਂ ਦੇ ਥੋੜ੍ਹੇ ਬਹੁਤੇ ਕਾਣ ਨੂੰ ਕੱਜ ਲੈਂਦਾ ਸੀ। ਸਮਾਜਿਕ ਜ਼ਿੰਦਗੀ ਦੇ ਥੋੜ੍ਹੇ ਬਹੁਤੇ ਲੁਕੋ-ਛੁਪੋ ਵਿਚੋਲਾ ਆਮ ਹੀ ਕਰ ਲੈਂਦਾ ਸੀ। ਸੰਨ ਸੰਤਾਲੀ ਦੇ ਲਗਭਗ ਦੇ ਸਮੇਂ ਲਿੰਗ-ਅਨੁਪਾਤ ਦੀ ਗੜਬੜੀ ਕਰਕੇ ਚਾਰ-ਪੰਜ ਭਰਾਵਾਂ ਵਿੱਚੋਂ ਮਸਾਂ ਇੱਕ ਜਾਂ ਦੋ ਹੀ ਵਿਆਹੇ ਜਾਂਦੇ ਸਨ। ਸੰਨ ਸੰਤਾਲੀ ਦੀ ਮਾਰਧਾੜ ਸਮੇਂ ਬਹੁਤੇ ਵਿਅਕਤੀਆਂ ਨੇ ਮੁਸਲਮਾਨ ਔਰਤਾਂ ਨੂੰ ਆਪਣੇ ਘਰਾਂ ਵਿੱਚ ਰੱਖ ਕੇ ਆਪਣੇ ਘਰ ਵਸਾ ਲਏ ਸਨ। ਫਿਰ ਉਨ੍ਹਾਂ ਦੇ ਬੱਚੇ ਹੋ ਗਏ। ਜਦੋਂ ਉਨ੍ਹਾਂ ਬੱਚਿਆਂ ਦੇ ਵਿਆਹੁਣ ਦਾ ਸਮਾਂ ਆਇਆ ਤਾਂ ਬੱਚਿਆਂ ਦੇ ਨਾਨਕੇ ਨਾ ਹੋਣ ਕਰਕੇ ਵਿਆਹਾਂ ਵਿੱਚ ਅੜਿੱਕੇ ਬਣਨ ਲੱਗੇ। ਵਿਆਹਾਂ ਸਮੇਂ ਅਜਿਹੇ ਜ਼ਖ਼ਮ ਵਿਚੋਲੇ ਲੁਕੋ ਲਿਆ ਕਰਦੇ ਸਨ ਜਾਂ ਥੋੜ੍ਹੀ ਜਿਹੀ ਸਿਧਰੀ ਕੁੜੀ ਨੂੰ ਵੀ ਕੰਮ ਦੀ ਸਚਿਆਰੀ ਕਹਿ ਕੇ ਵਿਆਹ ਨੇਪਰੇ ਚਾੜ੍ਹ ਦਿਆ ਕਰਦੇ ਸਨ। ਇਸ ਤਰ੍ਹਾਂ ਦੇ ਵਿੱਚ-ਵਿਚਾਲੇ ਓਹਲੇ ਰੱਖਣ ਕਰਕੇ ਇਸ ਪਾਤਰ ਦਾ ਨਾਂ 'ਵਿਚੋਲਾ' ਪੈ ਗਿਆ। ਭਾਵ 'ਵਿੱਚੋਂ ਓਹਲਾ'।

ਹੌਲੀ-ਹੌਲੀ ਵਿਚੋਲੇ ਦੀ ਭੂਮਿਕਾ ਸਕੇ-ਸਬੰਧੀ ਜਾਂ ਜਾਣ ਪਛਾਣ ਵਾਲੇ ਨਿਭਾਉਣ ਲੱਗ ਪਏ। ਅੱਜਕੱਲ੍ਹ ਇਸ਼ਤਿਆਰ ਜਾਂ ਲਵ-ਮੈਰਿਜ ਕਰਕੇ ਵਿਚੋਲੇ ਦੀ ਭੂਮਿਕਾ ਕੁਝ ਘੱਟ ਵੀ ਗਈ ਹੈ। ਮੈਰਿਜ ਬਿਊਰੋ ਵਗੈਰਾ ਦੇ ਸਥਾਪਿਤ ਹੋਣ ਨਾਲ ਵਿਚੋਲਿਆਂ ਦਾ ਰੂਪ ਹੋਰ ਵੀ ਬਦਲ ਗਿਆ ਹੈ। ਹੁਣ ਇਹ ਇੱਕ ਪ੍ਰੋਫੈਸ਼ਨਲ ਕਿੱਤਾ ਬਣਦਾ ਜਾ ਰਿਹਾ ਹੈ।

ਵਿਚੋਲੇ ਨੂੰ ਸਤਿਕਾਰ ਵਜੋਂ ਜਾਂ ਸਾਕ ਕਰਾਉਣ ਦੇ ਅਹਿਸਾਨ ਬਦਲੇ ਸੋਨੇ ਦੀ ਛਾਪ ਜਾਂ ਕੜਾ ਪਾਉਣ ਦਾ ਰਿਵਾਜ ਸੀ। ਕੁਝ ਲਾਲਚੀ ਕਿਸਮ ਦੇ ਵਿਚੋਲੇ 'ਵਿਚਲਾ ਓਹਲਾ' ਕੁਝ ਜ਼ਿਆਦਾ ਰੱਖਣ ਲੱਗ ਪਏ। ਭਾਵ ਰਿਸ਼ਤਾ ਕਰਾਉਣ ਲਈ ਝੂਠ ਜ਼ਿਆਦਾ ਮਾਰਨ ਲੱਗ ਪਏ। ਜਿਸ ਕਰਕੇ ਰਿਸ਼ਤਿਆਂ ਵਿੱਚ ਤਣਾਅ ਤੇ ਦੂਰੀਆਂ ਵਧਣ ਲੱਗੀਆਂ। ਵਿਚੋਲੇ ਦੀ ਭੂਮਿਕਾ ਜੋ ਕਦੇ ਸਤਿਕਾਰ ਵਾਲੀ ਸੀ, ਕਿਤੇ-ਕਿਤੇ ਸ਼ੱਕੀ ਤੇ ਝਗੜੇ ਵਾਲੀ ਬਣ ਕੇ ਰਹਿ ਗਈ। ਵਿਚੋਲੇ ਦੀ ਭੂਮਿਕਾ ਦੇ ਚੰਗ-ਮੰਦ ਨੂੰ ਲੋਕ-ਬੋਲੀਆਂ ਆਪਣੇ ਕਲਾਵੇ ਵਿੱਚ ਲੈ ਕੇ ਇੱਕ ਸੱਭਿਆਚਾਰਕ ਵੰਨਗੀ ਵਜੋਂ ਸਾਡੇ ਸਨਮੁੱਖ ਹੁੰਦੀਆਂ ਹਨ। ਲੋਕ-ਬੋਲੀਆਂ ਕਿਸੇ ਦਾ ਲਿਹਾਜ ਨਹੀਂ ਕਰਦੀਆਂ। ਲੋਕ-ਬੋਲੀਆਂ ਵਿਚੋਲੇ ਦੀ ਚੰਗਿਆਈ ਜਾਂ ਬੁਰਿਆਈ ਨੂੰ ਲੋਕਾਂ ਦੀ ਕਚਹਿਰੀ ਵਿੱਚ ਨੰਗਾ ਕਰ ਦਿੰਦੀਆਂ ਹਨ। ਜੇਕਰ ਵਿਚੋਲਾ ਜੀਜਾ ਜਾਂ ਫੁੱਫੜ ਹੋਵੇ ਤਾਂ ਉਸ ਦੇ ਥਾਂ ਸਿਰ ਲੱਗਦੀਆਂ ਔਰਤਾਂ ਜਾਂ ਕੁੜੀਆਂ ਵਿਚੋਲੇ ਨੂੰ ਤਾਹਨਾ ਮਾਰਦੀਆਂ ਕਹਿ ਉੱਠਦੀਆਂ ਹਨ, 'ਕੁੜਮੋਂ-ਕੁੜਮੀ ਸੌ ਵਾਰੀ, ਵਿਚੋਲੇ ਦੇ ਮੌਰਾਂ ਵਿੱਚ ਚੌ ਮਾਰੀ' ਜਾਂ 'ਕੁੜਮੋਂ-ਕੁੜਮੀ ਵਰਤਣਗੇ, ਵਿਚੋਲੇ ਬੈਠੇ ਤਰਸਣਗੇ।' ਹਰ ਧੀ ਦੀ ਰੀਝ ਹੁੰਦੀ ਹੈ ਕਿ ਉਸ ਦਾ ਹੋਣ ਵਾਲਾ ਵਰ ਉਸ ਦੀਆਂ ਰੀਝਾਂ ਦੇ ਹਾਣ ਦਾ ਹੋਵੇ। ਮਾਲਵੇ ਦੇ ਇਲਾਕੇ ਦਾ ਇੱਕ ਦੁਖਾਂਤ ਹੈ ਕਿ ਇੱਥੇ ਧੀਆਂ ਦੇ ਵਰ ਦੀ ਤੁਲਨਾ ਜ਼ਮੀਨ ਜਾਂ ਪ੍ਰਾਪਰਟੀ ਨਾਲ ਜ਼ਿਆਦਾ ਦੇਖੀ ਜਾਂਦੀ ਹੈ। ਜਦੋਂ ਧੀ ਨੂੰ ਪਤਾ ਲੱਗਦਾ ਹੈ ਕਿ ਉਸ ਦਾ ਪਤੀ ਰੰਗ ਦਾ ਬਹੁਤ ਕਾਲਾ ਹੈ ਤਾਂ ਉਹ ਆਪਣੇ ਜੀਜੇ ਵਿਚੋਲੇ ਨੂੰ ਕੋਸਦੀ ਹੋਈ ਆਪਣੇ ਪਿਤਾ ਅੱਗੇ ਆਪਣੇ ਦੁੱਖ ਦੀ ਵਿਥਿਆ ਇਉਂ ਪੇਸ਼ ਕਰਦੀ ਹੈ;

ਕੋਈ ਨਾ ਸੁਣਦਾ ਧਰਮੀ ਬਾਬਲਾ, ਦੁੱਖ ਮੇਰੇ ਦੀਆਂ ਹੂਕਾਂ।
ਜੀਜਾ ਵਿਚੋਲਾ ਵੈਰ ਕੱਢ ਗਿਆ, ਕੋਠੇ ਚੜ੍ਹ-ਚੜ੍ਹ ਕੂਕਾਂ।
ਨਾ ਮੈਂ ਕਿਸੇ ਨੂੰ ਦੱਸਣ ਜੋਗੀ, ਕੰਤ ਦੀਆਂ ਕਰਤੂਤਾਂ।
ਰੰਗ ਦੇ ਕਾਲੇ ਨੂੰ, ਮੈਂ ਕੀ ਬਾਬਲਾ ਫੂਕਾਂ।

ਜ਼ਮੀਨ ਜਾਂ ਪ੍ਰਾਪਰਟੀ ਦੇ ਲਾਲਚ ਵਿੱਚ ਕਈ ਵਾਰ ਵਿਚੋਲਾ ਧੀ ਦੇ ਬਾਪ ਨੂੰ ਵੀ ਗੁੰਮਰਾਹ ਕਰ ਦਿੰਦਾ ਹੈ। ਧੀ ਦਾ ਬਾਪ ਵਿਚੋਲੇ ਦੀਆਂ ਗੱਲਾਂ ਵਿੱਚ ਆ ਕੇ ਧੀ ਦਾ ਸਾਕ ਵੱਡੀ ਉਮਰ ਦੇ ਮੁੰਡੇ ਨਾਲ ਕਰ ਦਿੰਦਾ ਹੈ। ਗਿੱਧੇ ਵਿੱਚ ਪੈਣ ਵਾਲੀਆਂ ਬੋਲੀਆਂ ਰਾਹੀਂ ਧੀ ਆਪਣੇ ਦੁੱਖ ਦਾ ਪ੍ਰਗਟਾਵਾ ਇਉਂ ਕਰਦੀ ਹੈ;

ਬਾਪੂ ਤੇ ਚਾਚਾ ਦੇਖਣ ਤੁਰ ਪਏ,
ਤੀਜਾ ਨਾਲ ਵਿਚੋਲਾ।
ਅੱਸੀ ਸਾਲ ਦਾ ਬੁੜ੍ਹਾ ਸਹੇੜਿਆਂ,
ਅੱਖ ਜੀਹਦੀ ਵਿੱਚ ਫੋਲਾ।
ਮਾਰੀ ਪਾਪਾਂ ਨੇ, ਧਰਤੀ ਖਾ ਗਈ ਡੋਲਾ।

ਕਈ ਵਾਰ ਵਿਚੋਲੇ ਦੁਆਰਾ ਕਰਵਾਇਆ ਗਿਆ ਸਾਕ ਬਦਨਾਮੀ ਤੇ ਝਗੜੇ ਦਾ ਕਾਰਨ ਵੀ ਬਣ ਜਾਂਦਾ ਹੈ। ਕੋਈ ਭਾਨੀਮਾਰ ਜਦੋਂ ਕਿਸੇ ਦੇ ਸਾਕ ਨੂੰ ਅੱਧ-ਵਿਚਾਲਿਉਂ ਹੀ ਤੋੜ ਦੇਵੇ ਤਾਂ ਵਿਚੋਲੇ ਦੇ ਵੀ ਵਸ ਤੋਂ ਬਾਹਰ ਦੀ ਗੱਲ ਹੋ ਜਾਂਦੀ ਹੈ। ਅਜਿਹੇ ਮੌਕੇ ਸਾਕ ਦੇ ਟੁੱਟਣ ਦਾ ਦੋਸ਼ ਵਿਚੋਲੇ ਦੇ ਸਿਰ ਜਾ ਲੱਗਦਾ ਹੈ। ਸ਼ਰੀਕੇ 'ਚੋਂ ਭਰਜਾਈ ਲੱਗਦੀ ਕੋਈ ਔਰਤ ਆਪਣੇ ਜੇਠ ਨੂੰ ਰਿਸ਼ਤਾ ਕਰਵਾਉਂਦੀ ਹੈ। ਕੋਈ ਚੁਗਲਖੋਰ ਧੀ ਦੇ ਮਾਪਿਆਂ ਦੇ ਕੰਨ ਭਰ ਦਿੰਦਾ ਹੈ। ਸਿੱਟੇ ਵਜੋਂ ਇਹ ਰਿਸ਼ਤਾ ਟੁੱਟ ਜਾਂਦਾ ਹੈ। ਗੱਭਰੂ ਨੂੰ ਸ਼ੱਕ ਹੈ ਕਿ ਇਹ ਰਿਸ਼ਤਾ ਉਸ ਦੀ ਭਰਜਾਈ ਨੇ ਹੀ ਤੁੜਵਾਇਆ ਹੈ। ਦੁਖੀ ਹੋਇਆ ਗੱਭਰੂ ਆਪਣੀ ਵਿਚੋਲਣ ਭਰਜਾਈ ਨੂੰ ਇਉਂ ਮਿਹਣਾ ਮਾਰਦਾ ਹੈ;

ਸਾਕ ਮੇਰੇ ਦੀ ਭਾਨੀ ਮਾਰਕੇ ਚੰਗੀ ਨਹੀਂ ਤੂੰ ਕੀਤੀ।
ਮੈਂ ਖਸਮ ਤੇਰੇ ਨੂੰ ਪਾਈ ਮੁੰਦਰੀ, ਤੈਨੂੰ ਪਾਈ ਤਵੀਤੀ।
ਨੀਂ ਝਾਕ ਸਾਹਮਣੇ ਮੇਰੇ ਹੁਣ ਤੂੰ ਕਿਉਂ ਬੈਠੀ ਚੁੱਪ ਕੀਤੀ।
ਤੂੰ ਕੁਲਵਿੰਦਰ ਕੁਰੇ, ਜੱਗੋਂ ਤੇਰਵੀਂ ਕੀਤੀ।

ਫੁੱਫੜ ਤੇ ਜੀਜਾ ਭਾਵੇਂ ਇੱਕੋ ਹੀ ਘਰ ਦੇ ਦੋਵੇਂ ਸਤਿਕਾਰਯੋਗ ਪਾਤਰ ਹੁੰਦੇ ਹਨ। ਫੁੱਫੜ ਪੁਰਾਣੀ ਪੀੜ੍ਹੀ ਦਾ ਹੋਣ ਕਰਕੇ ਸਿਆਣੇ ਵਰਗ ਵਿੱਚ ਗਿਣਿਆ ਜਾਂਦਾ ਹੈ। ਇਸ ਕਰਕੇ ਉਸ ਦੁਆਰਾ ਕੀਤੇ ਕਾਰਜਾਂ ਨੂੰ ਵੀ ਸਲਾਹਿਆ ਜਾਂਦਾ ਹੈ। ਉਮਰਾਂ ਦਾ ਤਜਰਬਾ ਹੋਣ ਕਰਕੇ ਫੁੱਫੜਾਂ ਦੁਆਰਾ ਕਰਵਾਏ ਗਏ ਸਾਕ ਵੀ ਹੰਢਣਯੋਗ ਤੇ ਕਾਬਲੇਤਾਰੀਫ਼ ਹੁੰਦੇ ਹਨ। ਇੱਕ ਮੁਟਿਆਰ ਆਪਣੇ ਜੀਜੇ ਦੁਆਰਾ ਸਹੇੜੇ ਗਏ ਸਾਕ ਤੋਂ ਖ਼ਫ਼ਾ ਹੁੰਦੀ ਹੋਈ ਉਸ ਨੂੰ ਮਰੋੜਾ ਵੀ ਦੇ ਜਾਂਦੀ ਹੈ ਤੇ ਨਾਲ ਫੁੱਫੜ ਦੀ ਪ੍ਰਸ਼ੰਸਾ ਵੀ ਕਰ ਜਾਂਦੀ ਹੈ;

ਛੋਲੇ-ਛੋਲੇ-ਛੋਲੇ
ਮੈਨੂੰ ਲੈ ਗਿਆ ਜੀਜਾ ਠੱਗ ਕੇ
ਭਾਗਾਂ ਵਾਲੀਆਂ ਦੇ ਫੁੱਫੜ ਵਿਚੋਲੇ।

ਜਦੋਂ ਕਿਸੇ ਮੁਟਿਆਰ ਨੂੰ ਉਸ ਦੀਆਂ ਰੀਝਾਂ ਦੇ ਹਾਣ ਦਾ ਵਰ ਮਿਲ ਜਾਵੇ ਤਾਂ ਉਹ ਮੁਟਿਆਰ ਖ਼ੁਸ਼ੀ ਵਿੱਚ ਫੁੱਲੀ ਨਹੀਂ ਸਮਾਉਂਦੀ। ਉਸ ਦੇ ਅੰਦਰੋਂ ਉੱਠਿਆ ਖ਼ੁਸ਼ੀ ਦਾ ਗੁਬਾਰ ਗਿੱਧੇ ਦੀਆਂ ਬੋਲੀਆਂ ਵਿੱਚ ਧਮੱਚੜ ਆ ਪੁੱਟਦਾ ਹੈ। ਜਿੱਥੇ ਉਹ ਮੁਟਿਆਰ ਆਪਣੇ ਹਾਣ ਦੇ ਵਰ ਮਿਲਣ 'ਤੇ ਖ਼ੁਸ਼ ਹੈ ਉੱਥੇ ਉਹ ਆਪਣੀ ਇੱਕ ਬੋਲੀ ਰਾਹੀਂ ਆਪਣੇ ਵਿਚੋਲੇ ਨੂੰ ਵੀ ਅਸੀਸਾਂ ਦੇ ਜਾਂਦੀ ਹੈ;

ਤੇਰੀ ਮੇਰੀ ਜੋੜੀ, ਜਿਵੇਂ ਦੁੱਧ 'ਤੇ ਮਲਾਈ ਐ।
ਜੀਵੇ ਉਹ ਵਿਚੋਲਾ, ਜੀਹਨੇ ਤੇਰੀ ਦੱਸ ਪਾਈ ਐ।

ਹਰ ਮੁਟਿਆਰ ਚਾਹੁੰਦੀ ਹੈ ਕਿ ਉਸ ਦਾ ਉਸ ਦੇ ਆਪਣੇ ਮਾਪਿਆਂ ਨਾਲ ਵੀ ਮੋਹ ਵੀ ਜਿਉਂ ਦਾ ਤਿਉਂ ਬਣਿਆ ਰਹੇ, ਪਰ ਸੰਯੋਗ ਵੱਸ ਉਸ ਦਾ ਵਿਆਹ ਕਿਤੇ ਦੂਰ ਦੇ ਇਲਾਕੇ ਵਿੱਚ ਹੋ ਜਾਂਦਾ ਹੈ। ਉਹ ਇਸ ਅਣਹੋਣੀ ਘਟਨਾ ਦਾ ਦੋਸ਼ ਆਪਣੇ ਵਿਚੋਲੇ ਸਿਰ ਜਾ ਮੜ੍ਹਦੀ ਹੈ। ਕਚੀਚੀਆਂ ਵੱਟਦੀ ਹੋਈ ਉਹ ਇੱਕ ਬੋਲੀ ਰਾਹੀਂ ਆਪਣਾ ਗੁੱਸਾ ਇਉਂ ਪ੍ਰਗਟ ਕਰਦੀ ਹੈ;

ਵੈਰੀ ਵਿਚੋਲਾ ਵੈਰ ਕੱਢ ਗਿਆ,
ਦੂਰ ਦੇ ਦਿੱਤੀਆਂ ਲਾਵਾਂ।
ਸੁਣਨ ਵਾਲਾ ਨਾ ਨੇੜੇ-ਤੇੜੇ, ਕੀਹਨੂੰ ਦੁੱਖ ਸੁਣਾਵਾਂ।
ਜੇ ਤੂੰ ਵਿਚੋਲਿਆ ਮਿਲ ਜੇਂ 'ਕੱਲਾ,
ਮੈਂ ਵੀ ਦਿਲ ਦੀਆਂ ਲਾਹਵਾਂ।
ਤੇਰੀ ਸੁੱਥਣ 'ਤੇ, ਤੱਤਾ ਖੁਰਚਣਾ ਲਾਵਾਂ।

ਸੋ ਵਿਚੋਲੇ ਪ੍ਰਤੀ ਲੋਕ-ਬੋਲੀਆਂ ਵਿੱਚ ਰਲੇ-ਮਿਲੇ ਭਾਵ ਦੇਖਣ ਤੇ ਸੁਣਨ ਨੂੰ ਮਿਲਦੇ ਹਨ। ਸਾਡੀ ਲੋਕ-ਧਾਰਾ ਵਿੱਚ ਵਿਚੋਲੇ ਦਾ ਮਹੱਤਵਪੂਰਨ ਸਥਾਨ ਹੈ। ਵਿਆਹ ਤੋਂ ਬਾਅਦ ਭਾਵੇਂ ਇਸ ਪਾਤਰ ਨਾਲ ਕਿਹੋ ਜਿਹਾ ਵੀ ਸਲੂਕ ਕੀਤਾ ਜਾਵੇ, ਪ੍ਰੰਤੂ ਵਿਆਹ ਸ਼ੁਰੂ ਹੋਣ ਸਮੇਂ ਤਾਂ ਇਸ ਪਾਤਰ ਦੀ ਪ੍ਰਸ਼ੰਸਾ ਇਸ ਬੋਲੀ ਨਾਲ ਕੀਤੀ ਜਾਂਦੀ ਹੈ;

ਡੱਬਾ ਖੇਸ ਵੇ ਵਿਚੋਲਿਆ ਤੈਨੂੰ, ਜੇ ਮੈਨੂੰ ਸੁੱਖ ਮਿਲਿਆ

ਅੱਜਕੱਲ੍ਹ ਭਾਵੇਂ ਵਿਚੋਲੇ ਦੇ ਰੂਪ ਬਦਲ ਚੁੱਕੇ ਹਨ, ਪ੍ਰੰਤੂ ਵਿਚੋਲੇ ਦੀ ਭੂਮਿਕਾ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਭਾਵੇਂ ਕਿੰਨਾਂ ਵੀ ਚੰਗਾ ਖਾਨਦਾਨ ਹੋਵੇ ਵਿਚੋਲੇ ਦੀ ਸ਼ਮੂਲੀਅਤ ਨੂੰ ਮਨਫੀ ਕਰਕੇ ਨਹੀਂ ਦੇਖਿਆ ਜਾ ਸਕਦਾ। ਇਸ ਤੱਥ ਦੀ ਗਵਾਹੀ ਵੀ ਲੋਕ-ਬੋਲੀਆਂ ਇਉਂ ਭਰਦੀਆਂ ਹਨ;

ਕੰਮ ਬਾਝ ਨਾ ਵਿਚੋਲਿਆਂ ਬਣਦਾ,
ਘਰ ਭਾਵੇਂ ਹੋਵੇ ਲੱਖ ਦਾ।

# ਪੱਲੇ ਰਿਜ਼ਕ ਨਾ ਬੰਨ੍ਹਦੇ...

**ਜਗਜੀਤ ਸਿੰਘ ਲੋਹਟਬੱਦੀ**

ਕੁਦਰਤ ਅਸੀਮ ਹੈ...ਅਨੰਤ ਹੈ...ਅਤੋਲ ਹੈ...ਉਸ ਦੀਆਂ ਦਾਤਾਂ ਅਮੋਲ ਨੇ ਜਿਨ੍ਹਾਂ ਦਾ ਕਿਸੇ ਨੇ ਥਾਹ ਨਹੀਂ ਪਾਇਆ। ਕੋਈ ਅੰਦਾਜ਼ਾ ਨਹੀਂ ਲਾ ਸਕਿਆ। ਸਾਡੀ ਸੋਚ ਉੱਥੇ ਤੱਕ ਉਡਾਰੀ ਨਹੀਂ ਮਾਰ ਸਕਦੀ। ਉਸ ਦੇ ਜਲੌਅ ਦੀ ਝਲਕ ਸਾਡੀਆਂ ਅੱਖਾਂ ਝੱਲ ਨਹੀਂ ਸਕਦੀਆਂ। ਉਸ ਦੇ ਸੁਹੱਪਣ ਨੂੰ ਸਾਡੀਆਂ ਕਲਮਾਂ ਬਿਆਨ ਨਹੀਂ ਕਰ ਸਕਦੀਆਂ। ਮਾਨਵ ਸਾਲਾਂ-ਬੱਧੀ ਗੋਂਦਾਂ ਗੁੰਦਦਾ ਹੈ, ਪਰ ਕੁਦਰਤ ਪਲਾਂ ਛਿਣਾਂ ਵਿੱਚ ਆਹਰੇ ਲਾ ਦਿੰਦੀ ਐ। ਅਸੀਂ ਆਪਣੇ ਨਿਗੂਣੇ ਜਿਹੇ ਵਣਜ-ਵਿਹਾਰ ਦਾ ਹਿਸਾਬ ਕਿਤਾਬ ਰੱਖਣ ਨੂੰ ਤਰੱਦਦ ਸਮਝਦੇ ਹਾਂ, ਪਰ ਸੋਚਿਐ ਕਦੇ ਕਿ ਪ੍ਰਕਿਰਤੀ ਨੇ ਧਰਤ, ਆਕਾਸ਼, ਪਾਤਾਲ ਵਸਦੇ ਪ੍ਰਾਣੀਆਂ, ਜੀਵ ਜੰਤੂਆਂ, ਬਨਸਪਤੀ ਨੂੰ ਕਿੰਝ ਤਵਾਜ਼ਨ ਵਿੱਚ ਰੱਖਿਐ? ਕਿਵੇਂ ਹਰ ਛੋਟੇ ਵੱਡੇ ਜੀਵ ਦੀ ਖਾਧ ਖ਼ੁਰਾਕ, ਰਹਿਣ ਸਹਿਣ ਅਤੇ ਟਿਕਾਣਾ ਵਿਉਂਤਵੱਧ ਕੀਤੈ?

ਸਿਆਣਿਆਂ ਦਾ ਕਥਨ ਹੈ, ਜੀਵ ਲੱਖਾਂ ਜੂਨਾਂ ਵਿੱਚ ਭੌਂਦੈ...ਭਟਕਣਾ ਪੱਲੇ ਪੈਂਦੀ ਐ... ਜੰਮਣ ਮਰਨ ਦੇ ਗੇੜ ਵਿੱਚ ਪੈਂਦੈ...ਚੁਰਾਸੀ ਦਾ ਚੱਕਰ ਰਹਿੰਦੈ...ਮੇਰੀ ਮੇਰੀ ਕਰਦੈ। ਇਹ ਵੀ ਧਾਰਨਾ ਹੈ ਕਿ ਮਨੁੱਖਾ ਜੀਵਨ 'ਸਰਬੋਤਮ' ਹੈ...ਵਾਰ ਵਾਰ ਨਹੀਂ ਮਿਲਦਾ ਕਿਉਂਕਿ ਮਾਨਵ 'ਸੱਭਿਆ' ਸ਼੍ਰੇਣੀ ਵਿੱਚ ਆਉਂਦੇ ਹਨ, ਉਹ ਬੋਲ ਸਕਦੇ ਹਨ ਅਤੇ ਜੀਵਨ ਸਫਲਾ ਬਣਾਉਣ ਦੀ ਸਮਰੱਥਾ ਰੱਖਦੇ ਹਨ। ਬਾਕੀ ਸਮਸਤ ਪ੍ਰਾਣੀ ਬੇਜ਼ੁਬਾਨ ਹਨ...ਉਜੱਡ ਹਨ, ਵਹਿਸ਼ੀ ਹਨ, ਜੰਗਲੀ ਹਨ! ਸੋਚ ਸਿਰਫ਼ ਪੇਟ ਭਰਨ ਤੱਕ ਸੀਮਿਤ ਹੈ। ਮਨੁੱਖ ਦੇ 'ਪਰਮ ਉੱਤਮ' ਹੋਣ ਦੀ ਇਹ ਵਿਆਖਿਆ ਕਿਸ ਨੇ ਕੀਤੀ ਹੈ?... ਖ਼ੁਦ ਮਨੁੱਖ ਨੇ! ਕੀ ਮਨੁੱਖ ਇਸ 'ਸ੍ਰੇਸ਼ਟਤਾ' ਦੇ ਪਾਏਦਾਨ 'ਤੇ ਪੂਰਾ ਉਤਰਦਾ ਹੈ? ਕੀ ਕੁਦਰਤ ਦੇ ਬਖ਼ਸ਼ੇ 'ਸਦਗੁਣਾਂ' ਨੂੰ ਉਸ ਨੇ ਸ੍ਰਿਸ਼ਟੀ ਨੂੰ ਹੋਰ ਖ਼ੂਬਸੂਰਤ ਬਣਾਉਣ ਲਈ ਵਰਤਿਆ ਹੈ? ਕੀ ਉਸ ਦਾ ਵਰਤਾਰਾ 'ਆਪਣੇ ਭਾਈਚਾਰੇ' ਲਈ ਸੁਖਾਵਾਂ ਹੈ? ਕੀ ਉਸ ਦਾ ਵਿਹਾਰ ਪ੍ਰਕਿਰਤੀ ਅਤੇ 'ਬੇਜ਼ੁਬਾਨਾਂ' ਵਾਸਤੇ ਰਾਹਤ ਭਰਿਆ ਹੈ? ਸ਼ਾਇਦ ਇਸ ਕਸਵੱਟੀ 'ਤੇ ਉਹ ਪੂਰਾ ਨਹੀਂ ਉਤਰਦਾ। ਆਪਣੇ ਤਖ਼ੱਲਸ ਨਾਲ ਇਨਸਾਫ਼ ਕਰਦਾ ਨਹੀਂ ਜਾਪਦਾ।

ਪਰਿੰਦੇ ਪਰਵਾਜ਼ ਭਰਦੇ ਨੇ...ਉਡਾਰੀਆਂ ਮਾਰਦੇ ਨੇ। ਕੋਈ ਵੈਰ ਵਿਰੋਧ ਨਹੀਂ, ਕੋਈ ਲੋਭ ਲਾਲਚ ਨਹੀਂ, ਕੋਈ ਜ਼ਾਤ ਮਜ਼੍ਹਬ ਨਹੀਂ। ਸਾਰੇ 'ਆਪਣੇ' ਨੇ। ਜੋ ਮਿਲਿਆ, ਜਿੱਥੇ ਮਿਲਿਆ, ਖਾ ਲਿਆ। ਪੱਲੇ ਰਿਜ਼ਕ ਨਾ ਬੰਨ੍ਹਦੇ...ਕੱਲ੍ਹ ਵਾਸਤੇ ਝੋਲੀਆਂ ਨਹੀਂ ਭਰਦੇ...ਪੰਡਾਂ ਬੰਨ੍ਹਣ ਤੋਂ ਇਨਕਾਰੀ ਨੇ। ਸਬਰ ਸੰਤੋਖ ਦਾ ਲੜ ਫੜਿਆ ਹੈ। ਕੁਦਰਤ ਦੇ ਸ਼ੈਦਾਈ ਨੇ:

ਫਰੀਦਾ ਹਉ ਬਲਿਹਾਰੀ ਤਿਨ ਪੰਖੀਆ, ਜੰਗਲਿ ਜਿੰਨਾ ਵਾਸੁ॥
ਕਕਰੁ ਚੁਗਨਿ ਥਲਿ ਵਸਨਿ, ਰਬ ਨ ਛੋਡਨਿ ਪਾਸੁ॥

ਮਨ ਵਿੱਚ ਸਿਮਰਨ ਹੈ, ਵਿਸ਼ਵਾਸ ਹੈ ਕਿ ਹਜ਼ਾਰਾਂ ਮੀਲ ਦੂਰ ਛੱਡ ਕੇ ਆਏ ਬੱਚਿਆਂ ਦੀ ਦੇਖਭਾਲ ਸਰਬ ਸ਼ਕਤੀਮਾਨ ਕਰੇਗਾ। ਇਹੀ ਅਰਾਧਨਾ ਹੈ, ਇਹੀ ਵੰਦਨਾ ਹੈ। ਕੱਲ੍ਹ ਕਿਸੇ ਨਹੀਂ ਵੇਖਿਆ ਤਾਂ ਚਿੰਤਾ ਕਿਉਂ ? ਕੀੜੀਆਂ ਕਿਣਕਾ ਕਿਣਕਾ ਲੈ ਕੇ ਕਤਾਰ ਵਿੱਚ ਚੱਲਦੀਆਂ ਹਨ। ਹਾਥੀਆਂ ਦੀ ਡਾਰ ਖੁਰਾਕ ਲਈ ਜੰਗਲ ਵਿੱਚ ਭੌਂਦੀ ਐ, ਪਰ ਕੁਦਰਤ ਦਾ ਉਜਾੜਾ ਨਹੀਂ ਕਰਦੀ। ਮੱਛੀਆਂ ਸਮੁੰਦਰ ਖਾਰਾ ਹੋਣ 'ਤੇ ਵੀ ਵਫ਼ਾ ਕਰਦੀਆਂ ਹਨ, ਕਮਲ ਦਾ ਫੁੱਲ ਚਿੱਕੜ ਵਿੱਚ ਖੁਸ਼ਬੋਈ ਵੰਡਦਾ ਹੈ, ਚਕੋਰ ਦੀ ਪ੍ਰੀਤ ਚੰਨ ਨਾਲ ਹੈ। ਪ੍ਰਕਿਰਤੀ ਦੇ ਬਖ਼ਸ਼ਿਸ਼ ਕੀਤੇ ਰੈਣ ਬਸੇਰੇ ਵਿੱਚ ਹੀ ਵਿਸਮਾਦ ਨਾਦ ਹੈ।

ਸੁਣਿਆ ਹੈ ਕਿ ਦਰਵੇਸ਼ਾਂ ਅਤੇ ਫ਼ੱਕਰਾਂ ਦੀਆਂ ਰਮਜ਼ਾਂ ਹਰ ਕਿਸੇ ਦੀ ਸਮਝ ਵਿੱਚ ਨਹੀਂ ਆਉਂਦੀਆਂ। ਇਸੇ ਲਈ ਉਨ੍ਹਾਂ ਦੀਆਂ ਬਸਤੀਆਂ ਨਹੀਂ ਹੁੰਦੀਆਂ। ਉਹ ਦੁਨੀਆਦਾਰੀ ਨੂੰ ਜੱਫ਼ਾ ਨਹੀਂ ਮਾਰਦੇ। ਇੱਕ ਵਾਰ ਇੱਕ ਯਾਤਰੀ ਸੂਫ਼ੀ ਸੰਤ ਕੋਲ ਗਿਆ। ਪਹੁੰਚੇ ਹੋਏ ਫ਼ਕੀਰ ਸਨ। ਬੜਾ ਹੈਰਾਨ ਹੋਇਆ 'ਐਨੀ ਸਾਦੀ ਝੌਂਪੜੀ!' ਸਿਰਫ਼ ਇੱਕ ਤੱਪੜ ਤੇ ਮਿੱਟੀ ਦੇ ਤੇਲ ਦਾ ਦੀਵਾ। ਅਚੰਭਾ ਜਤਾਇਆ, ਸੂਫ਼ੀ, ਤੇਰਾ ਫਰਨੀਚਰ ਕਿੱਥੇ ਆ?

ਸੂਫ਼ੀ ਨੇ ਮੋੜਵਾਂ ਸਵਾਲ ਕੀਤਾ, ਤੇਰਾ ਕਿੱਥੇ ਆ?

ਯਾਤਰੀ ਕਹਿੰਦਾ, ਮੈਂ ਤਾਂ ਮਹਿਮਾਨ ਹਾਂ।

ਸੰਤ ਕਹਿੰਦਾ, ਮੈਂ ਵੀ ਤਾਂ ਮਹਿਮਾਨ ਹੀ ਹਾਂ।

'ਸ੍ਰੇਸ਼ਟ' ਪ੍ਰਾਣੀ ਮਨੁੱਖ ਨੇ ਧਰਤੀ 'ਤੇ ਕਿੱਲੇ ਗੱਡੇ ਨੇ। ਪੱਕੇ ਵਸੇਬੇ ਦਾ ਤਹੱਮਲ ਕੀਤਾ ਹੈ। ਪੰਡਾਂ ਬੰਨ੍ਹ ਰਿਹਾ ਹੈ ਤਾਂ ਕਿ ਘੱਟੋ ਘੱਟ ਸੱਤ ਪੀੜ੍ਹੀਆਂ ਆਰਾਮ ਫਰਮਾ ਸਕਣ! 'ਅਸਲੀ ਘਰ' ਭੁਲਾਈ ਬੈਠੇ ਹਨ। ਸਿਕੰਦਰ ਦੁਨੀਆ ਜਿੱਤਣ ਨਿਕਲਿਆ ਸੀ। ਚਾਰ ਚੁਫ਼ੇਰੇ ਚੀਕ ਚਿਹਾੜਾ, ਲੁੱਟ ਖਸੁੱਟ, ਬਰਬਾਦੀ ਦਾ ਮੰਜ਼ਰ ਦੇਖਿਆ। ਤਾਕੀਦ ਕੀਤੀ, ਮੇਰੀ ਅਰਥੀ ਉਠਾਉਣ ਵੇਲੇ ਮੇਰੇ ਹੱਥ ਕੱਫ਼ਣ ਤੋਂ ਬਾਹਰ ਰੱਖਿਉ। ਪਤਾ ਲੱਗੇ, ਹੀਰੇ ਜਵਾਹਰਾਤ ਨਾਲ ਲਿਜਾਣ ਦੀ ਆਗਿਆ ਨਹੀਂ। 'ਦਿਮਾਗੀ' ਤੇ 'ਕਾਢੀ' ਮਨੁੱਖ ਰੱਬ ਦਾ ਸ਼ਰੀਕ ਬਣਿਆ ਹੈ। ਚੁਰਾਸੀ ਲੱਖ ਜੂਨਾਂ ਵਿੱਚੋਂ ਇਕੱਲਾ ਪ੍ਰਾਣੀ ਹੈ, ਜਿਹਨੂੰ ਆਉਣ ਵਾਲੇ ਕੱਲ੍ਹ ਦਾ ਫਿਕਰ ਐ...ਜ਼ਰ੍ਹਬਾਂ ਤਕਸੀਮਾਂ ਦਿੰਦਾ ਹੈ। ਭਾਵੇਂ ਅਗਲੇ ਪਲ ਦਾ ਪਤਾ ਨਹੀਂ...ਹੋਣੀ ਕਿੱਥੇ ਤਾਕ ਲਗਾ ਕੇ ਖੜ੍ਹੀ ਹੈ। ਕੁਦਰਤ 'ਤੇ ਭਰੋਸਾ ਨਹੀਂ। ਮਾਸੂਮਾਂ, ਬੇਜ਼ੁਬਾਨਾਂ ਦੀ ਛੱਡੋ, ਆਪਣੇ ਲਾਣੇ ਵਾਲਿਆਂ ਨੂੰ ਵੀ ਕੀੜੇ ਮਕੌੜੇ ਈ ਸਮਝਦੇ ਹਨ। ਬ੍ਰਹਿਮੰਡ ਵਿੱਚ 'ਸਰਦਾਰੀ' ਚਾਹੀਦੀ ਹੈ। ਧਰਤੀ, ਪਾਣੀ ਅਤੇ ਆਬੋ-ਹਵਾ 'ਤੇ ਕਬਜ਼ਾ ਕਰਨਾ ਹੈ। ਤੇਲ ਦੇ ਖੂਹਾਂ 'ਤੇ ਅੱਖ ਹੈ। ਸਰਹੱਦਾਂ ਵਧਾਉਣ ਦੀ ਫਿਕਰ ਹੈ। ਹਥਿਆਰ, ਹਜ਼ਾਰਾਂ ਮੀਲ ਦੂਰ ਮਾਰ ਕਰਦੇ ਹਨ। ਐਮਾਜ਼ੋਨ ਦੇ ਜੰਗਲ ਜਲ ਰਹੇ ਹਨ। ਨਿਆਮਤਾਂ ਮਧੋਲ ਸੁੱਟੀਆਂ ਹਨ!

ਵਿਸ਼ਵ ਦੀ ਵੰਡ ਚਰਮ ਸੀਮਾ 'ਤੇ ਪਹੁੰਚ ਚੁੱਕੀ ਹੈ। ਹਜ਼ਾਰਾਂ ਟਨ ਅੰਨ ਦੀ ਬਰਬਾਦੀ, ਭੁੱਖਮਰੀ 'ਤੇ ਸਵਾਲ ਖੜ੍ਹੇ ਕਰਦੀ ਹੈ। ਵਿਰੋਧੀ ਨੂੰ ਠਿੱਬੀ ਲਾ ਕੇ ਤਬਾਹੀ ਦੀ ਤਸਵੀਰ ਹੁਣ ਰੂਹ ਨਹੀਂ ਕੰਬਾਉਂਦੀ। ਹਮਜਾਇਆਂ ਨੂੰ ਨੇਸਤੋ-ਨਾਬੂਦ ਕਰਨ ਵੇਲੇ ਜ਼ਮੀਰ ਲਾਹਨਤਾਂ ਨਹੀਂ ਪਾਉਂਦੀ। ਖ਼ਾਨਾ-ਬਦੋਸ਼ਾਂ ਦੀਆਂ ਆਹਾਂ, ਖੰਡਰ ਹੋਈਆਂ ਇਮਾਰਤਾਂ, ਵਿਲਕਦੇ ਬੱਚਿਆਂ ਦੀਆਂ ਚੀਕਾਂ ਸੁਣ ਕੇ ਵੀ ਮਨ ਨੂੰ ਡੋਬੂ ਨਹੀਂ ਪੈਂਦੇ। ਆਪਣੇ ਧਾਰਮਿਕ ਅਕੀਦੇ ਵਿੱਚ ਫ਼ਖ਼ਰ ਮਹਿਸੂਸ ਕਰਦੇ ਹਾਂ। ਭੁੱਲ ਜਾਂਦੇ ਹਾਂ ਕਿ ਲਹੂ ਦਾ ਰੰਗ ਲਾਲ ਹੀ ਹੁੰਦਾ ਹੈ। ਸੱਤ ਪੁਸ਼ਤਾਂ ਦਾ ਜੁਗਾੜ ਜੁ ਕਰਨਾ ਹੈ। ਜਿਨ੍ਹਾਂ ਨੂੰ ਘਟੀਆ ਸਮਝ ਕੇ ਦੁਰਕਾਰਦੇ ਹਾਂ, ਕਦੇ ਉਨ੍ਹਾਂ ਜਿੰਨੀ ਵਫ਼ਾ ਦਿਖਾਈ ਹੈ? ਸਿਰਫ਼ ਦੋ ਬੁਰਕੀਆਂ ਖਾ ਕੇ ਵੀ ਉਹ ਮਾਲਕ ਦੇ ਸ਼ੁਕਰ-ਗੁਜ਼ਾਰ ਹਨ। ਬਾਬਾ ਬੁੱਲ੍ਹੇ ਸ਼ਾਹ ਦਾ ਕਲਾਮ ਸਾਖਸ਼ਾਤ ਗਵਾਹੀ ਭਰਦਾ ਹੈ;

ਰਾਤੀਂ ਜਾਗੇਂ ਕਰੇਂ ਇਬਾਦਤ, ਰਾਤ ਨੂੰ ਜਾਗਣ ਕੁੱਤੇ, ਤੈਥੋਂ ਉੱਤੇ
ਖਸਮ ਆਪਣੇ ਦਾ ਦਰ ਨਾ ਛੱਡਦੇ, ਭਾਵੇਂ ਮਾਰੇ ਸੌ ਸੌ ਜੁੱਤੇ, ਤੈਥੋਂ ਉੱਤੇ
ਬੁੱਲ੍ਹੈ ਸ਼ਾਹ ਉੱਠ ਯਾਰ ਮਨਾ ਲੈ, ਨਈਂ ਤਾਂ ਬਾਜ਼ੀ ਲੈ ਗਏ ਕੁੱਤੇ, ਤੈਥੋਂ ਉੱਤੇ।

ਫਿਰ ਮਨੁੱਖਾ ਜਨਮ ਸਰਵੋਤਮ ਕਿਵੇਂ ਹੋਇਆ?

ਪੰਛੀ ਤੇ ਦਰਵੇਸ਼ ਕੁਦਰਤ ਦੇ ਨੇੜੇ ਹੁੰਦੇ ਹਨ। ਇਸੇ ਲਈ ਕੁਦਰਤ ਨਾਲ ਇੱਕ ਮਿੱਕ ਨੇ, ਕੁਦਰਤ ਵਿੱਚ ਅਭੇਦ ਨੇ...ਦੁਨਿਆਵੀ ਅਲਾਮਤਾਂ ਤੋਂ ਦੂਰ ਹਨ। ਹੱਦਾਂ ਵਿੱਚ ਬੱਝੇ ਹੋਏ ਨਹੀਂ ...ਮੁਲਕਾਂ ਮਹਾਂਦੀਪਾਂ ਦੀਆਂ ਚਾਰ ਦੀਵਾਰੀਆਂ ਦੇ ਮੁਹਤਾਜ ਨਹੀਂ। ਕਈ ਵਾਰ ਇਨਸਾਨ ਵੀ ਪਰਿੰਦਾ ਬਣਨਾ ਲੋਚਦਾ ਹੈ। ਵਲਗਣਾਂ ਉਸ ਨੂੰ ਪੋਂਹਦੀਆਂ ਨਹੀਂ। ਖੁੱਲ੍ਹੀ ਹਵਾ ਵਿੱਚ ਉਡਾਰੀਆਂ ਜੰਨਤ ਦੀ ਨਿਆਈਂ ਲੱਗਦੀਆਂ ਹਨ। ਨਾ ਕੋਈ ਪਾਸਪੋਰਟ, ਨਾ ਪਰਮਿਸ਼ਨ!

ਬਿਨਾਂ ਵੀਜ਼ੇ ਜਾਂਦੇ ਨੇ ਲਾਹੌਰ ਓਏ ਹਮੀਦਿਆ
ਸਾਡੇ ਨਾਲੋਂ ਚੰਗੇ ਨੇ ਜਨੌਰ ਓਏ ਹਮੀਦਿਆ!




# ਬੱਚਿਆਂ ਨੂੰ ਸਿਖਾਓ ਚੰਗੇ ਗੁਣ

ਵੀਰਪ੍ਰੀਤ ਕੌਰ

ਦੁਨੀਆ 'ਚ ਮਨੁੱਖ ਕੋਲ ਜੇ ਸਾਰੇ ਸਾਧਨ ਹਨ ਪਰ ਆਦਰਸ਼ ਚਰਿੱਤਰ ਨਹੀਂ ਹੈ ਤਾਂ ਸਭ ਫ਼ਜ਼ੂਲ ਹੈ। ਚਰਿੱਤਰ ਸ਼ਖ਼ਸੀਅਤ ਨੂੰ ਉਭਾਰਦਾ, ਮਨ ਨੂੰ ਉੱਜਵਲ ਕਰਦਾ ਤੇ ਜੀਵਨ ਨੂੰ ਸੰਵਾਰਦਾ ਹੈ। ਚਰਿੱਤਰ ਦੇ ਅਸਰ ਅਧੀਨ ਹੀ ਲੋਕ ਮਿੱਤਰ ਬਣਦੇ ਹਨ। ਵਿਅਕਤੀ ਨੂੰ ਯੋਗਤਾ ਦੀ ਵਜ੍ਹਾ ਨਾਲ ਸਫਲਤਾ ਮਿਲਦੀ ਹੈ ਤੇ ਉਸ ਸਫਲਤਾ ਦੀ ਸਾਂਭ-ਸੰਭਾਲ ਚਰਿੱਤਰ ਨਾਲ ਸੰਭਵ ਹੈ।

### ਅੱਜ ਦੀ ਮਹੱਤਵਪੂਰਨ ਲੋੜ



ਜੇ ਸਫਲ ਵਿਅਕਤੀ ਆਪਣੇ ਚਰਿੱਤਰ ਨੂੰ ਨਹੀਂ ਨਿਖਾਰਦੇ ਤਾਂ ਉਨ੍ਹਾਂ ਦੀ ਸਫਲਤਾ ਸਥਾਈ ਨਹੀਂ ਰਹਿੰਦੀ। ਇਸ ਲਈ ਜੀਵਨ 'ਚ ਚਰਿੱਤਰ ਨੂੰ ਸੁਧਾਰਨਾ ਹੀ ਮਨੁੱਖ ਦਾ ਪਰਮ ਟੀਚਾ ਹੋਣਾ ਚਾਹੀਦਾ ਹੈ। ਅਸੀਂ ਚਾਹੇ ਕਿਸੇ ਵੀ ਖੇਤਰ 'ਚ ਸਰਗਰਮ ਹੋਈਏ, ਸਾਨੂੰ ਆਪਣਾ ਚਰਿੱਤਰ ਬਣਾ ਕੇ ਅਤੇ ਬਚਾ ਕੇ ਰੱਖਣਾ ਚਾਹੀਦਾ ਹੈ। ਗਿਆਨ ਤੋਂ ਬਿਨਾਂ ਚਰਿੱਤਰ ਦਾ ਨਿਰਮਾਣ ਨਹੀਂ ਹੋ ਸਕਦਾ। ਇਸ ਲਈ ਸਿੱਖਿਆ ਦੇ ਨਾਲ-ਨਾਲ ਚਰਿੱਤਰ ਨਿਰਮਾਣ ਅੱਜ ਦੀ ਮਹੱਤਵਪੂਰਨ ਲੋੜ ਹੈ। ਜਿੰਨਾ ਚਿਰ ਹਰ ਵਿਅਕਤੀ ਆਦਰਸ਼ ਮਨੁੱਖ ਨਹੀਂ ਬਣ ਜਾਂਦਾ, ਓਨਾ ਚਿਰ ਆਦਰਸ਼ ਸਮਾਜ ਦੀ ਸਿਰਜਣਾ ਹੋਣੀ ਸੰਭਵ ਨਹੀਂ ਹੈ। ਸਮਾਜ 'ਚ ਦਿਨੋਂ-ਦਿਨ ਨਿਖਾਰ ਦੀ ਥਾਂ ਨਿਘਾਰ ਆ ਰਿਹਾ ਹੈ। ਸਮਾਜ ਵਿੱਚ ਈਰਖਾ, ਮੂਰਖਤਾ, ਹੰਕਾਰ, ਖ਼ੁਦਗਰਜ਼ੀ, ਅਗਿਆਨਤਾ ਆਦਿ ਅਮਾਨਵੀ ਕਦਰਾਂ- ਕੀਮਤਾਂ ਦਾ ਬੋਲਬਾਲਾ ਹੈ। ਇਸ ਲਈ ਬੱਚੇ ਨੂੰ ਮੁੱਢ ਤੋਂ ਹੀ ਚੰਗੇ ਸੰਸਕਾਰ ਦਿੱਤੇ ਜਾਣੇ ਚਾਹੀਦੇ ਹਨ।

### ਦੇਸ਼ ਦਾ ਭਵਿੱਖ ਹੁੰਦੇ ਬੱਚੇ

ਬੱਚੇ ਦੇ ਚਰਿੱਤਰ ਨਿਰਮਾਣ ਦਾ ਪਹਿਲਾ ਸਿੱਖਿਅਕ ਕੇਂਦਰ ਮਾਪੇ, ਦੂਜਾ ਸਕੂਲ ਤੇ ਤੀਜਾ ਧਾਰਮਿਕ ਸੰਸਥਾਵਾਂ ਹਨ। ਬੱਚੇ ਦੇਸ਼ ਦਾ ਭਵਿੱਖ ਹੁੰਦੇ ਹਨ। ਮਨੁੱਖ ਦਾ ਅਸਲੀ ਸਰਮਾਇਆ ਬੱਚੇ ਹੀ ਹੁੰਦੇ ਹਨ। ਬੱਚੇ ਦੇ ਚਰਿੱਤਰ ਨਿਰਮਾਣ 'ਚ ਪਰਿਵਾਰ ਦਾ ਅਹਿਮ ਯੋਗਦਾਨ ਹੁੰਦਾ ਹੈ। ਸਭ ਤੋਂ ਪਹਿਲਾਂ ਮਾਤਾ- ਪਿਤਾ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸ਼ੁਰੂ ਤੋਂ ਹੀ ਚੰਗੇ ਗੁਣਾਂ ਦੀ ਸਿੱਖਿਆ ਦੇਣ ਭਾਵ ਚੰਗੇ ਸੰਸਕਾਰ ਪੈਦਾ ਕਰਨ। ਉਨ੍ਹਾਂ ਨੂੰ ਸਦਾਚਾਰਕ ਗੁਣਾਂ ਦੀ ਸਿੱਖਿਆ ਦੇਣ, ਸਦਾ ਸੱਚ ਬੋਲਣਾ, ਝੂਠ ਨਾ ਬੋਲਣਾ, ਕਿਸੇ ਦਾ ਬੁਰਾ ਨਾ ਕਰਨਾ, ਕਿਸੇ ਦਾ ਦਿਲ ਨਾ ਦੁਖਾਉਣਾ, ਕਿਸੇ ਨਾਲ ਧੋਖਾ ਨਾ ਕਰਨਾ, ਭੈੜੀ ਸੰਗਤ ਤੋਂ ਬਚਣਾ, ਕਿਸੇ ਦਾ ਹੱਕ ਨਾ ਖੋਹਣਾ, ਇਸ ਤੋਂ ਇਲਾਵਾ ਦੂਜਿਆਂ ਨੂੰ ਪਿਆਰ-ਸਤਿਕਾਰ ਦੇਣਾ, ਕ੍ਰੋਧ, ਕਾਮ, ਲੋਭ, ਈਰਖਾ ਤੇ ਅਹੰਕਾਰ ਦਾ ਤਿਆਗ ਕਰਨਾ, ਨਿਮਰਤਾ, ਹਮਦਰਦੀ, ਸਹਿਣਸ਼ੀਲਤਾ, ਦਇਆ, ਸਬਰ-ਸੰਤੋਖ ਦੇ ਧਾਰਨੀ ਹੋਣਾ ਇਹ ਸਭ ਕੁਝ ਬੱਚਾ ਘਰ ਤੋਂ ਹੀ ਸਿੱਖਦਾ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪ ਪਹਿਲਾਂ ਉਪਰੋਕਤ ਗੁਣਾਂ ਦੇ ਧਾਰਨੀ ਬਣਨ, ਤਾਂ ਜੋ ਉਨ੍ਹਾਂ ਪਾਸੋਂ ਬੱਚੇ ਸੇਧ ਲੈ ਕੇ ਆਪਣਾ ਜੀਵਨ ਸੁਚੱਜਾ ਬਣਾ ਸਕਣ।

### ਰਿਸ਼ਤਿਆਂ ਬਾਰੇ ਦਿਉ ਜਾਣਕਾਰੀ

ਬੱਚਿਆਂ ਦਾ ਮਨ ਕੋਰਾ ਕਾਗਜ਼ ਹੈ। ਉਸ ਉੱਤੇ ਜਿਸ ਤਰ੍ਹਾਂ ਦੇ ਵਿਚਾਰ ਲਿਖੇ ਜਾਣਗੇ, ਉਸੇ ਤਰ੍ਹਾਂ ਹੀ ਉਨ੍ਹਾਂ ਦੀ ਸ਼ਖ਼ਸੀਅਤ ਦਾ ਵਿਕਾਸ ਹੋਵੇਗਾ। ਪਰਿਵਾਰ ਵਿਚ ਰਹਿ ਕੇ ਬੱਚਾ ਸੱਭਿਆਚਾਰਕ ਗਤੀਵਿਧੀਆਂ ਵਿਚ ਹਿੱਸਾ ਲੈਂਦਾ ਹੈ। ਮਾਪਿਆਂ ਦਾ ਫ਼ਰਜ਼ ਬਣਦਾ ਹੈ ਕਿ ਬੱਚਿਆਂ ਨੂੰ ਆਪਣੇ ਸੱਭਿਆਚਾਰ ਨਾਲ ਜੋੜਿਆ ਜਾਵੇ ਤੇ ਪਰਿਵਾਰਕ ਰਿਸ਼ਤਿਆਂ ਬਾਰੇ ਜਾਣਕਾਰੀ ਮੁੱਢ ਤੋਂ ਹੀ ਦਿੱਤੀ ਜਾਵੇ। ਮਾਪੇ ਬੱਚਿਆਂ ਨੂੰ ਮੋਬਾਈਲ ਦੀ ਵਰਤੋਂ ਦੀ ਜਗ੍ਹਾ ਚੰਗੀਆਂ ਕਿਤਾਬਾਂ ਪੜ੍ਹਨ ਦੀ ਆਦਤ ਪਾਉਣ। ਬੱਚਿਆਂ ਦੀਆਂ ਸਮੱਸਿਆਵਾਂ ਹੱਲ ਕਰਨ ਦੀ ਕੋਸ਼ਿਸ਼ ਦੇ ਨਾਲ-ਨਾਲ ਉਨ੍ਹਾਂ ਨੂੰ ਅਨੁਸ਼ਾਸਨ 'ਚ ਰਹਿਣ ਲਈ ਪ੍ਰੇਰਿਤ ਕਰਦੇ ਰਹਿਣ।

### ਸਕੂਲ ਨਿਭਾਉਂਦਾ ਅਹਿਮ ਭੂਮਿਕਾ

ਇਸੇ ਤਰ੍ਹਾਂ ਬੱਚੇ ਦਾ ਦੂਜਾ ਸਿੱਖਿਆ ਕੇਂਦਰ ਸਕੂਲ ਹੈ। ਬੱਚੇ ਲਈ ਸਕੂਲ ਦਾ ਵਾਤਾਵਰਣ ਚੰਗਾ ਹੋਣਾ ਚਾਹੀਦਾ ਹੈ ਕਿਉਂਕਿ ਵਾਤਾਵਰਣ ਬੱਚੇ ਦੇ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ। ਅਧਿਆਪਕਾਂ ਵੱਲੋਂ ਅੱਖਰੀ ਗਿਆਨ ਦੇ ਨਾਲ-ਨਾਲ ਬੱਚਿਆਂ ਨੂੰ ਵਿਹਾਰਕ, ਨੈਤਿਕ ਤੇ ਸਰੀਰਕ ਸਿੱਖਿਆ ਵੀ ਦਿੱਤੀ ਜਾਣੀ ਚਾਹੀਦੀ ਹੈ। ਬੱਚੇ ਦਾ ਦ੍ਰਿਸ਼ਟੀਕੋਣ ਵਿਕਸਿਤ ਕਰਨ ਵਿਚ ਸਕੂਲ ਅਹਿਮ ਭੂਮਿਕਾ ਨਿਭਾਉਂਦਾ ਹੈ। ਅਧਿਆਪਕਾਂ ਨੂੰ ਬੱਚਿਆਂ 'ਚ ਚੰਗੀਆਂ ਕਿਤਾਬਾਂ ਪੜ੍ਹਨ ਦੀ ਰੁਚੀ, ਰਸਾਲੇ, ਅਖ਼ਬਾਰਾਂ ਪੜ੍ਹਨ, ਸਖ਼ਤ ਮਿਹਨਤ ਕਰਨ, ਅਨੁਸ਼ਾਸਨ ਬਣਾ ਕੇ ਰੱਖਣ, ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ, ਸੱਚ ਦੇ ਮਾਰਗ 'ਤੇ ਚੱਲਣ, ਨਕਲ ਨਾ ਕਰਨਾ ਆਦਿ ਚੰਗੀਆਂ ਗੱਲਾਂ ਬੱਚੇ ਅੰਦਰ ਵਿਕਸਿਤ ਕਰਨੀਆਂ ਚਾਹੀਦੀਆਂ ਹਨ, ਤਾਂ ਜੋ ਉਹ ਦੇਸ਼ ਦੇ ਜਾਗਰੂਕ ਨਾਗਰਿਕ ਅਤੇ ਵਧੀਆ ਇਨਸਾਨ ਵਜੋਂ ਵਿਕਸਿਤ ਹੋ ਸਕਣ।

### ਗੁਰੂ ਸਾਹਿਬਾਨਾਂ ਦੇ ਉਪਦੇਸ਼ਾਂ ਬਾਰੇ ਜਾਵੇ ਸਮਝਾਇਆ

ਇਸ ਤੋਂ ਬਾਅਦ ਬੱਚੇ ਦਾ ਸਿੱਖਿਆ ਕੇਂਦਰ ਗੁਰੂ ਘਰ ਹੈ ਯਾਨੀ ਧਾਰਮਿਕ ਸੰਸਥਾਵਾਂ। ਬੱਚੇ ਦਾ ਚਰਿੱਤਰ ਨਿਰਮਾਣ ਕਰਨ 'ਚ ਧਾਰਮਿਕ ਸੰਸਥਾਵਾਂ ਦਾ ਬਹੁਤ ਵੱਡਾ ਯੋਗਦਾਨ ਹੈ। ਬੱਚਿਆਂ ਨੂੰ ਦੱਸਿਆ ਜਾਵੇ ਕਿ ਗੁਰਬਾਣੀ ਸਾਨੂੰ ਕੀ ਸਿੱਖਿਆ ਦਿੰਦੀ ਹੈ, ਗੁਰੂ ਸਾਹਿਬਾਨਾਂ ਦੇ ਦਿੱਤੇ ਉਪਦੇਸ਼ਾਂ ਬਾਰੇ ਉਨ੍ਹਾਂ ਨੂੰ ਸਮਝਾਇਆ ਜਾਵੇ ਤਾਂ ਜੋ ਉਹ ਸਿੱਖੀ ਦੇ ਅਮੀਰ ਵਿਰਸੇ ਨਾਲ ਜੁੜ ਸਕਣ। ਇਸ ਨਾਲ ਬੱਚੇ ਦਾ ਚੰਗਾ ਚਰਿੱਤਰ ਨਿਰਮਾਣ ਹੋ ਸਕਦਾ ਹੈ। ਬੱਚੇ ਵਿਚ ਸਹਿਜ, ਸੰਜਮ, ਧੀਰਜ, ਦਇਆ, ਸਬਰ-ਸੰਤੋਖ, ਸਹਿਣਸ਼ੀਲਤਾ ਜਿਹੇ ਗੁਣ ਵਿਕਸਿਤ ਹੁੰਦੇ ਹਨ। ਬੱਚਾ ਚੰਗਾ ਮਨੁੱਖ ਬਣ ਕੇ ਚੰਗੇ ਸਮਾਜ ਦੀ ਸਿਰਜਣਾ ਕਰੇਗਾ। ਇਕ ਚੰਗੇ ਸਮਾਜ ਵਿੱਚੋਂ ਹੀ ਚੰਗੇ ਇਨਸਾਨ, ਅਧਿਆਪਕ, ਰਾਜਨੀਤਕ ਤੇ ਧਾਰਮਿਕ ਆਗੂ, ਡਾਕਟਰ, ਇੰਜੀਨੀਅਰ ਤੇ ਚੰਗੇ ਵਕੀਲ ਪੈਦਾ ਹੋਣਗੇ।

# ਪ੍ਰੀਖਿਆ ਨੂੰ ਹਊਆ ਨਾ ਬਣਾਉਣ ਬੱਚੇ

ਪ੍ਰੋ. ਕੁਸੁਮ ਟਾਕ

ਪ੍ਰੀਖਿਆ ਅੰਗਰੇਜ਼ੀ ਭਾਸ਼ਾ ਦੇ ਇਗਜ਼ਾਮੀਨੇਸ਼ਨ ਦਾ ਪੰਜਾਬੀ ਅਨੁਵਾਦ ਹੈ। ਸਿੱਖਿਆ ਦੇ ਖੇਤਰ 'ਚ ਪ੍ਰੀਖਿਆ ਉਹ ਪ੍ਰੀਕਿਰਿਆ ਹੈ, ਜਿਸ ਰਾਹੀਂ ਵਿਦਿਆਰਥੀ ਦੇ ਗਿਆਨ ਦੀ ਸਮਝ, ਹੁਨਰ ਤੇ ਯੋਗਤਾ ਦੀ ਜਾਂਚ ਕੀਤੀ ਜਾਂਦੀ ਹੈ। ਇਹ ਵਿਦਿਆਰਥੀਆਂ ਦੀ ਨਿਸ਼ਚਿਤ ਸਮੇਂ ਦੌਰਾਨ ਕੀਤੀ ਗਈ ਮੁਕੰਮਲ ਤਿਆਰੀ ਦੀ ਪਰਖ ਕਰ ਕੇ ਉਸਦਾ ਦਾ ਨਤੀਜਾ ਪ੍ਰਦਰਸ਼ਿਤ ਕਰਦੀ ਹੈ। ਇਸ ਤਰ੍ਹਾਂ ਪ੍ਰੀਖਿਆ ਵਿਦਿਆਰਥੀ ਨੂੰ ਵਿਸ਼ੇਸ਼ ਮਾਪਦੰਡਾਂ 'ਤੇ ਖਰਾ ਉਤਾਰਨ ਦੀ ਤਕਨੀਕ ਮਾਤਰ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਵਿਦਿਆਰਥੀ ਹੋਣਹਾਰ ਤੇ ਤਿਆਰੀ ਕਰਨ ਦੇ ਬਾਵਜੂਦ ਪ੍ਰੀਖਿਆ ਵਿੱਚੋਂ ਚੰਗੇ ਅੰਕ ਪ੍ਰਾਪਤ ਨਹੀਂ ਕਰਦੇ ਕਿਉਂਕਿ ਉਨ੍ਹਾਂ ਨੂੰ ਪੇਪਰ ਲਿਖਣ ਦੀ ਤਕਨੀਕ ਜਾਂ ਰਣਨੀਤੀ ਨਹੀਂ ਪਤਾ ਹੁੰਦੀ। ਅਸਲ 'ਚ ਪ੍ਰੀਖਿਆ ਵਿਚ ਵਧੀਆ ਪੇਪਰ ਲਿਖਣਾ ਵੀ ਕਲਾ ਹੈ, ਜਿਹੜੀ ਸਹੀ ਯੋਜਨਾ, ਅਨੁਸ਼ਾਸਨ, ਸਮੇਂ ਦੀ ਪਾਬੰਦੀ ਤੇ ਸੁਚੱਜੀ ਪੇਸ਼ਕਾਰੀ ਨਾਲ ਸੰਭਵ ਹੈ। ਮੌਜੂਦਾ ਸਮੇਂ 'ਚ ਲਿਖਤੀ ਪ੍ਰੀਖਿਆ ਹਰਮਨ ਪਿਆਰੀ ਹੈ। ਪ੍ਰੀਖਿਆ ਦੌਰਾਨ ਵਧੀਆ ਪੇਪਰ ਹੱਲ ਕਰਨ ਲਈ ਵਿਆਪਕ ਰਣਨੀਤੀ ਬਣਾ ਕੇ, ਉਸ ਉੱਤੇ ਅਨੁਸ਼ਾਸਿਤ ਹੋ ਕੇ ਕੰਮ ਕਰਨ ਦੀ ਲੋੜ ਹੁੰਦੀ ਹੈ। ਵਧੀਆਂ ਪੇਪਰ ਉਦੋਂ ਹੀ ਸੰਭਵ ਹੈ, ਜਦੋਂ ਤਿਆਰ ਕੀਤੀ ਰਣਨੀਤੀ ਅਨੁਸਾਰ ਦਰਸਾਏ ਪੜਾਵਾਂ ਦੀ ਪਾਲਣਾ ਕੀਤੀ ਜਾਵੇ।

ਵਧੀਆ ਪੇਪਰ ਲਿਖਣ ਤੋਂ ਪਹਿਲਾਂ ਉਸ ਦਾ ਆਧਾਰ ਮਜ਼ਬੂਤ ਹੋਣਾ ਜ਼ਰੂਰੀ ਹੈ। ਵਿਦਿਆਰਥੀਆਂ ਨੂੰ ਸਿਲੇਬਸ ਬਾਰੇ ਮੁਕੰਮਲ ਜਾਣਕਾਰੀ ਹੋਣੀ ਜ਼ਰੂਰੀ ਹੈ। ਪਾਠ-ਪੁਸਤਕਾਂ ਦੇ ਅਧਿਐਨ ਤੇ ਅਭਿਆਸ, ਨੋਟਸ ਤਿਆਰ ਕਰਨੇ, ਅੰਦਰੂਨੀ ਪ੍ਰਸ਼ਨਾਂ ਦੀ ਚੰਗੀ ਸਮਝ, ਪਿਛਲੇ ਸਾਲਾਂ ਵਿਚ ਆਏ ਪ੍ਰਸ਼ਨ ਪੱਤਰ ਦੀ ਸਮਝ,ਮਾਡਲ ਟੈਸਟ ਪੇਪਰਾਂ ਦਾ ਅਭਿਆਸ ਕਰਨਾ ਜ਼ਰੂਰੀ ਹੈ। ਰੋਜ਼ਾਨਾ ਦੁਹਰਾਈ ਕਰਨ ਨਾਲ ਜਿੱਥੇ ਵਿਸ਼ੇ ਉੱਤੇ ਪਕੜ ਬਣਦੀ ਹੈ, ਉੱਥੇ ਗਿਆਨ ਵਿੱਚ ਵੀ ਵਾਧਾ ਹੁੰਦਾ ਹੈ।

### ਅਧਿਆਪਕ ਦੀ ਭੂਮਿਕਾ

ਪ੍ਰੀਖਿਆ ਅਸਲ ਵਿੱਚ ਉੱਤਮ ਅਧਿਆਪਕ ਦੀ ਸੈਸ਼ਨ ਦੌਰਾਨ ਕਰਵਾਈ ਗਈ ਤਿਆਰੀ ਦਾ ਨਤੀਜਾ ਹੈ। ਯੋਗ ਅਧਿਆਪਕ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਵਿਦਿਅਰਥੀਆਂ ਨੂੰ ਸਹੀ ਦਿਸ਼ਾ ਦਿਖਾਉਣ, ਸਮੇਂ-ਸਮੇਂ 'ਤੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ। ਉਹ ਆਪਣੇ ਵਿਦਿਆਰਥੀਆਂ ਨੂੰ ਪ੍ਰਭਾਵਸ਼ਾਲੀ ਉੱਤਰ-ਪੁਸਤਿਕਾ ਲਿਖਣ ਦੀ ਤਕਨੀਕ ਦੱਸਣ ਤੇ ਘਰੇਲੂ ਮੁਲਾਂਕਣ ਦੌਰਾਨ ਬਤੌਰ ਪ੍ਰੀਖਿਅਕ ਡਿਊਟੀ ਨਿਭਾਉਣ। ਉਹ ਆਪਣੇ ਵਿਦਿਆਰਥੀਆਂ ਦਾ ਮਨੋਬਲ ਹਮੇਸ਼ਾ ਉੱਪਰ ਰੱਖਣ ਲਈ ਯਤਨਸ਼ੀਲ ਰਹਿਣ।

### ਮਾਪਿਆਂ ਦਾ ਯੋਗਦਾਨ

ਪ੍ਰੀਖਿਆ ਦੌਰਾਨ ਵਿਦਿਆਰਥੀ ਅਕਸਰ ਆਪਣੇ ਉੱਤੇ ਅਣ-ਉਚਿਤ ਦਬਾਅ ਬਣਾ ਲੈਂਦੇ ਹਨ। ਮਾਪਿਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਅਜਿਹੀ ਸਥਿਤੀ ਨਾ ਆਉਣ ਦੇਣ। ਉਹ ਆਪਣੇ ਬੱਚਿਆਂ 'ਚ ਪੂਰਨ ਵਿਸ਼ਵਾਸ ਦਿਖਾਉਂਦੇ ਹੋਏ ਉਚਿਤ ਮਾਹੌਲ ਦਿੰਦੇ ਹੋਏ ਵਧੀਆ ਕਾਰਗੁਜਾਰੀ ਲਈ ਪ੍ਰੇਰਿਤ ਕਰਨ। ਬੱਚੇ ਦੀ ਸਿਹਤ, ਪੌਸ਼ਟਿਕ ਖ਼ੁਰਾਕ ਤੇ ਸਹੀ ਨੀਂਦ ਦਾ ਧਿਆਨ ਰੱਖਣਾ ਮਾਪਿਆ ਦੀ ਮੁੱਢਲੀ ਜ਼ਿੰਮੇਵਾਰੀ ਹੈ।

### ਪ੍ਰਸ਼ਨ ਪੱਤਰ ਨੂੰ ਧਿਆਨ ਨਾਲ ਪੜ੍ਹਨਾ

ਪ੍ਰੀਖਿਆ ਕੇਂਦਰ ਵਿੱਚ ਪਹੁੰਚਣ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ, ਖ਼ੁਦ ਨੂੰ ਉਸ ਮਾਹੌਲ ਵਿੱਚ ਢਾਲ ਲਓ। ਜਦੋਂ ਨਿਗਰਾਨ ਵੱਲੋਂ ਪ੍ਰਸ਼ਨ ਪੱਤਰ ਦਿੱਤਾ ਜਾਵੇ, ਬਿਨਾਂ ਸਮਾਂ ਬਰਬਾਦ ਕੀਤੇ ਉਸ ਨੂੰ ਧਿਆਨ ਨਾਲ ਪੜ੍ਹਿਆ ਜਾਵੇ। ਅਕਸਰ ਦੇਖਿਆ ਜਾਂਦਾ ਹੈ ਕਿ ਕਾਹਲ ਵਿੱਚ ਵਿਦਿਆਰਥੀ ਪ੍ਰਸ਼ਨ ਨੂੰ ਅਧੂਰਾ ਸਮਝ ਲੈਂਦੇ ਹਨ, ਜਿਸ ਨਾਲ ਅੰਕਾਂ ਦਾ ਨੁਕਸਾਨ ਹੁੰਦਾ ਹੈ। ਹਰ ਪ੍ਰਸ਼ਨ ਦਾ ਉੱਤਰ ਦੇਣ ਤੋਂ ਪਹਿਲਾਂ ਉਸ ਪ੍ਰਸ਼ਨ ਦੇ ਕਿੰਨੇ ਅੰਕ ਹਨ, ਦਾ ਧਿਆਨ ਵੀ ਜ਼ਰੂਰੀ ਹੈ। ਅੰਕਾਂ ਨੂੰ ਦੇਖ ਕੇ ਸਮਝ ਹੋਣੀ ਚਾਹੀਦੀ ਹੈ ਕਿ ਉਸ ਦਾ ਉੱਤਰ ਕਿੰਨੇ ਸ਼ਬਦਾਂ 'ਚ ਦੇਣਾ ਬਣਦਾ ਹੈ। ਵਿਦਿਆਰਥੀਆਂ ਨੂੰ 'ਵਿਆਖਿਆ ਕਰੋ','ਸੰਖੇਪ ਵਿੱਚ ਲਿਖੋ','ਕਾਰਨ ਦੱਸੋ' ਵਰਗੇ ਪ੍ਰਸ਼ਨਾਂ ਦੇ ਉੱਤਰ ਦੇਣ ਬਾਰੇ ਗਿਆਨ ਹੋਣਾ ਚਾਹੀਦਾ ਹੈ।

### ਸਮੇਂ ਦੀ ਸਹੀ ਯੋਜਨਾ

ਪ੍ਰੀਖਿਆ ਵਿੱਚ ਉੱਤਰ ਜਿੰਨਾ ਅਹਿਮ ਹੈ, ਓਨਾ ਹੀ ਸਮਾਂ ਵੀ ਕੀਮਤੀ ਹੈ। ਪੇਪਰ ਸ਼ੁਰੂ ਕਰਨ ਤੋਂ ਪਹਿਲਾਂ ਇਹ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਹਰ ਭਾਗ ਜਾਂ ਪ੍ਰਸ਼ਨ ਲਈ ਕਿੰਨਾ ਸਮਾਂ ਦਿੱਤਾ ਜਾਵੇ। ਵੱਧ ਅੰਕਾਂ ਵਾਲੇ ਪ੍ਰਸ਼ਨਾਂ ਲਈ ਜ਼ਿਆਦਾ ਸਮਾਂ ਅਤੇ ਘੱਟ ਅੰਕਾਂ ਵਾਲਿਆਂ ਲਈ ਘੱਟ ਸਮਾਂ ਨਿਰਧਾਰਤ ਕਰ ਕੇ ਰੱਖਣਾ ਚਾਹੀਦਾ ਹੈ। ਆਖ਼ਰੀ 10-15 ਮਿੰਟ ਦੁਹਰਾਈ ਲਈ ਜ਼ਰੂਰ ਬਚਾ ਕੇ ਰੱਖਣੇ ਚਾਹੀਦੇ ਹਨ।

### ਉੱਤਰ ਦੀ ਪ੍ਰਭਾਵਸ਼ੀਲਤਾ



ਪ੍ਰਸ਼ਨ ਦਾ ਉੱਤਰ ਦੇਣ ਸਮੇਂ ਸ਼ੁਰੂਆਤ ਪ੍ਰਭਾਵਸ਼ਾਲੀ ਹੋਣੀ ਚਾਹੀਦੀ ਹੈ। ਉੱਤਰ ਦੀ ਸੁਚੱਜੀ ਤੇ ਸਪੱਸ਼ਟ ਪੇਸ਼ਕਾਰੀ ਨਾਲ ਪ੍ਰੀਖਿਅਕ ਉੱਤੇ ਸਕਾਰਾਤਮਿਕ ਪ੍ਰਭਾਵ ਸੁਭਾਵਿਕ ਹੈ। ਤੁਹਾਡੀ ਪੇਪਰ ਲਈ ਕੀਤੀ ਸਫਲ ਕੋਸ਼ਿਸ ਅੰਕਾਂ ਵਿੱਚ ਨਿਸ਼ਚਿਤ ਤੌਰ 'ਤੇ ਵਾਧਾ ਕਰੇਗੀ। ਵੱਡੇ ਪ੍ਰਸ਼ਨਾਂ ਵਿੱਚ ਉੱਤਰ ਦੇਣ ਸਮੇਂ ਦੋ- ਚਾਰ ਲਾਈਨਾਂ ਵਿੱਚ ਭੂਮਿਕਾ ਲਿਖੀ ਜਾਵੇ, ਫਿਰ ਮੁੱਖ ਵਿਸ਼ੇ ਨੂੰ ਲਿਖਿਆ ਜਾਵੇ ਤੇ ਅੰਤ 'ਚ ਸੰਖੇਪ ਵਿੱਚ ਸਿੱਟਾ ਰਿਪੋਰਟ ਰਾਹੀਂ ਉੱਤਰ ਨੂੰ ਸਮਾਪਤ ਕੀਤਾ ਜਾਵੇ। ਇਸ ਤਰ੍ਹਾਂ ਉੱਤਰ ਵਿੱਚ ਪ੍ਰਭਾਵਸ਼ੀਲਤਾ ਆਉਂਦੀ ਹੈ। ਬੇਲੋੜੀ ਵਿਆਖਿਆ ਤੋਂ ਗੁਰੇਜ਼ ਕੀਤਾ ਜਾਵੇ, ਇਹ ਅੰਕਾਂ ਨੂੰ ਘਟਾਉਣ ਦਾ ਕੰਮ ਕਰਦੀ ਹੈ।

### ਖ਼ਾਸ ਨੁਕਤੇ

ਉੱਤਰ ਲਿਖਣ ਸਮੇਂ ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਜਾਵੇ ਕਿ ਪ੍ਰਸ਼ਨ ਵਿਚ ਪੁੱਛੇ ਗਏ ਖ਼ਾਸ ਨੁਕਤਿਆਂ ਨੂੰ ਰੇਖਾਂਕਿਤ ਕੀਤਾ ਜਾਵੇ ਤਾਂ ਜੋ ਪ੍ਰੀਖਿਅਕ ਨੂੰ ਉਹ ਸਪੱਸ਼ਟ ਦਿਖਾਈ ਦੇਵੇ। ਇਹ ਨਾ ਹੋਵੇ ਕਿ ਉਹ ਉੱਤਰ ਵਿੱਚ ਖ਼ਾਸ ਨੁਕਤਾ ਲੱਭਦਾ ਰਹਿ ਜਾਵੇ। ਉੱਤਰ ਪੁਸਤਿਕਾ ਸਾਫ਼ ਅਤੇ ਪੜ੍ਹਨਯੋਗ ਹੋਣੀ ਲਾਜ਼ਮੀ ਸ਼ਰਤ ਹੈ। ਭੈੜੀ ਜਾਂ ਅਸਪੱਸ਼ਟ ਲਿਖਾਵਟ ਕਰਕੇ ਪ੍ਰੀਖਿਅਕ ਨੂੰ ਉੱਤਰ ਸਮਝਣ ਵਿੱਚ ਮੁਸ਼ਕਿਲ ਆਉਂਦੀ ਹੈ। ਜਿੱਥੋਂ ਤੱਕ ਸੰਭਵ ਹੋਵੇ, ਹੈਡਿੰਗ, ਸਿਰਲੇਖ, ਉਪ-ਸਿਰਲੇਖ, ਬਿੰਦੂਆਂ ਅਤੇ ਪੈਰਾਗ੍ਰਾਫਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਡਾਇਗ੍ਰਾਮ, ਨਕਸ਼ੇ ਜਾਂ ਚਾਰਟ ਸਾਫ਼ ਤੇ ਸਪੱਸ਼ਟ ਅੰਕਾਂ ਵਿੱਚ ਵਾਧਾ ਕਰਦੇ ਹਨ।

### ਭਾਸ਼ਾ ਤੇ ਸ਼ਬਦਾਵਲੀ ਦਾ ਧਿਆਨ

ਉੱਤਰ ਪੁਸਤਿਕਾ ਲਿਖਣ ਸਮੇਂ ਭਾਸ਼ਾ ਸੌਖੀ, ਸਪੱਸ਼ਟ ਤੇ ਗ਼ਲਤੀਆਂ ਤੋਂ ਮੁਕਤ ਹੋਣੀ ਚਾਹੀਦੀ ਹੈ। ਵਿਆਕਰਨਿਕ ਤੇ ਵਿਰਾਮ ਚਿੰਨ੍ਹਾਂ ਦਾ ਧਿਆਨ ਰੱਖਣਾ ਲਾਜ਼ਮੀ ਹੈ। ਬੇਲੋੜੇ ਔਖੇ ਸ਼ਬਦਾਂ ਦੀ ਵਰਤੋਂ ਤੋਂ ਗੁਰੇਜ਼ ਕੀਤਾ ਜਾਵੇ। ਇਹ ਗੱਲ ਯਾਦ ਰੱਖੋ ਕਿ ਪ੍ਰੀਖਿਅਕ ਸਪੱਸ਼ਟ ਲੇਖਣੀ ਅਤੇ ਸਮਝ ਨੂੰ ਅੰਕ ਦਿੰਦਾ ਹੈ, ਨਾ ਕਿ ਭਾਰੀ ਸ਼ਬਦਾਂ ਨੂੰ।

### ਪ੍ਰੀਖਿਆ ਦੌਰਾਨ ਆਤਮ-ਵਿਸ਼ਵਾਸ

ਪ੍ਰੀਖਿਆ ਦੌਰਾਨ ਤਣਾਅ ਤੇ ਚਿੰਤਾ ਮੁਕਤ ਹੋ ਕੇ ਆਤਮ-ਵਿਸ਼ਵਾਸ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਜੇ ਪ੍ਰੀਖਿਆਰਥੀ ਕਿਸੇ ਤਰ੍ਹਾਂ ਦਾ ਤਣਾਅ ਮਹਿਸੂਸ ਕਰ ਰਿਹਾ ਹੈ ਤਾਂ ਹੋ ਸਕਦਾ ਉਹ ਕੁਝ ਪ੍ਰਸ਼ਨਾਂ ਦੇ ਉੱਤਰ ਭੁੱਲ ਸਕਦਾ ਹੈ। ਮੰਨ ਲਵੋ ਕੋਈ ਪ੍ਰਸ਼ਨ ਤੁਰੰਤ ਯਾਦ ਨਾ ਆਵੇ ਤਾਂ ਘਬਰਾਉਣ ਦੀ ਬਜਾਏ ਅਗਲਾ ਪ੍ਰਸ਼ਨ ਕਰਨਾ ਚਾਹੀਦਾ ਹੈ। ਸਮਾਂ ਰਹਿ ਕੇ ਕਈ ਵਾਰ ਉੱਤਰ ਯਾਦ ਆ ਜਾਂਦਾ ਹੈ। ਸ਼ਾਂਤ-ਚਿੱਤ ਨਾਲ ਲਿਖਿਆ ਗਿਆ ਉੱਤਰ ਹਮੇਸ਼ਾ ਵਧੀਆ ਅੰਕ ਦਿਵਾਉਂਦਾ ਹੈ।

ਆਖ਼ਰ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਪ੍ਰੀਖਿਆ ਦੌਰਾਨ ਵਧੀਆ ਪੇਪਰ ਲਿਖਣ ਲਈ ਸਿਰਫ਼ ਗਿਆਨ ਦਾ ਹੋਣਾ ਕਾਫ਼ੀ ਨਹੀਂ ਸਗੋਂ ਸਹੀ ਯੋਜਨਾ, ਅਭਿਆਸ ਤੇ ਆਤਮ-ਵਿਸ਼ਵਾਸ ਵੀ ਓਨਾ ਹੀ ਜ਼ਰੂਰੀ ਹੈ। ਜਿਹੜੇ ਵਿਦਿਆਰਥੀ ਪ੍ਰੀਖਿਆ ਤੋਂ ਪਹਿਲਾਂ ਪੂਰੀ ਤਿਆਰੀ ਕਰਦੇ ਹਨ ਅਤੇ ਪ੍ਰੀਖਿਆ ਦੌਰਾਨ ਠੰਢੇ ਦਿਮਾਗ਼ ਨਾਲ ਸੁਚੱਜੇ ਢੰਗ ਨਾਲ ਉੱਤਰ ਲਿਖਦੇ ਹਨ, ਉਹ ਨਿਸ਼ਚਿਤ ਹੀ ਸਫਲਤਾ ਹਾਸਿਲ ਕਰਦੇ ਹਨ।




ਉਹ ਜੋ ਫੁੱਲ ਟੁੱਟਣ 'ਤੇ ਵੀ ਕੰਬ ਉੱਠਦਾ ਸੀ, ਉਸ ਦੇ ਹੱਥੀਂ ਆਏ ਨੇ ਹਥਿਆਰ ਕਿਵੇਂ? ਪਿਛਲੇ ਹਫ਼ਤੇ ਜਦੋਂ ਮੈਂ ਆਪਣੀ ਇੱਕ ਗ਼ਜ਼ਲ ਦਾ ਇਹ ਸ਼ਿਅਰ ਲਿਖਿਆ ਤਾਂ ਉਦੋਂ ਮੈਨੂੰ ਬਾਲੀ ਰਹਿ-ਰਹਿ ਕੇ ਚੇਤੇ ਆਇਆ। ਉਸ ਦਾ ਪੂਰਾ ਨਾਂਅ ਤਾਂ ਇਕਬਾਲ ਸੀ ਪਰ ਪਿਆਰ ਨਾਲ ਸਾਰੇ ਉਸ ਨੂੰ ਬਾਲੀ ਹੀ ਕਹਿੰਦੇ। ਉਮਰੋਂ ਉਹ ਸਾਡੇ ਤੋਂ ਵੱਡਾ ਸੀ ਪਰ ਉਹ ਰਹਿੰਦਾ ਸਾਡਾ ਹਾਣੀ ਬਣ ਕੇ ਸੀ। ਹਾਕੀ ਦਾ ਕਮਾਲ ਦਾ ਖਿਡਾਰੀ ਸੀ ਉਹ, ਗੇਂਦ ਲੈ ਕੇ ਹਵਾ ਹੋ ਜਾਂਦਾ ਸੀ ਤੇ ਫੇਰ ਗੋਲ ਵਾਲਾ ਫੱਟਾ ਖੜਕਾ ਕੇ ਹੀ ਮੁੜਦਾ ਸੀ ਵਿਰੋਧੀ ਟੀਮ ਨੂੰ ਉਸ ਦਾ ਏਨਾ ਖੌਫ਼ ਹੁੰਦਾ ਸੀ ਤੇ ਉਨ੍ਹਾਂ ਦੀ ਸਿਰਫ਼ ਇਹੋ ਕੋਸ਼ਿਸ਼ ਹੁੰਦੀ ਸੀ ਕਿ ਛੇਤੀ ਕੀਤਿਆਂ ਗੇਂਦ ਬਾਲੀ ਕੋਲ ਨਾ ਜਾਵੇ। ਉਹ ਵਿਰੋਧੀ ਟੀਮ ਦੇ ਖਿਡਾਰੀਆਂ ਦਾ ਘੇਰਾ ਤੋੜਦਾ ਤੇ ਫਿਰ ਗੇਂਦ ਉਸ ਦੇ ਹੱਥੇ ਚੜ੍ਹ ਜਾਂਦੀ ਤਾਂ ਫਿਰ ਸਿੱਧੇ ਫੱਟੇ ਖੜਕਣ ਦੀ ਹੀ ਆਵਾਜ਼ ਆਉਂਦੀ ਤੇ ਦਰਸ਼ਕਾਂ ਦੀਆਂ ਤਾੜੀਆਂ ਤੇ ਕੂਕਾਂ ਨਾਲ ਅਸਮਾਨ ਵੀ ਗੂੰਜ ਉੱਠਦਾ।

ਖਿਡਾਰੀ ਤਾਂ ਉਹ ਕਮਾਲ ਦਾ ਹੈ ਈ ਸੀ ਪਰ ਉਸ ਤੋਂ ਵੀ ਵੱਡਾ ਉਹ ਇਨਸਾਨ ਸੀ, ਆਪਣੀ ਧਰਤੀ ਤੇ ਆਪਣੀ ਮਿੱਟੀ ਨਾਲ ਜੁੜਿਆ ਹੋਇਆ। ਨਿੱਕੀ ਉਮਰੇ ਹੀ ਉਸ ਨੂੰ ਲੋਕ ਸੇਵਾ ਦਾ ਐਸਾ ਝੱਸ ਪਿਆ ਕਿ ਉਹ ਆਪਣੇ ਜ਼ਰੂਰੀ ਕੰਮ ਕਾਜ ਛੱਡ ਕੇ ਵੀ ਲੋੜਵੰਦਾਂ ਦੀ ਮਦਦ ਲਈ ਪਹੁੰਚ ਜਾਂਦਾ।

ਘਰਦਿਆਂ ਦਾ ਉਹ ਇੱਕੋ-ਇੱਕ ਪੁੱਤ ਸੀ। ਉਸ ਦੇ ਬਾਪ ਦੀ ਕਰਿਆਨੇ ਦੀ ਦੁਕਾਨ ਸੀ, ਸੁੱਖ ਨਾਲ ਕਾਰੋਬਾਰ ਬਹੁਤ ਵਧੀਆ ਸੀ ਪਰ ਬਾਲੀ ਦੁਕਾਨ 'ਤੇ ਕਦੇ-ਕਦੇ ਹੀ ਬਹਿੰਦਾ। ਉਹ ਤਾਂ ਸਾਰਾ ਦਿਨ ਲੋਕਾਂ ਦੇ ਕੰਮਾਂ-ਕਾਰਾਂ ਵਿੱਚ ਹੀ ਗੁਆਚਿਆ ਰਹਿੰਦਾ। ਥਾਣੇ, ਕਚਹਿਰੀ ਵਿੱਚ ਵੀ ਉਸ ਦੇ ਬਹੁਤ ਜਾਣਕਾਰ ਸਨ, ਉਹ ਕਿਸੇ ਦਾ ਅੜਿਆ ਕੰਮ ਮਿੰਟਾਂ ਸਕਿੰਟਾਂ ਵਿੱਚ ਕਰਵਾ ਦਿੰਦਾ ਤੇ ਲੋਕ ਉਸ ਨੂੰ ਦੁਆਵਾਂ ਦਿੰਦੇ। ਉਸ ਦਾ ਬਾਪ ਵੀ ਬੜਾ ਨੇਕ ਇਨਸਾਨ ਸੀ, ਸਭ ਨੂੰ ਮਿੱਠਾ ਬੋਲਣ ਵਾਲਾ ਤੇ ਤੇਰਾਂ-ਤੇਰਾਂ ਤੋਲਣ ਵਾਲਾ। ਉਸ ਨੇ ਵੀ ਬਾਲੀ ਨੂੰ ਦੁਕਾਨ 'ਤੇ ਬਹਿਣ ਲਈ ਕਦੇ ਜ਼ੋਰ ਨਹੀਂ ਸੀ ਪਾਇਆ ਤੇ ਨਾ ਹੀ ਕਦੇ ਕੋਈ ਸ਼ਿਕਾਇਤ ਕੀਤੀ ਸੀ। ਬਾਪ ਸੋਚਦਾ, ਚਲੋ ਇੱਕੋ-ਇੱਕ ਪੁੱਤਰ ਹੈ, ਨਾਲੇ ਉਹ ਕਿਹੜਾ ਕੋਈ ਗ਼ਲਤ ਕੰਮ ਕਰਦਾ ਫਿਰਦਾ ਹੈ, ਉਹ ਤਾਂ ਲੋਕਾਂ ਦੇ ਭਲੇ ਲਈ ਹੀ ਭੱਜਿਆ ਰਹਿੰਦਾ ਹੈ। ਜਦੋਂ ਕਦੇ ਆਉਂਦੇ-ਜਾਂਦੇ ਲੋਕ, ਉਸ ਦੇ ਬਾਪ ਕੋਲ ਉਸਦੀਆਂ ਤਾਰੀਫ਼ਾਂ ਕਰਦੇ ਤਾਂ ਬਾਪ ਖੁਸ਼ ਹੁੰਦਾ ਤੇ ਵਾਹਿਗੁਰੂ ਦਾ ਸ਼ੁਕਰ ਕਰਦਾ। ਵਾਹਿਗੁਰੂ ਵਾਹਿਗੁਰੂ ਕਰਦਾ ਉਹ ਆਪਣੇ ਆਹਰ 'ਚ ਰੁੱਝਿਆ ਰਹਿੰਦਾ। ਸਭ ਕੁਝ ਠੀਕ-ਠਾਕ ਤਾਂ ਚੱਲ ਰਿਹਾ ਸੀ ਕਿ ਵਕਤ ਨੇ ਐਸੀ ਕਰਵਟ ਬਦਲੀ ਕਿ ਪੂਰਾ ਪੰਜਾਬ ਦਹਿਸ਼ਤ ਦੇ ਮਾਹੌਲ ਵਿੱਚ ਜਿਊਣ ਲਈ ਮਜਬੂਰ ਹੋ ਗਿਆ। ਹਨੇਰੀ ਐਸੀ ਚੜ੍ਹੀ ਕਿ ਏਸੇ ਦੌਰਾਨ ਹੀ ਬਲੂ ਸਟਾਰ ਅਪਰੇਸ਼ਨ ਹੋ ਗਿਆ। ਰੋਜ਼ ਹੀ ਕਰਫਿਊ ਲੱਗਣ ਲੱਗੇ। ਕਰਫਿਊ ਨੇ ਲੋਕਾਂ ਦੀ ਮੱਤ ਮਾਰ ਦਿੱਤੀ। ਸਾਰੇ ਸੋਚਦੇ ਕਿ ਕਦੋਂ ਕਰਫਿਊ ਖੁੱਲ੍ਹੇ ਤੇ ਉਹ ਛੇਤੀ ਛੇਤੀ ਦਰਬਾਰ ਸਾਹਿਬ ਪਹੁੰਚਣ। ਬਹੁਤ ਦਿਨਾਂ ਬਾਅਦ ਅਸੀਂ ਸਾਰੇ ਦੋਸਤ ਗਰਾਊਂਡ ਵਿੱਚ ਖੇਡਣ ਤੋਂ ਮਗਰੋਂ ਘਾਹ 'ਤੇ ਆਰਾਮ ਕਰ ਰਹੇ ਸਾਂ ਕਿ ਸਾਨੂੰ ਦੂਰੋਂ ਆਉਂਦਾ ਬਾਲੀ ਦਿਸਿਆ। ਅਕਸਰ ਤੇਜ਼ ਕਦਮੀਂ ਤੁਰਨ ਵਾਲਾ ਬਾਲੀ, ਅੱਜ ਇਉਂ ਤੁਰ ਰਿਹਾ ਸੀ ਜਿਵੇਂ ਲੰਮੇ ਸਮੇਂ ਤੋਂ ਬਿਮਾਰ ਬੰਦਾ ਥੋੜ੍ਹਾ-ਥੋੜ੍ਹਾ ਠੀਕ ਹੋਣ 'ਤੇ ਹੌਲੀ-ਹੌਲੀ ਤੁਰਦਾ ਹੈ। ਉਹ ਸਾਡੇ ਨੇੜੇ ਆਇਆ ਤਾਂ ਉਸ ਦਾ ਹਸੂੰ ਹਸੂੰ ਕਰਦਾ ਚਿਹਰਾ ਵੀ ਅੱਜ ਬੁਝਿਆ-ਬੁਝਿਆ ਜਿਹਾ ਸੀ। ਗੱਲਾਂ 'ਚੋਂ ਗੱਲ ਕੱਢ ਕੇ ਹੱਸਣ ਹਸਾਉਣ ਵਾਲਾ, ਨਿੱਕੀ-ਨਿੱਕੀ ਗੱਲ 'ਤੇ ਕਹਿਕਹੇ ਲਾਉਣ ਵਾਲਾ ਬਾਲੀ, ਅੱਜ ਉਦਾਸ? ਅਸੀਂ ਸਾਰੇ ਹੀ ਉਸ ਦੀ ਹਾਲਤ ਦੇਖ ਕੇ ਪ੍ਰੇਸ਼ਾਨ ਹੋ ਗਏ। ਉਹ ਚੁੱਪ ਕਰ ਕੇ ਸਾਡੇ ਨਾਲ ਘਾਹ 'ਤੇ ਬੈਠ ਗਿਆ, ਆਪਣੀਆਂ ਨਜ਼ਰਾਂ ਘੁਮਾ ਕੇ ਸਾਡੇ ਸਾਰਿਆਂ ਵੱਲ ਦੇਖਣ ਲੱਗਿਆ ਤੇ ਅਚਾਨਕ ਉਸ ਨੇ ਆਪਣੀ ਢਿੱਲੀ ਜਿਹੀ ਪੈਂਟ ਦੀ ਜੇਬ 'ਚੋਂ ਇੱਕ ਤਿੱਖਾ ਜਿਹਾ ਚਾਕੂ ਕੱਢਿਆ ਤੇ ਸਾਡੇ ਦੇਖਦਿਆਂ-ਦੇਖਦਿਆਂ ਜ਼ੋਰ ਨਾਲ ਧਰਤੀ 'ਚ ਗੱਡ ਦਿੱਤਾ ਤੇ ਗੁੱਸੇ ਵਿੱਚ ਬੋਲਿਆ, 'ਬਦਲਾ ਲਵਾਂਗੇ ਬਦਲਾ, ਜਿਨ੍ਹਾਂ ਜਾਬਰਾਂ ਨੇ ਸਾਡੀ ਧਰਤੀ ਦੀ ਹਿੱਕ ਪਾੜੀ ਐ ਨਾ, ਏਸੇ ਚਾਕੂ ਨਾਲ ਉਨ੍ਹਾਂ ਦੀਆਂ ਹਿੱਕਾਂ ਪਾੜਾਂਗੇ ਹਿੱਕਾਂ।' ਏਨਾ ਕਹਿੰਦਿਆਂ ਉਸ ਦਾ ਚਿਹਰਾ ਪੂਰਾ ਲਾਲ ਸੀ ਤੇ ਅੱਖਾਂ ਵਿੱਚ ਰੋਹ!' ਉਸ ਦੀ ਗੱਲ ਸੁਣ ਕੇ ਅਸੀਂ ਅੰਦਰੋਂ ਡਰ ਗਏ! ਉਮਰੋਂ ਨਿੱਕੇ ਹੋਣ ਕਰ ਕੇ ਸਾਡਾ ਉਸ ਤੋਂ ਕੁਝ ਪੁੱਛਣ ਜੇਰਾ ਹੀ ਨਾ ਪਿਆ! ਉਸ ਤੋਂ ਬਾਅਦ ਉਹ ਚੁੱਪ ਚਾਪ ਬੈਠਾ ਰਿਹਾ ਤੇ ਫਿਰ ਇੱਕਦਮ ਉਸ ਨੇ ਧਰਤੀ 'ਚ ਗੱਡਿਆ ਚਾਕੂ ਜ਼ੋਰ ਨਾਲ ਕੱਢਿਆ ਤੇ ਇਕੱਠਾ ਜਿਹਾ ਕਰਕੇ ਆਪਣੀ ਜੇਬ ਵਿੱਚ ਪਾ ਲਿਆ ਤੇ ਫਿਰ ਉਹ ਹੌਲੀ ਜਿਹੇ ਉੱਠਿਆ ਤੇ ਥੱਕੇ-ਥੱਕੇ ਕਦਮਾਂ ਨਾਲ ਤੁਰਦਾ ਸਾਡੀਆਂ ਅੱਖਾਂ ਤੋਂ ਓਝਲ ਹੋ ਗਿਆ ਤੇ ਅਸੀਂ ਹੈਰਾਨ-ਪ੍ਰੇਸ਼ਾਨ ਉਹ ਦੇ ਵੱਲ ਦੇਖਦੇ ਹੀ ਰਹਿ ਗਏ!

ਉਸ ਤੋਂ ਬਾਅਦ ਉਹ ਆਪਣੇ ਘਰੋਂ ਵੀ ਕਿਤੇ ਦੂਰ ਚਲਾ ਗਿਆ। ਇਸ ਦੀ ਕਿਸੇ ਨੂੰ ਕੋਈ ਖ਼ਬਰ ਨਹੀਂ ਸੀ ਕਿ ਉਹ ਕਿੱਥੇ ਗਿਆ ਹੈ। ਥੋੜ੍ਹੇ ਚਿਰਾਂ ਬਾਅਦ ਖ਼ਬਰ ਮਿਲੀ ਕਿ ਉਹ ਕਿਸੇ ਲਿਬਰੇਸ਼ਨ ਫੋਰਸ ਦਾ ਮੈਂਬਰ ਬਣ ਗਿਆ ਤੇ ਫਿਰ ਉਸ ਤੋਂ ਤਿੰਨ ਕੁ ਮਹੀਨਿਆਂ ਬਾਅਦ ਇੱਕ ਮਨਹੂਸ ਖ਼ਬਰ ਆਈ ਕਿ ਉਹ ਕਿਸੇ ਮੁਕਾਬਲੇ ਵਿੱਚ ਮਾਰਿਆ ਗਿਆ। ਉਸ ਦੀ ਮੌਤ ਦੀ ਖ਼ਬਰ ਸੁਣ ਕੇ ਮੈਂ ਥਾਵੇਂ ਹੀ ਸੁੰਨ ਹੋ ਗਿਆ ਤੇ ਮੇਰੀ ਤਾਂ ਧਾਹ ਨਿਕਲ ਗਈ। ਉਸ ਦਿਨ ਮੈਂ ਕਿੰਨਾ ਹੀ ਚਿਰ ਕਮਰੇ ਵਿੱਚ ਬੈਠਾ ਇਕੱਲਾ ਰੋਂਦਾ ਰਿਹਾ ਤੇ ਬਾਲੀ ਦਾ ਹੱਸਦਾ ਹਸਾਉਂਦਾ ਚਿਹਰਾ ਮੇਰੀਆਂ ਅੱਖਾਂ ਮੂਹਰੇ ਘੁੰਮਦਾ ਰਿਹਾ। ਅੱਜ ਵੀ ਸੋਚਦਾ ਹਾਂ ਕਿ ਉਸ ਲਾਲ ਹਨੇਰੀ ਨੇ ਮਾਪਿਆਂ ਦੇ ਕਿੰਨੇ ਜਵਾਨ ਪੁੱਤ ਖਾ ਲਏ, ਮਾਵਾਂ, ਧੀਆਂ ਤੇ ਭੈਣਾਂ ਦੀਆਂ ਚੀਕਾਂ ਅਣਸੁਣੀਆਂ ਹੀ ਰਹਿ ਗਈਆਂ। ਘਰਾਂ ਦੇ ਘਰ ਉੱਜੜ ਗਏ, ਕਿਸੇ ਕੋਲ ਕੋਈ ਲੇਖਾ-ਜੋਖਾ ਤੇ ਨਾ ਹੀ ਕੋਈ ਹਿਸਾਬ। ਅੱਜ ਚਿਰਾਂ ਬਾਅਦ ਜਦੋਂ ਮੈਂ ਇਹ ਸ਼ੇਅਰ ਲਿਖਿਆ ਤਾਂ ਮੇਰੀਆਂ ਅੱਖਾਂ ਮੂਹਰੇ ਬਾਲੀ ਦਾ ਹੱਸਦਾ ਚਿਹਰਾ ਆ ਗਿਆ। ਲੋੜਵੰਦਾਂ ਦੇ ਕੰਮਾਂ ਲਈ ਭੱਜਦਾ-ਭਜਾਉਂਦਾ,ਹਾਕੀ ਦੇ ਮੈਦਾਨ ਵਿੱਚ ਗੋਲ ਕਰਦਿਆਂ ਫੱਟੇ ਖੜਕਾਉਂਦਾ,ਦਰਸ਼ਕਾਂ ਤੋਂ ਵਾਹ-ਵਾਹ ਲੁੱਟਦਾ ਤੇ ਹੋਰ ਵੀ ਬੜਾ ਕੁਝ ਯਾਦ ਆ ਗਿਆ... ਮੇਰੀਆਂ ਅੱਖਾਂ ਫਿਰ ਨਮ ਹੋ ਗਈਆਂ ਤੇ ਅੰਦਰੋਂ ਇੱਕ ਆਵਾਜ਼ ਆਈ, 'ਭਾਵੇਂ ਤੂੰ ਸਾਡੇ ਵਿੱਚ ਨਹੀਂ ਰਿਹਾ ਬਾਲੀ, ਇਹੋ ਕੌੜੀ ਹਕੀਕਤ ਹੈ ਪਰ ਤੂੰ ਸਾਡੇ ਚੇਤਿਆਂ ਵਿੱਚ ਹਮੇਸ਼ਾ ਰਹੇਗਾ।'

# ਮਿੰਨੀ ਕਹਾਣੀਆਂ

## ਕੀਮਤ

**ਜਤਿੰਦਰ ਮੋਹਨ**



ਬੱਸ ਅੱਡੇ ਤੋਂ ਬੱਸ ਚੱਲੀ। ਬਹੁਤ ਜ਼ਿਆਦਾ ਭੀੜ ਨਹੀਂ ਸੀ। ਹੌਲੀ ਹੌਲੀ ਬੱਸ ਚਲਦੀ ਆਈ। ਇਹ ਸਫ਼ਰ ਬਹੁਤਾ ਨਹੀਂ ਸੀ, ਤੀਹ ਕੁ ਕਿਲੋਮੀਟਰ ਦਾ ਹੀ ਸੀ। ਵੱਖ- ਵੱਖ ਪਿੰਡਾਂ ਵਿੱਚੋਂ ਸਵਾਰੀਆਂ ਚੜ੍ਹਨ ਨਾਲ ਭੀੜ ਹੋ ਗਈ ਪਰ ਰਫ਼ਤਾਰ ਵਿੱਚ ਬਹੁਤਾ ਫ਼ਰਕ ਨਾ ਪਿਆ। ਹੁਣ ਮੇਰੇ ਸਟੇਸ਼ਨ 'ਤੇ ਪਹੁੰਚਣ ਵਿੱਚ ਬਹੁਤੀ ਦੇਰ ਨਹੀਂ ਸੀ ਲੱਗਣੀ ਕਿਉਂਕਿ ਦੂਰੀ ਅੱਠ ਕੁ ਕਿਲੋਮੀਟਰ ਹੀ ਸੀ। ਬਹੁਤ ਸਾਰੇ ਮੁਸਾਫ਼ਿਰ ਬੱਸ ਦੀ ਰਫ਼ਤਾਰ ਤੋਂ ਖ਼ੁਸ਼ ਨਹੀਂ ਸਨ।

ਕੋਈ ਕਹਿ ਰਿਹਾ ਸੀ, "ਯਾਰ, ਬੱਸ ਹੈ ਜਾਂ ਗੱਡਾ ਇੰਨੀ ਹੌਲੀ ਸਪੀਡ!"

"ਯਾਰ, ਇਹ ਪ੍ਰਾਈਵੇਟ ਵਾਲੇ ਤਾਂ ਕਰਦੇ ਹੀ ਇਹੀ ਕੰਮ ਨੇ।"

"ਨਹੀਂ ਕੋਈ ਟਾਈਮ ਤਾਂ ਹੋਊ?"

"ਪੁੱਛਣਾ ਚਾਹੀਦਾ ਹੈ ਕੰਡਕਟਰ ਤੋਂ।" ਵਿੱਚੋਂ ਹੀ ਕਿਸੇ ਨੇ ਕਿਹਾ। ਬੱਸ ਅੱਡੇ ਤੋਂ ਚੱਲ ਪਈ। ਕੰਡਕਟਰ ਟਿਕਟਾਂ ਕੱਟਦਾ ਕੱਟਦਾ ਆ ਗਿਆ ਤਾਂ ਇੱਕ ਮੁਸਾਫ਼ਿਰ ਨੇ ਪੁੱਛਿਆ, "ਯਾਰ, ਬਾਹਲਾ ਟਾਈਮ ਨੀਂ ਲਾ ਤਾ?" "ਭਰਾਵਾ, ਇੱਕ ਟਾਈਮ ਮੂਹਰੇ ਮਿਸ ਸੀ, ਇੱਕ ਪਿੱਛੇ ਮਿਸ ਐ, ਫਿਰ ਦੇਖਣਾ ਪੈਂਦੈ।"

ਮੁਸਾਫ਼ਿਰ ਚੁੱਪ ਕਰ ਗਿਆ। ਅਚਾਨਕ ਬਸ ਕੰਡਕਟਰ ਦੇ ਮੋਬਾਈਲ ਫੋਨ ਦੀ ਘੰਟੀ ਵੱਜੀ। ਉਸ ਨੇ ਚੁੱਕਿਆ ਤੇ ਕੋਈ ਗੱਲ ਕੀਤੀ। ਕੰਡਕਟਰ ਹੱਸਿਆ ਤੇ ਉਸ ਨੇ ਥੈਲੇ ਵਿੱਚੋਂ ਕੱਢ ਕੇ ਇੱਕ ਲੰਮੀ ਸੀਟੀ ਮਾਰੀ। ਮਸਤ ਤੋਰ ਤੁਰ ਰਿਹਾ ਡਰਾਈਵਰ ਸਮਝ ਗਿਆ। ਉਸ ਨੇ ਬੱਸ ਦੀ ਰਫ਼ਤਾਰ ਵਧਾ ਲਈ। ਹੁਣ ਇਹ ਬਹੁਤ ਤੇਜ਼ੀ ਨਾਲ ਜਾ ਰਹੀ ਸੀ। ਇੰਨੀ ਤੇਜ਼ ਰਫ਼ਤਾਰ ਕਿ ਸਭ ਸਵਾਰੀਆਂ ਹੈਰਾਨ ਹੋ ਗਈਆਂ। ਬੱਸ ਦੀ ਰਫ਼ਤਾਰ ਦੇਖ ਕੇ ਸੜਕ 'ਤੇ ਸਫ਼ਰ ਕਰਨ ਵਾਲੇ ਆਪਣੇ ਆਪ ਪਾਸੇ ਹੋ ਜਾਂਦੇ। ਉਹ ਡਰਦੇ ਸਨ। ਦੁਰਘਟਨਾ ਹੋਣ ਦਾ ਪੂਰਾ ਡਰ ਸੀ।

"ਡਰਾਈਵਰ ਸਾਹਿਬ ਏਨੀ ਕੀ ਕਾਹਲ ਐ? ਅਸੀਂ ਵੀ ਸਹੀ ਸਲਾਮਤ ਘਰੇ ਪਹੁੰਚਣੈ।" ਵਿੱਚੋਂ ਕਿਸੇ ਨੇ ਕਿਹਾ।

"ਨਾਲੇ ਕਹਿੰਦੇ ਹੋ ਇਹਨੂੰ ਚਲਾਉਣੀ ਨਹੀਂ ਆਉਂਦੀ,ਇਹ ਹੌਲੀ ਹੌਲੀ ਤੋਰਦੈ।" ਡਰਾਈਵਰ ਨੇ ਕਿਹਾ ਤਾਂ ਲੋਕ ਡਰਦੇ ਮਾਰੇ ਇਧਰ ਉਧਰ ਦੇਖਣ ਲੱਗੇ। ਥੋੜ੍ਹਾ ਜਿਹਾ ਪੈਂਡਾ ਹੀ ਮੁਹਾਲ ਲੱਗ ਰਿਹਾ ਸੀ। ਅਚਾਨਕ ਵਧੀ ਰਫ਼ਤਾਰ ਤੋਂ ਦੁਖੀ ਹੋ ਕੇ ਮੈਂ ਨਾਲ ਬੈਠੇ ਸੱਜਣ ਤੋਂ ਪੁੱਛਿਆ, "ਇਕਦਮ ਸਪੀਡ ਕਿਵੇਂ ਵਧ ਗਈ ਭਾਈ ਸਾਹਿਬ?" ਉਸ ਨੇ ਉੱਤਰ ਦਿੱਤਾ, "ਭਾਈ ਸਾਹਿਬ, ਸਾਡਾ ਤਾਂ ਰੋਜ਼ ਦਾ ਹੀ ਵਾਹ ਹੈ। ਇਹ ਜਦੋਂ ਇਸ ਅੱਡੇ ਤੋਂ ਚਲਦੇ ਨੇ ਤਾਂ ਏਦਾਂ ਹੀ ਭਜਾਉਂਦੇ ਨੇ।"

"ਕਿਉਂ?"

"ਕਿਉਂਕਿ ਅੱਗੇ ਦੂਜੀ ਬੱਸ ਖੜ੍ਹੀ ਹੁੰਦੀ ਹੈ। ਉਹ ਇਨ੍ਹਾਂ ਨੂੰ ਕਰਾਸ ਦੇਣ ਬਦਲੇ ਪੈਸੇ ਦਿੰਦੇ ਹਨ।" "ਅੱਛਾ।"

ਮੈਂ ਸਮਝ ਗਿਆ। ਥੋੜ੍ਹੇ ਸਮੇਂ ਵਿੱਚ ਬੱਸ ਅਗਲੇ ਅੱਡੇ 'ਤੇ ਪਹੁੰਚ ਗਈ। ਸਵਾਰੀਆਂ ਉਤਰ ਕੇ ਅਗਲੀ ਤਿਆਰ ਖੜ੍ਹੀ ਬੱਸ ਵਿੱਚ ਚੜ੍ਹਨ ਲੱਗੀਆਂ। ਦੋਵੇਂ ਬੱਸਾਂ ਦੇ ਕੰਡਕਟਰਾਂ ਨੇ ਇੱਕ ਦੂਜੇ ਨੂੰ ਜੱਫੀ ਪਾਈ ਤੇ ਇੱਕ ਦੂਜੇ ਪ੍ਰਤੀ ਸਨੇਹ ਪ੍ਰਗਟ ਕੀਤਾ। ਬੱਸ ਦਾ ਡਰਾਈਵਰ ਹੱਸ ਰਿਹਾ ਸੀ। ਸਾਹਮਣੇ ਵਾਲੀ ਬੱਸ ਦੇ ਕੰਡਕਟਰ ਨੇ ਸਾਡੇ ਵਾਲੀ ਬੱਸ ਦੇ ਕੰਡਕਟਰ ਨੂੰ 200 ਦਾ ਨੋਟ ਫੜਾਇਆ ਤਾਂ ਉਹ ਖ਼ੁਸ਼ ਹੋ ਗਿਆ। ਮੈਂ ਤੇ ਮੇਰੇ ਨਾਲ ਬੈਠਾ ਸੱਜਣ ਉੱਥੇ ਖੜ੍ਹੇ ਦੇਖ ਰਹੇ ਸਾਂ। ਉਸ ਨੇ ਮੈਨੂੰ ਦੱਸਿਆ, "ਭਾਈ ਸਾਹਿਬ, ਇਨ੍ਹਾਂ ਬੱਸਾਂ ਵਿੱਚ ਚੜ੍ਹੇ ਬਿਨਾਂ ਸਰਦਾ ਨਹੀਂ ਪਰ ਜਦ ਇਹ ਕਰਾਸ ਦੇਣ ਵੇਲੇ ਬੱਸ ਭਜਾਉਂਦੇ ਹਨ ਤਾਂ ਉਸੇ ਵੇਲੇ ਬੱਸ ਦੀਆਂ 50-60 ਸਵਾਰੀਆਂ ਦੀ ਕੀਮਤ ਮਹਿਜ਼ 200 ਰੁਪਏ ਹੀ ਹੁੰਦੀ ਹੈ।" "ਬਿਲਕੁਲ।" ਮੈਂ ਕਿਹਾ। ਮੇਰੇ ਮਨ 'ਤੇ ਡੂੰਘੀ ਸੱਟ ਲੱਗੀ।

## ਅਜ਼ੀਜ਼

**ਰਛਪਾਲ ਸਿੰਘ ਰੈਸਲ**

ਮੇਰਾ ਮਨਭਾਉਂਦਾ ਸਾਹਿਤਕਾਰ ਆਪਣੇ ਚਹੇਤਿਆਂ ਨੂੰ ਉਸ ਦੀ ਆਪਣੀ ਨਵੀਂ ਛਪੀ ਕਿਤਾਬ ਤੋਹਫ਼ੇ ਵਜੋਂ ਭੇਟ ਕਰ ਰਿਹਾ ਸੀ। ਉਸ ਨੇ ਆਪਣੇ ਨਾਲ ਲਿਆਂਦੀਆਂ ਕਿਤਾਬਾਂ ਦੀ ਆਖਰੀ ਕਾਪੀ ਹਵਾ 'ਚ ਉਲਾਰਦਿਆਂ ਪੁੱਛਿਆ, 'ਆਹ ਕਿਸਨੂੰ ਦਈਏ।' ਮੈਂ ਹੌਸਲਾ ਜਿਹਾ ਕਰਕੇ ਅੱਗੇ ਜਾ ਕੇ ਹੱਸਦਿਆਂ ਕਿਹਾ, 'ਇਹ ਤੁਸੀਂ ਮੈਨੂੰ ਦੇ ਦਿਓ ਜੀ।' ਉਸ ਹੱਥ ਪਿੱਛੇ ਖਿੱਚਦਿਆਂ ਕਿਹਾ, 'ਨਹੀਂ ਇਹ ਮੈਂ ਆਪਣੇ ਕਿਸੇ ਅਜ਼ੀਜ਼ ਨੂੰ ਦੇਣੀ ਹੈ।' ਗੱਲਾਂ ਕਰਦਿਆਂ-ਕਰਦਿਆਂ ਉਹ ਇਨਸਾਨ ਵੀ ਆ ਗਿਆ ਜਿਸ ਬਾਰੇ ਉਹ ਗੱਲ ਕਰ ਰਿਹਾ ਸੀ। ਉਸ ਕਿਤਾਬ ਆਪਣੇ ਅਜ਼ੀਜ਼ ਨੂੰ ਦੇ ਦਿੱਤੀ ਤੇ ਉਸ ਇਨਸਾਨ ਨੇ ਮੇਰੇ ਸਾਹਮਣੇ ਹੀ ਕਿਤਾਬ ਆਪਣੀ ਕਾਰ ਦੀ ਡਿੱਗੀ ਵਿੱਚ ਰੱਖ ਦਿੱਤੀ। ਤਕਰੀਬਨ ਮਹੀਨੇ ਕੁ ਬਾਅਦ ਅਸੀਂ ਫ਼ਿਰ ਇਕੱਠੇ ਹੋਏ ਤਾਂ ਉਸ ਅਜ਼ੀਜ਼ ਦੀ ਗੱਡੀ 'ਚ ਪਈ ਉਸੇ ਕਿਤਾਬ 'ਤੇ ਮੇਰੀ ਨਜ਼ਰ ਪਈ ਜਿਸ ਉੱਤੇ ਧੂੜ ਜੰਮ ਗਈ ਸੀ।

## ਮੱਝ ਬਨਾਮ ਮੋਬਾਈਲ

**ਰਾਜ ਕੌਰ ਕਮਾਲਪੁਰ**

ਪੇਕਿਆਂ ਤੋਂ ਭਰਾ ਦਾ ਫੋਨ ਸੀ। ਭਰਾ ਭੈਣ ਨੂੰ ਦੱਸ ਰਿਹਾ ਸੀ, "ਭੈਣ! ਆਪਾਂ ਨਵੀਂ ਮੱਝ ਖਰੀਦੀ ਐ।"

"ਅੱਛਾ! ਚੰਗਾ ਕੀਤਾ। ਵਧਾਈਆਂ ਹੋਣ! ਸੁਣਿਆ ਏ... ਹੁਣ ਤਾਂ ਮੱਝਾਂ ਦੇ ਭਾਅ ਵੀ ਆਸਮਾਨੀਂ ਚੜ੍ਹ ਰਹੇ ਨੇ? ਭੈਣ ਨੇ ਪੁੱਛਿਆ। ਹਾਂ ਰੇਟ ਤਾਂ ਬਥੇਰਾ ਏ। ਪੂਰਾ ਇੱਕ ਲੱਖ ਅੱਠ ਹਜ਼ਾਰ ਰੁਪਏ ਲੱਗ ਗਿਆ।" ਭਰਾ ਨੇ ਵੀ ਮਹਿੰਗਾਈ ਦਾ ਜ਼ਿਕਰ ਕਰਦਿਆਂ ਦੱਸਿਆ।

ਦੁੱਧ ਤਾਂ ਵਧੀਆ ਦਿੰਦੀ ਹੋਣੀ ਏ?" ਭੈਣ ਨੇ ਫੇਰ ਪੁੱਛਿਆ। ਹਾਂ! ਦੁੱਧ ਤਾਂ ਵਧੀਆ ਦਿੰਦੀ ਐ ... ਅੱਠ-ਦਸ ਕਿਲੋ ਹੈਗਾ। ਹੋਰ ਵੀ ਵਧ ਜਾਵੇਗੀ। ਅਜੇ ਤਾਂ ਸੱਜਰ ਸੂਈ ਏ। ਭੈਣ ਨੇ ਭਰਾ ਨੂੰ ਕਿਹਾ, "ਚਲੋ ਚੰਗਾ ਕੀਤਾ। ਸਾਰਾ ਟੱਬਰ ਘਰ ਦਾ ਦੁੱਧ ਪੀਵੇਗਾ। ਇੱਥੇ ਪੈਸਾ ਲੱਗਿਆ ਦੁਖਦਾ ਨਹੀਂ।

ਦੂਜੇ-ਤੀਜੇ ਦਿਨ ਫਿਰ ਵੀਰ ਦਾ ਫੋਨ ਆਇਆ, ਭੈਣ, ਖੁਸ਼ਖਬਰੀ ਐ।" ਭੈਣ ਨੇ ਕਾਹਲੀ ਨਾਲ ਪੁੱਛਿਆ, "ਛੇਤੀ ਦੱਸ ਵੀਰਾ!" ਅਸਲ ਵਿੱਚ ਪੇਕਿਆਂ ਦੀ ਗੱਲ ਦਾ ਚਾਅ ਹੀ ਏਨਾ ਹੁੰਦਾ ਹੈ।

ਭੈਣ ...ਤੇਰੇ ਵੀਰ ਨੇ ਸਵਾ ਲੱਖ ਰੁਪਏ ਦਾ ਮੋਬਾਈਲ ਲਿਆ ਏ। ਸਵਾ ਲੱਖ? ..ਲੈ ਦੱਸ !ਸਵਾ ਲੱਖ ਨੂੰ.. ਇਹਨੇ ਕਿਹੜਾ ਦੁੱਧ ਦੇਣੈ? ਤੇਰੇ ਤੋਂ ਇੱਕ ਮੱਝ ਹੋਰ ਨਾ ਖਰੀਦੀ ਗਈ? ਸਾਰਾ ਟੱਬਰ ਰੱਜ-ਰੱਜ ਦੁੱਧ ਪੀਂਦਾਂ, ਨਾਲੇ ਅਜੇ ਪੈਸੇ ਬਚਦੇ। ਇਹਨੇ ਤਾਂ ਸਗੋਂ ਹੋਰ ਪੈਸਾ ਖਾਣਾ ਏ।"

ਭਰਾ ਨੇ ਹੀ ਹੀ ਕਰ ਕੇ ਫੋਨ ਕੱਟ ਦਿੱਤਾ।

## ਸਿਆਣੇ ਦਾ ਕਿਹਾ ਤੇ ਔਲੇ ਦਾ ਖਾਧਾ

**ਰਜਵਿੰਦਰ ਪਾਲ ਸ਼ਰਮਾ**

ਸਾਮਾਨ ਨਾਲ ਭਰੀ ਟਰਾਲੀ ਦੇਖ ਜਗਤਾਰ ਦਾ ਪਿਤਾ ਮੰਗਲ ਸਿੰਘ ਕਹਿਣ ਲੱਗਿਆ, "ਪੁੱਤ ਵਜ਼ਨ ਘੱਟ ਪਾ ਲਿਆ ਕਰ। ਕੁੱਝ ਨਹੀਂ ਹੁੰਦਾ, ਦੋ ਰੁਪਏ ਘੱਟ ਬਣ ਜਾਣਗੇ।" "ਬਾਪੂ ਤੂੰ ਐਵੈਂ ਨਾ ਕਰੀ ਜਾਇਆ ਕਰ, ਚੁੱਪ ਕਰਕੇ ਬਹਿ ਜਾ।" ਜਗਤਾਰ ਨੇ ਗੁੱਸੇ ਵਿੱਚ ਬਾਪੂ ਨੂੰ ਕਿਹਾ। ਅਗਲੇ ਦਿਨ ਜਦੋਂ ਜਗਤਾਰ ਟਰਾਲੀ ਘਰੋਂ ਬਾਹਰ ਕੱਢਣ ਲੱਗਿਆ ਤਾਂ ਭਾਰ ਜ਼ਿਆਦਾ ਹੋਣ ਕਰਕੇ ਟਰਾਲੀ ਮਿੱਟੀ ਵਿੱਚ ਬੈਠ ਗਈ। ਬਹੁਤ ਜ਼ੋਰ ਅਜ਼ਮਾਇਸ਼ ਕੀਤੀ ਪਰ ਟਰਾਲੀ ਨਾ ਨਿਕਲੀ। ਹਾਰ ਕੇ ਇੱਕ ਹੋਰ ਖਾਲੀ ਟਰਾਲੀ ਮੰਗਵਾ ਕੇ ਭਰੀ ਟਰਾਲੀ ਦਾ ਵਜ਼ਨ ਘੱਟ ਕੀਤਾ, ਫ਼ਿਰ ਕਿਤੇ ਜਾ ਕੇ ਟਰਾਲੀ ਬਾਹਰ ਨਿਕਲੀ। ਬੈਠਕ ਵਿੱਚ ਬੇਵੱਸ ਪਿਆ ਮੰਗਲ ਸਿੰਘ ਇਹ ਸਾਰਾ ਕੁੱਝ ਦੇਖ ਰਿਹਾ ਸੀ। ਮਨ ਵਿੱਚ ਸੋਚਣ ਲੱਗਿਆ, ਪਹਿਲਾਂ ਹੀ ਜ਼ੇਕਰ ਵਜ਼ਨ ਟਰਾਲੀ ਦੇ ਹਿਸਾਬ ਨਾਲ ਪਾ ਲਿਆ ਜਾਂਦਾ ਤਾਂ ਆਹ ਜੋ ਖੱਜਲ-ਖੁਆਰੀ ਸਵੇਰ ਦੀ ਹੋਈ ਆ ਇਹ ਨਾ ਹੁੰਦੀ। ਚਲੋ ਭਾਈ ਕੀ ਕੀਤਾ ਜਾ ਸਕਦਾ। ਸਿਆਣੇ ਦਾ ਕਿਹਾ ਤੇ ਔਲੇ ਦਾ ਖਾਧਾ ਬਾਅਦ ਵਿੱਚ ਹੀ ਪਤਾ ਲੱਗਦੈ।

# ਕਾਵਿ ਸੰਸਾਰ



## ਚੁੱਪ ਦਾ ਜੰਗਲ

**ਸਰਬਜੀਤ ਕੌਰ ਜੱਸ**

ਜਦੋਂ ਦਾ ਸਾਡੇ ਹੋਠਾਂ ’ਤੇ
ਚੁੱਪ ਦਾ ਜੰਗਲ ਉੱਗ ਆਇਆ ਹੈ
ਸਾਡੀਆਂ ਜ਼ੁਬਾਨਾਂ ’ਤੇ ਹੀ ਪਥਰਾਅ ਗਈਆਂ ਨੇ
ਤਸੀਹੇ ਸਹਿੰਦੀਆਂ ਰੀਝਾਂ ਦੀਆਂ ਚੀਕਾਂ
ਕੇਹਾ ਜੰਗਲ ਹੈ
ਜਿਸਦੇ ਪੱਤੇ-ਪੱਤੇ ’ਚੋਂ ਚੋਂਦਾ ਹੈ
ਦਰਦ ਦਾ ਹੰਝੂ
ਜਿਸਦੀਆਂ ਟਹਿਣੀਆਂ ਨੂੰ ਪੈਂਦੇ ਨੇ
ਪੀੜਾਂ ਦੇ ਕੜਵੱਲ
ਜਿਸਦੇ ਸੰਘਣੇ ਹਨ੍ਹੇਰੇ ’ਚ ਗੁਆਚ ਗਿਆ
ਚਾਨਣ ਦਾ ਬੀਜ
ਤੇ ਅਸੀਂ ਬੇਸਮਝ
ਕੋਹਲੂ ਦੇ ਬੈਲ ਵਾਂਗ
ਗਲ਼ ’ਚ ਲਮਕਾਈ
ਰੁਝੇਵਿਆਂ ਦੀਆਂ ਟੱਲੀਆਂ
ਟੁਣ-ਟੁਣ ਕਰਦੇ
ਹੋਠਾਂ ’ਤੇ ਫੈਲੇ ਚੁੱਪ ਦੇ ਅਰਥਾਂ ਨੂੰ
ਗੂੰਗੇ ਬੋਲਾਂ ਜਿਹੇ
ਮਹਾਂਨਗਰਾਂ ’ਚ ਭਾਲਦੇ ਫਿਰਦੇ ਹਾਂ
ਅਸੀਂ ਆਧੁਨਿਕ ਮਸ਼ੀਨੀ ਲੋਕ
ਅਸੰਭਵ ਨੂੰ ਸੰਭਵ ਬਣਾਉਣ ਵਾਲੇ
ਖ਼ੁਦ ਨੂੰ ਰੱਬ ਅਖਵਾਉਣ ਵਾਲੇ
ਕਰ ਨਹੀਂ ਸਕੇ
ਪੱਥਰ ਬਣੇ ਚੁੱਪ ਦੇ ਜੰਗਲ ਨੂੰ
ਝੂਮਣ ਲਾਉਣ ਦੀ ਕਰਾਮਾਤ
ਆਖ਼ਿਰ ਕਦੋਂ ਤੱਕ
ਇਸ ਚੁੱਪ ਦੇ ਜੰਗਲ ’ਚ ਕੈਦ ਹੋ
ਭੁੱਲ-ਭੁਲੱਈਆਂ ਦੀ ਖੇਡ ਖੇਡਦੇ ਰਹਾਂਗੇ
ਸੂਝ ਦੀ ਕੋਈ ਛੜ ਘੁਮਾਈਏ
ਚੁੱਪ ਦੇ ਮਾਤਮ ਨੂੰ ਗਲ਼ੋਂ ਲਾਹਈਏ
ਅਲਫ਼ਾਜ਼ ਨੂੰ ਗਹਿਣਾ ਬਣਾ ਪਹਿਨੀਏ
ਸਜੀਏ, ਸੰਵਰੀਏ
ਚੁੱਪ ਦੇ ਜੰਗਲ ’ਚੋਂ ਬਾਹਰ ਨਿਕਲੀਏ
ਤੁਰ ਪਈਏ
ਸੱਚੇ-ਸੁੱਚੇ ਬੋਲਾਂ ਦੇ ਰਸਤੇ ’ਤੇ!

## ਕੁਦਰਤ ਨਾਲ਼ ਜੁੜ ਜਾਈਏ...

**ਸੰਜੀਵ ਧਰਮਾਣੀ**



ਆਓ ! ਮਨ ਲਗਾ ਕੇ
ਕੁਝ ਪੌਦੇ ਲਗਾ ਲਈਏ ,
ਆਓ ! ਲਗਾਏ ਪੌਦਿਆਂ ਨੂੰ
ਬੱਚਿਆਂ ਵਾਂਗੂੰ ਪਾਲ਼ ਲਈਏ ,
ਆਓ ! ਸਭ ਕੁਝ ਭੁਲਾ ਕੇ
ਕੁਦਰਤ ਨਾਲ਼ ਜੁੜ ਜਾਈਏ ।

ਆਓ ! ਪੰਛੀਆਂ - ਪਰਿੰਦਿਆਂ ਤੇ ਜਾਨਵਰਾਂ ਲਈ
ਦਾਣਾ - ਪਾਣੀ ਭੋਜਨ ਪਾ ਦੇਈਏ ,
ਆਓ ! ਇਨ੍ਹਾਂ ਦੀ ਭੁੱਖ - ਪਿਆਸ ਮਿਟਾ ਦੇਈਏ ,
ਆਓ ! ਕੁਝ ਪਲ ਲਈ
ਅਦਭੁੱਤ ਨਿਆਰੀ ਕੁਦਰਤ ਨਾਲ਼ ਜੁੜ ਜਾਈਏ।

ਸਮਾਂ ਕੁਝ ਕੱਢ ਕੇ
ਚੰਨ - ਤਾਰਿਆਂ ਨੂੰ ਤੱਕੀਏ ,
ਬੂਟ - ਜੁਰਾਬਾਂ ਖੋਲ੍ਹ
ਪੈਰ ਧਰਤੀ ’ਤੇ ਰੱਖੀਏ ,
ਅਸਲ ਸੁੱਖ - ਸਕੂਨ ਵੱਲ ਮੁੜ ਜਾਈਏ
ਆਓ ! ਕੁਦਰਤ ਨਾਲ਼ ਜੁੜ ਜਾਈਏ ।

ਦਾਤਣ ਦੀ ਵਰਤੋਂ ਕਰਕੇ
ਖੂਹਾਂ ਤੋਂ ਪਾਣੀ ਭਰਕੇ
ਵਿਰਸੇ ਵੱਲ ਫਿਰ ਆ ਜਾਈਏ ,
ਸੱਥਾਂ ਵਿੱਚ ਪਾ ਕੇ ਸਾਝਾਂ
ਦਿਲ ਦੀਆਂ ਰਮਜ਼ਾਂ ਸੁਣਾ ਜਾਈਏ ,
ਆਓ ! ਕੁਦਰਤ ਵੱਲ ਆ ਜਾਈਏ ।

ਕਰਕੇ ਸਵੇਰ ਦੀ ਸੈਰ
ਭੁਲਾ ਕੇ ਮਨ - ਮੁਟਾਵ ਤੇ ਵੈਰ ,
ਤੰਦਰੁਸਤੀ ਤੇ ਭਾਈਚਾਰਕਤਾ ਵੱਲ ਆ ਜਾਈਏ,
ਆਓ ! ਕੁਦਰਤ ਵੱਲ ਮੁੜ ਕੇ
ਕੁਦਰਤ ਨਾਲ਼ ਜੁੜ ਕੇ
ਕੁਦਰਤ ਨਾਲ਼ ਪਿਆਰ ਪਾ ਜਾਈਏ ।

## ਹਕੀਕਤ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308

ਹਕੀਕਤ ਤਾਂ ਅੰਤ ਉੱਘੜੇਗੀ ਹੀ,
ਤੂੰ ਸੱਚ ਨੂੰ ਮੰਨ ਜਾਂ ਨਾ ਮੰਨ ਬਈ।
ਸਰਵਰ ਤਾਂ ਭਰ ਕੇ ਉੱਛਲੇਗਾ ਹੀ,
ਤੂੰ ਬਾਨ੍ਹਣੂੰ ਬੰਨ੍ਹ ਜਾਂ ਨਾ ਬੰਨ੍ਹ ਬਈ।

ਸੱਚੀ ਗੱਲ ਤਾਂ ਕੌੜੀ ਹੀ ਹੈ,
ਗਲੇ ਚੋਂ ਲੰਘਣੀ ਹੈ ਬੜੀ ਔਖੀ,
ਲੱਖ ਤੂੰ ਕੋਸ਼ਿਸ ਕਰ ਕੇ ਭਾਵੇਂ,
ਜ਼ਹਿਰ ਨੂੰ ਬਣਾ ਕਲਾਕੰਦ ਬਈ।

ਖੂਹ ਵਿੱਚ ਮਾਰੀ ਹਰ ਬੜ੍ਹਕ ਦਾ,
ਜਵਾਬ ਬਰਾਬਰ ਮਿਲਦਾ ਹੈ,
ਸੁਣਨੇ ਦੀ ਹਿੰਮਤ ਰੱਖ ਬੱਲਿਆ,
ਖੁਲ੍ਹੇ ਰੱਖ ਆਪਣੇ ਕੰਨ ਬਈ।

ਆਊਂ ਬਤਾਊਂ ਕਰ ਲੱਖ ਵਾਰੀ,
ਭਾਵੇਂ ਨੌਂ ਤੇਆਂ ਬਾਈ ਕਰ ਤੂੰ,
ਸੱਤੀਂ ਵੀਹੀਂ ਸੌ ਗਿਣ ਕੇ ਭਾਵੇਂ,
ਚਾੜ੍ਹੀ ਜਾਹ ਨਵਾਂ ਚੰਨ ਬਈ।

ਨੌਸਰਾਂ ਸਦਾ ਹੀ ਨਹੀਂ ਪੁੱਗਦੀਆਂ,
ਨਾ ਹੀ ਹੋਣ ਪੌਂ ਬਾਰਾਂ ਹਰ ਦਮ,
ਤਿੰਨ ਕਾਣੇ ਤੇਰੇ ’ਤੇ ਹੱਸਣ,
ਐਵੇਂ ਨਾ ਰਹਿ ਪਰਸੰਨ ਬਈ।

ਕਹਿੰਦੇ ਝੂਠ ਦੇ ਪੈਰ ਨਹੀਂ ਹੁੰਦੇ,
ਭਾਵੇਂ ਕਿੰਨੇ ਪੜਦੇ ਕੋਈ ਪਾਵੇ,
ਦੁਨੀਆ ਨੂੰ ਧੋਖੇ ਵਿੱਚ ਰੱਖ ਕੇ,
ਨਾ ਕਰਾ ਫੋਕੀ ਧੰਨ ਧੰਨ ਬਈ।

ਗੁਰੂ ਪੀਰ ਬਹੁਤ ਕੁੱਛ ਕਹਿ ਗਏ,
ਤੈਨੂੰ ਪੈਰ ਪੈਰ ’ਤੇ ਸਦੀਆਂ ਤੋਂ,
ਜੇ ਹਾਲੇ ਵੀ ਸਮਝ ਨਹੀਂ ਆਈ,
ਤਾਂ ਭਰਨਾ ਪਊਗਾ ਡੰਨ ਬਈ।

ਕੀਤੀ ਦਾ ਫਲ ਇੱਥੇ ਹੀ ਹੈ,
ਨਰਕ, ਸਵਰਗ ਵੀ ਇੱਥੇ ਹੀ,
ਨਾ ਰਹਿ ਕਿਸੇ ਭੁਲੇਖੇ ਵਿੱਚ ਤੂੰ,
ਇਸ ਤਰਕ ਨੂੰ ਦਿਲ ਤੋਂ ਮੰਨ ਬਈ।

## ਇਹ ਪੱਤਝੜ ਦੀ ਤੇਜ਼ ਹਵਾ, ਇਹ ਮੌਸਮ ਬੇਇਤਬਾਰੀ ਦਾ

**ਸੁਰਜੀਤ ਸਖੀ**



ਇਹ ਪੱਤਝੜ ਦੀ ਤੇਜ਼ ਹਵਾ, ਇਹ ਮੌਸਮ ਬੇਇਤਬਾਰੀ ਦਾ।
ਬਿਨ ਦਸਤਕ ਟੱਪ ਔਣ ਵਰੋਲੇ, ਬੂਹਾ ਚਾਰਦੀਵਾਰੀ ਦਾ।
ਮੈਂ ਤਾਂ ਆਪਣਾ ਖ਼ੂਨ ਵਹਾ ਕੇ, ਧੋਵਾਂ ਚਿਹਰੇ ਫੁੱਲਾਂ ਦੇ,
ਮੈਂ ਕੀ ਜਾਣਾਂ, ਬਾਗੀਂ ਲੱਗੀਆਂ, ਨਜ਼ਰਾਂ ਕਿਵੇਂ ਉਤਾਰੀ ਦਾ।
ਸਿਮ੍ਰਤੀਆਂ ਵਿੱਚ ਜੰਗਲ ਵੱਸਦਾ, ਲੋਕੀਂ ਬਣੇ ਮਸ਼ੀਨਾਂ ਵਾਂਗ,
ਜਿਓਂ ਪਿੰਜਰੇ ਦਾ ਪੰਛੀ ਕੋਈ, ਸੁਪਨਾ ਲਵੇ ਉਡਾਰੀ ਦਾ।
ਮੀਂਹ , ਗਰਦਿਸ਼, ਤੂਫ਼ਾਨ, ਹਨ੍ਹੇਰੀ ਤੇਰੇ ਸਿਰ ਤੋਂ ਲੰਘੇ ਨੇ,
ਮਿੱਤਰਾ , ਫਿਰ ਵੀ ਝੰਮ ਝੰਮ ਕਰਦਾ, ਰੰਗ ਤੇਰੀ ਫੁਲਕਾਰੀ ਦਾ।
ਉਹ ਤੇ ਉਸ ਦੇ ਜੰਗਲ ਪਰਬਤ,ਦਿਲ ਦੇ ਅੰਦਰ ਰਹਿੰਦੇ ਨੇ,
ਫ਼ੁਰਸਤ ਦਾ ਹਰ ਪਲ ਪਲ ਅੱਜ ਕੱਲ੍ਹ, ਉਸ ਦੇ ਨਾਲ ਗੁਜ਼ਾਰੀ ਦਾ।

## .ਗ਼ਜ਼ਲ

**ਰਣਜੀਤ ਸਰਾਂਵਾਲੀ**

ਸ਼ਿਅਰਾਂ ਵਿੱਚ ਗਹਿਰਾਈ ਲਈ ਖ਼ੁਦ ਗਹਿਰਾ ਹੋਇਆ ਹੋਵੇ
ਅੱਥਰੂਆਂ ਦੇ ਜ਼ਿਕਰ ਤੋਂ ਪਹਿਲਾਂ ਸ਼ਾਇਰ ਰੋਇਆ ਹੋਵੇ
ਨੈਣਾਂ ਵਿਚਲੇ ਧੁੰਦਲਕੇ ਨੂੰ ਪਾਸੇ ਕਰ ਕੇ ਭਾਲ਼ੀਂ
ਜਿਸ ਲਈ ਭੱਜਿਆ ਫਿਰਦੈਂ ਸ਼ਾਇਦ ਕਿਤੇ ਖਲੋਇਆ ਹੋਵੇ
ਐਨੇ ਥਾਈਂ ਵਗਦਾ ਹੈ ਜੋ ਸੂਹੇ ਰੰਗ ਦਾ ਪਾਣੀ
ਹੋ ਸਕਦੈ ਸਿਆਸਤ ਨੇ ਅਪਣਾ ਚਿਹਰਾ ਧੋਇਆ ਹੋਵੇ
ਸਫ਼ਰ ’ਚ ਲੋੜੋਂ ਵੱਧ ਸਮਾਨ ਉਠਾਉਂਦੇ ਨਈਓਂ ਜਿਹੜੇ
ਤੁਰਨੋਂ ਪਹਿਲਾਂ ਖ਼ਬਰੇ ਉਨ੍ਹਾਂ ਕੀ ਕੀ ਢੋਇਆ ਹੋਵੇ
ਦੁਨੀਆ ਦਾ ਹਰ ਰਿਸ਼ਤਾ ਧੌਣ ਝੁਕਾਉਂਦਾ ਹੈ ਖ਼ੁਸ਼ ਹੋ ਕੇ
ਬੰਦੇ ਕੋਲ਼ੇ ਸਮਝੌਤਿਆਂ ਦਾ ਹਾਰ ਪਰੋਇਆ ਹੋਵੇ

## .ਗ਼ਜ਼ਲ

**ਗੁਰਮੀਤ ਸਿੰਘ ਸੋਹੀ**

ਜੋ ਦਮ ਭਰਦੇ ਨੇ ਸਾਥ ਨਿਭਾਉਣ ਦਾ
ਉਨ੍ਹਾਂ ਦੇ ਵਾਅਦੇ ਨਹੀਂ ਝੂਠੇ ਲਾਰੇ ਹੁੰਦੇ
ਜੋ ਮਜ਼ਹਬਾਂ ਜਾਤਾਂ ਪਿੱਛੇ ਨੇ ਬਹਿਸ ਕਰਦੇ
ਉਹ ਲੋਕ ਧਰਮੀ ਨਹੀਂ ਹਤਿਆਰੇ ਹੁੰਦੇ
ਜੋ ਸਿਆਸਤ ਦੀ ਖੇਡ ਦੇ ਖਿਡਾਰੀ ਕਹਾਉਂਦੇ
ਉਨ੍ਹਾਂ ਦੇ ਸਾਲਾਂਬੱਧੀ ਜੇਲ੍ਹ ’ਚ ਗੁਜ਼ਾਰੇ ਹੁੰਦੇ
ਜੋ ਕੁੱਲੀਆਂ ਵਿੱਚ ਵਿਲਕਦੇ ਸਰੀਰ ਭੁੱਖੇ
ਕੁਝ ਗ਼ਰੀਬੀ, ਕੁਝ ਵਕਤ ਦੇ ਮਾਰੇ ਹੁੰਦੇ
ਜੋ ਢਿੱਡ ਭਰਨ ਲਈ ਸੜਕਾਂ ’ਤੇ ਰੋਟੀ ਲੱਭਦੇ
ਉਹ ਅਨਾਥ ਤਾਂ ਦੱਸੋ ਕਿਨ੍ਹਾਂ ਦੇ ਸਹਾਰੇ ਹੁੰਦੇ
‘ਸੋਹੀ’ ਦੇਸ਼ ਦੀ ਤਰੱਕੀ ਬਾਰੇ ਘੱਟ ਸੋਚਦੇ
ਲੁੱਟਣ ਵਾਲੇ ਇੱਕ ਨਹੀਂ, ਬਹੁਤ ਸਾਰੇ ਹੁੰਦੇ

## ਧੁੰਦ ਭਰਿਆ ਰਾਹ

**ਕਰਮਜੀਤ ਕੌਰ ਕਿਸ਼ਾਂਵਲ**

ਅੰਦਰ ਦੀ
ਧੁਰ ਤਹਿ ਤੱਕ
ਅੱਪੜਨ ਵਾਸਤੇ
ਖ਼ੁਦ ਹੀ ਤਹਿ ਕਰਨਾ ਪੈਣਾ
ਸੋਚਾਂ ਦੀਆਂ ਉਲਝਣਾਂ ਦਾ
ਧੁੰਦ ਭਰਿਆ ਰਾਹ
ਇਸ ਸਫ਼ਰ ’ਤੇ ਚੱਲਦਿਆਂ
ਰਸਤਿਆਂ ਦੀ ਰੇਤ ਦਾ ਇਲਮ
ਇਸ ਕਦਰ ਹੋ ਰਿਹਾ
ਕਿ ਜਾਪਦਾ
ਪੈਰਾਂ ਦੀਆਂ ਤਲੀਆਂ ’ਚ
‘ਅੱਖਾਂ ਦੇ ਉੱਗ’ ਜਾਣ ਵਰਗਾ
ਕੁੱਝ ਵਾਪਰ ਗਿਆ ਹੈ!



## ਬੜੇ ਹੀ ਖ਼ੂਬਸੂਰਤ ਹਰ ਨਗਰ ’ਚ

**ਅਮਰਦੀਪ ਸੰਧਾਵਾਲੀਆ**

ਬੜੇ ਹੀ ਖ਼ੂਬਸੂਰਤ ਹਰ ਨਗਰ ਵਿੱਚ ਘਰ ਵੀ ਹੁੰਦੇ ਨੇ
ਅਤੀ ਸੁੰਦਰ ਤੇ ਵੇਖਣਯੋਗ ਕੁਝ ਖੰਡਰ ਵੀ ਹੁੰਦੇ ਨੇ
ਅਜਬ ਨੇ ਸ਼ੌਕ ਲੋਕਾਂ ਦੇ ਕਿ ਸ਼ੀਸ਼ੇ ਦੇ ਘਰਾਂ ਅੰਦਰ
ਸਜਾਵਟ ਵਾਸਤੇ ਰੱਖੇ ਉਨ੍ਹਾਂ ਪੱਥਰ ਵੀ ਹੁੰਦੇ ਨੇ
ਘੜੀ ਵੱਲ ਵੇਖਦਾ ਉਹ ਤੇਜ਼ ਤੁਰਦਾ ਸੋਚਦਾ ਅਕਸਰ
ਕਈ ਥਿਰ ਹੋ ਗਏ ਪਲ ਆਦਮੀ ਅੰਦਰ ਵੀ ਹੁੰਦੇ ਨੇ
ਅਸਾਨੂੰ ਵੀ ਪਤਾ ਹੈ ਕਿ ਸਮੁੰਦਰ ’ਚੋਂ ਮਿਲਣ ਮੋਤੀ
ਕਈ ਪ੍ਰਕਾਰ ਦੇ ਪਰ ਮਨ ’ਚ ਬੈਠੇ ਡਰ ਵੀ ਹੁੰਦੇ ਨੇ
ਮੇਰੇ ਨੈਣਾਂ ’ਚ ਉਸਨੇ ਵੇਖਿਆ ਤੇ ਆਖਿਆ ਮੈਨੂੰ
ਸਵਾਲਾਂ ਵਿੱਚ ਕਈ ਵਾਰੀ ਪਏ ਉੱਤਰ ਵੀ ਹੁੰਦੇ ਨੇ
ਲਿਖੇ ਜਾਂਦੇ ਨੇ ਜੋ ਆਕਾਸ਼ ’ਤੇ ਹੀ ਰਾਤ ਅੱਧੀ ਨੂੰ
ਹਿਜਰ ਦੀ ਪੀੜ ਦਾ ਅਨੁਵਾਦ ਉਹ ਅੱਖਰ ਵੀ ਹੁੰਦੇ ਨੇ
ਉਡਾਰੀ ਲਾ ਗਈ ਉਹ ਵੀ ਉਤਾਰੀ ਅਰਸ਼ ਤੋਂ ਜਿਹੜੀ
‘ਅਮਰ’ ਸੀ ਭੁੱਲ ਬੈਠਾ ਕਿ ਪਰੀ ਦੇ ਪਰ ਵੀ ਹੁੰਦੇ ਨੇ

## ਹਰੀ ਪੱਤੀ

**ਅਮਨਦੀਪ ਕੌਰ ਜੋਗਾ**

ਹਾਲ਼ੇ ਤਾਂ ਹਰੀ ਪੱਤੀ ਹਾਂ ਇੰਝ ਨਾ ਤੂੰ ਝਾੜ ਸਾਨੂੰ
ਹੋ ਗਈ ਜ਼ਰਦ ਤਾਂ ਖ਼ੁਦ-ਬ-ਖ਼ੁਦ ਮੇਰੇ ਪੱਤੇ ਝੜਨਗੇ
ਕਿੰਨਾ ਧੂੰਆਂ ਸੱਥਰ ਕੀਤਾ ਜੰਮ ਪਈ ਹਾਂ ਦਰ ਤੇਰੇ ’ਤੇ
ਜਦ ਖੜੀ ਮੈਂ ਪੈਰਾਂ ’ਤੇ ਇਹ ਲੋਕੀ ਨਾਲ ਮੇਰੇ ਖੜਨਗੇ
ਸੁੰਨਸਾਨ ਨੇ ਇਹ ਰਾਹਵਾਂ ਇਕੱਲੀ ਹੀ ਤੁਰ ਪਈ ਹਾਂ ਮੈਂ
ਬਣੀ ਜਦ ਪੱਕਾ ਰਾਹ ਲੋਕੀ ਅੱਗੇ ਨਿਕਲਣ ਲਈ ਲੜਨਗੇ
ਤਿਤਲੀਆਂ ਨੂੰ ਫੜਨਾ ਤੇ ਮਿੱਟੀਆ ’ਚ ਰੁਲਣਾ
ਆਦਤ ਮੇਰੀ
ਕੀ ਪਤਾ ਸੀ ਤਿਤਲੀਆਂ ’ਤੇ ਇਲਜ਼ਾਮ ਲੋਕੀ
ਮੜਨਗੇ
ਜਿਉਂਦੇ ਜੀਅ ਜਿਨ੍ਹਾਂ ਚੋਭਾਂ ਨਾਲ ਮੜ ਦਿੱਤਾ ਤੈਨੂੰ
ਵੇਖੀ ਇੱਕ ਦਿਨ ਕਦਰ ਤੇਰੀ ਉਹੀ ਲੋਕੀ ਹੀ ਕਰਨਗੇ।
*******

## ਸੁਣੀ ਜਦ ਹਕੀਕਤ

**ਸਰਿਤਾ ਤੇਜੀ**

ਉਹ ਅੱਖ ਦੇ ਇਸ਼ਾਰੇ ਚ ਸਭ ਕਹਿ ਗਿਆ
ਮਿਰਾ ਦਿਲ ਲਬਾਂ ਤੇ ਅਟਕ ਰਹਿ ਗਿਆ।
ਕਹਾਣੀ ਨਾ ਉਹ ਦਰਦ ਦੀ ਕਹਿ ਸਕੇ
ਚਿਰੋਕਾ ਹੁੰਗਾਰੇ ਮੈਂ ਭਰ ਰਹਿ ਗਿਆ।
ਭਰੇ ਨੈਣ ਤੈਥੋਂ ਛੁਪਾਏ ਜਦੋਂ
ਜੁਦਾ ਹਰ ਕਿਸੇ ਤੋਂ ਮੈਂ ਹੋ ਬਹਿ ਗਿਆ।
ਨਜ਼ਰ ਫ਼ੇਰ ਉਸ ਵੇਖਿਆ ਨਾ ਕਦੇ
ਉਸਰ ਕੇ ਵਫ਼ਾ ਦਾ ਮਹਲ ਢਹਿ ਗਿਆ।
ਜੁੜੇ ਰਿਜ਼ਕ ਦੇਸ ਆਪਣੇ ਨਾ ਜਦੋਂ
ਤਦੇ ਉਹ ਹਕੂਮਤ ਦੇ ਸੰਗ ਖਹਿ ਗਿਆ।
ਨਾ ਮੁੜਿਆ ਕਦੇ ਰੋਕ ਲਾਈ ਬੜੀ
ਜੋ ਪਾਣੀ ਪੁਲਾਂ ਹੇਠ ਦੀ ਵਹਿ ਗਿਆ।
ਕਿਵੇਂ ਜਾ ਹਵਾ ਵਿੱਚ ਗੁੱਡੀ ਚੜ੍ਹੀ
ਸੁਣੀ ਜਦ ਹਕੀਕਤ ਨਸ਼ਾ ਲਹਿ ਗਿਆ।

"ਚੱਕ ਦੇ ਪੰਜਾਬ"

# ਪੰਜਾਬ ਨੂੰ ਪਹਿਲੀ ਵਾਰ ਮਿਲੀ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਟਰਾਫ਼ੀ ਦੀ ਮੇਜਬਾਨੀ

## ਭਾਰਤ, ਪਾਕਿਸਤਾਨ, ਸਾਊਥ ਕੋਰੀਆ, ਜਪਾਨ ਸਣੇ ਹੋਰਨਾਂ ਕਈ ਦੇਸ਼ਾਂ ਦੀਆਂ ਟੀਮਾਂ ਲੈਣਗੀਆਂ ਹਿੱਸਾ

### 20 ਸਾਲ ਬਾਅਦ ਪੰਜਾਬ 'ਚ ਹੋਣਗੇ ਅੰਤਰਰਾਸ਼ਟਰੀ ਹਾਕੀ ਮੈਚ





ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਪਹਿਲੀ ਵਾਰ ਅਕਤੂਬਰ ਮਹੀਨੇ ਦੇ ਅਖੀਰ ਵਿੱਚ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਟਰਾਫ਼ੀ ਹੋਣ ਜਾ ਰਹੀ ਹੈ। ਇਸ ਲਈ ਏਸ਼ੀਅਨ ਹਾਕੀ ਫ਼ੈਡਰੇਸ਼ਨ ਅਤੇ ਭਾਰਤੀ ਹਾਕੀ ਫ਼ੈਡਰੇਸ਼ਨ ਵੱਲੋਂ ਪ੍ਰਵਾਨਗੀ ਦੇ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਦੇ ਮੁਕਾਬਲੇ ਅਕਤੂਬਰ ਦੇ ਅਖੀਰ ਵਿੱਚ ਕਰਵਾਏ ਜਾਣਗੇ।

ਇਹ ਮੁਕਾਬਲੇ ਮੋਹਾਲੀ ਅਤੇ ਜਲੰਧਰ ਦੇ ਖੇਡ ਮੈਦਾਨਾਂ ਵਿੱਚ ਕਰਵਾਏ ਜਾਣਗੇ। ਇਸ ਵਿੱਚ ਭਾਰਤ, ਪਾਕਿਸਤਾਨ, ਸਾਊਥ ਕੋਰੀਆ, ਜਪਾਨ ਸਣੇ ਹੋਰਨਾਂ ਕਈ ਦੇਸ਼ਾਂ ਦੀਆਂ ਟੀਮਾਂ ਸ਼ਾਮਲ ਹੋਣਗੀਆਂ। ਉਨ੍ਹਾਂ ਕਿਹਾ ਕਿ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਵਿੱਚ ਪੰਜਾਬ ਦੇ ਸੱਭਿਆਚਾਰ ਨੂੰ ਵੀ ਪ੍ਰਫੁੱਲਿਤ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ 44 ਸਾਲ ਬਾਅਦ ਬੈਡਮਿੰਟਨ ਦੇ ਅੰਡਰ 13 ਜੀ ਨੈਸ਼ਨਲ ਚੈਂਪੀਅਨਸ਼ਿਪ ਵੀ ਦਸੰਬਰ ਮਹੀਨੇ ਵਿੱਚ ਜਲੰਧਰ ਵਿਖੇ ਹੋਣ ਜਾ ਰਹੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਤਿਆਰ ਕੀਤੀ ਗਈ ਖੇਡ ਨੀਤੀ ਵਿੱਚ ਖਿਡਾਰੀਆਂ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਖੇਡ ਮੁਕਾਬਲਿਆਂ ਦੀ ਤਿਆਰੀਆਂ ਲਈ ਵੀ ਵੱਡੀ ਰਕਮ ਦੀ ਅਦਾਇਗੀ ਕੀਤੀ ਜਾ ਰਹੀ ਹੈ। ਇਸ ਦੌਰਾਨ ਏਸ਼ੀਅਨ ਖੇਡਾਂ ਲਈ ਖਿਡਾਰੀਆਂ ਨੂੰ ਅੱਠ-ਅੱਠ ਲੱਖ ਰੁਪਏ ਅਤੇ ਓਲੰਪਿਕ ਖੇਡਾਂ ਦੀ ਤਿਆਰੀ ਲਈ ਖਿਡਾਰੀਆਂ ਨੂੰ 15-15 ਲੱਖ ਰੁਪਏ ਦਿੱਤੇ ਜਾ ਰਹੇ ਹਨ। ਜਦੋਂਕਿ ਕੌਮਾਂਤਰੀ ਪੱਧਰ ਦੀਆਂ ਖੇਡਾਂ ਵਿੱਚ ਜਿੱਤ ਹਾਸਿਲ ਕਰਨ ਵਾਲੇ ਖਿਡਾਰੀਆਂ ਨੂੰ ਕਰੋੜਾਂ ਰੁਪਏ ਦੇ ਨਗਦ ਇਨਾਮ ਵੀ ਦਿੱਤੇ ਜਾਂਦੇ ਹਨ।

### ਜਨਰੇਸ਼ਨ ਵਿੱਚ ਆਵੇਗਾ ਬਦਲਾਓ

ਖੇਡ ਮਾਹਿਰਾਂ ਦੀ ਮੰਨੀਏ ਤਾਂ ਉਹਨਾਂ ਦਾ ਕਹਿਣਾ ਹੈ ਕਿ ਜਦੋਂ ਪੰਜਾਬ ਦੇ ਲੋਕ ਆਪਣੇ ਹੀਰੋ ਖਿਡਾਰੀਆਂ ਨੂੰ ਖੇਡਦੇ ਹੋਏ ਵੇਖਣਗੇ ਤਾਂ ਉਹ ਵੀ ਉਹਨਾਂ ਦੀ ਤਰ੍ਹਾਂ ਹੀ ਬਣਨ ਦਾ ਸੁਪਨਾ ਵੇਖਣਗੇ। ਸਾਲ 2006 ਵਿੱਚ ਗਗਨਪ੍ਰੀਤ ਅਤੇ ਰਾਜਪਾਲ ਵਰਗੇ ਸਟਾਰ ਖਿਡਾਰੀਆਂ ਨੂੰ ਪੰਜਾਬ ਦੇ ਲੋਕਾਂ ਨੇ ਨੇੜਿਓਂ ਖੇਡਦੇ ਹੋਏ ਵੇਖਿਆ ਸੀ ਤਾਂ ਅੱਜ ਦੇਸ਼ ਨੂੰ ਪੰਜਾਬ ਤੋਂ ਸਟਾਰ ਖਿਡਾਰੀ ਮਿਲੇ ਹਨ। ਆਸ ਹੈ ਕਿ ਇਹਨਾਂ ਸਟਾਰ ਖਿਡਾਰੀਆਂ ਨੂੰ ਖੇਡਦੇ ਵੇਖ ਕੇ ਸਾਨੂੰ ਪੰਜਾਬ ਤੋਂ ਆਉਣ ਵਾਲੇ ਸਟਾਰ ਖਿਡਾਰੀ ਮਿਲਣਗੇ। ਇਹ ਸਾਡੇ ਲਈ ਆਈ.ਸੀ.ਸੀ ਇਵੈਂਟ ਦੀ ਤਰ੍ਹਾਂ ਹੈ।

### ਮਹੱਤਵਪੂਰਨ ਹੈ ਇਹ ਇਵੈਂਟ....

* ਸਾਲ 2006 ਵਿੱਚ ਭਾਰਤੀ ਟੀਮ ਆਖ਼ਰੀ ਵਾਰ ਪੰਜਾਬ ਵਿੱਚ ਖੇਡੀ ਸੀ। ਇਹ ਮੈਚ ਜਲੰਧਰ ਵਿੱਚ ਪਾਕਿਸਤਾਨ ਦੀ ਹਾਕੀ ਟੀਮ ਦੇ ਨਾਲ ਹੋਇਆ ਸੀ, ਜੋ ਇੱਕ ਟੈਸਟ ਸੀਰੀਜ਼ ਦਾ ਹਿੱਸਾ ਸੀ। ਇਸ ਦੇ ਬਾਅਦ ਭਾਰਤੀ ਹਾਕੀ ਟੀਮ ਕਦੇ ਵੀ ਪੰਜਾਬ ਵਿੱਚ ਨਹੀਂ ਖੇਡੀ।
* ਮੌਜੂਦਾ ਭਾਰਤੀ ਹਾਕੀ ਟੀਮ ਵਿੱਚ 10 ਪਲੇਅਰ ਪੰਜਾਬ ਦੇ ਖੇਡਦੇ ਹਨ। ਇਹਨਾਂ ਖਿਡਾਰੀਆਂ ਨੂੰ ਪੰਜਾਬ ਦੇ ਜੂਨੀਅਰ ਹਾਕੀ ਖਿਡਾਰੀਆਂ ਅਤੇ ਇੱਥੋਂ ਦੇ ਪ੍ਰਸ਼ੰਸਕਾਂ ਨੇ ਕਦੇ ਵੀ ਆਪਣੇ ਸਾਹਮਣੇ ਖੇਡਦੇ ਹੋਏ ਨਹੀਂ ਵੇਖਿਆ ਹੈ। ਹੁਣ ਇਹ ਚੰਗਾ ਮੌਕੇ ਹੋਵੇਗਾ ਆਪਣੇ ਸਟਾਰ ਖਿਡਾਰੀਆਂ ਨੂੰ ਆਪਣੇ ਸਾਹਮਣੇ ਖੇਡਦੇ ਹੋਏ ਵੇਖਣ ਲਈ।
* ਭਾਰਤੀ ਹਾਕੀ ਟੀਮ ਦੇ ਪਿਛਲੇ ਤਿੰਨ ਕਪਤਾਨ ਪੰਜਾਬ ਦੀ ਦੇਣ ਹਨ। ਮਨਪ੍ਰੀਤ ਸਿੰਘ ਅਤੇ ਹਰਮਨਪ੍ਰੀਤ ਸਿੰਘ ਨੇ ਭਾਰਤ ਨੂੰ ਲੰਬੇ ਸਮੇਂ ਤੋਂ ਬਾਅਦ ਓਲੰਪਿਕ ਮੈਡਲ ਦਿਵਾਇਆ। ਇਸ ਦੇ ਇਲਾਵਾ ਹਾਰਦਿਕ ਸਿੰਘ ਵੀ ਪੰਜਾਬ ਤੋਂ ਹੈ।

## ਪੰਜਾਬ 40 ਸਾਲਾਂ ਬਾਅਦ ਕਰੇਗਾ ਕੌਮੀ ਬੈਡਮਿੰਟਨ ਚੈਂਪੀਅਨਸ਼ਿਪ ਦੀ ਮੇਜ਼ਬਾਨੀ



ਜਲੰਧਰ/ਏ.ਟੀ.ਨਿਊਜ਼: ਪੰਜਾਬ ਬੈਡਮਿੰਟਨ ਐਸੋਸੀਏਸ਼ਨ (ਪੀ ਬੀ ਏ) ਦੇ ਸਕੱਤਰ ਰਿਤਿਨ ਖੰਨਾ ਨੇ ਦੱਸਿਆ ਕਿ ਸੂਬਾ 40 ਸਾਲਾਂ ਬਾਅਦ ਕੌਮੀ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਕਰੇਗਾ। ਬੈਡਮਿੰਟਨ ਐਸੋਸੀਏਸ਼ਨ ਆਫ ਇੰਡੀਆ (ਬੀ ਏ ਆਈ) ਨੇ 38ਵੀਂ ਸਬ-ਜੂਨੀਅਰ ਕੌਮੀ ਬੈਡਮਿੰਟਨ ਚੈਂਪੀਅਨਸ਼ਿਪ ਦੀ ਜ਼ਿੰਮੇਵਾਰੀ ਪੰਜਾਬ ਨੂੰ ਸੌਂਪੀ ਹੈ।

ਰਿਤਿਨ ਖੰਨਾ ਨੇ ਦੱਸਿਆ ਕਿ ਇਹ ਚੈਂਪੀਅਨਸ਼ਿਪ 9 ਤੋਂ 12 ਦਸੰਬਰ 2026 ਤੱਕ ਰਾਇਜ਼ਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ, ਜਲੰਧਰ ਵਿੱਚ ਕਰਵਾਈ ਜਾਵੇਗੀ। ਇਸ ਵਿੱਚ 33 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਲਗਪਗ 350 ਖਿਡਾਰੀ ਹਿੱਸਾ ਲੈਣਗੇ। ਪੰਜਾਬ ਵਿੱਚ ਇਸ ਤੋਂ ਪਹਿਲਾਂ ਕੌਮੀ ਬੈਡਮਿੰਟਨ ਚੈਂਪੀਅਨਸ਼ਿਪ 1987 ਵਿੱਚ ਜਲੰਧਰ 'ਚ ਹੀ ਹੋਈ ਸੀ। ਖੰਨਾ ਨੇ ਦੱਸਿਆ ਕਿ ਪੀ ਬੀ ਏ ਲਗਾਤਾਰ ਬੀ ਏ ਆਈ ਦੇ ਸੰਪਰਕ ਵਿੱਚ ਸੀ ਅਤੇ ਸਟੇਡੀਅਮ ਦੀਆਂ ਵਧੀਆ ਸੁਵਿਧਾਵਾਂ ਦੇ ਨਿਰੀਖਣ ਤੋਂ ਬਾਅਦ ਹੀ ਮੇਜ਼ਬਾਨੀ ਦਾ ਇਹ ਮੌਕਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇਤੂਆਂ ਨੂੰ ਕੁੱਲ 10 ਲੱਖ ਰੁਪਏ ਦੇ ਨਕਦ ਇਨਾਮ ਦਿੱਤੇ ਜਾਣਗੇ। ਜ਼ਿਕਰਯੋਗ ਹੈ ਕਿ ਰਾਇਜ਼ਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਇੱਕ ਕਰੋੜ ਰੁਪਏ ਦੀ ਲਾਗਤ ਨਾਲ ਵੱਡਾ ਸੁਧਾਰ ਕੀਤਾ ਗਿਆ ਹੈ। ਹੁਣ ਇੱਥੇ 10 ਕੋਰਟ, ਜਿਮ, ਰੈਸਟੋਰੈਂਟ, ਖੇਡ ਦੇ ਸਾਮਾਨ ਦੀਆਂ ਦੁਕਾਨਾਂ ਅਤੇ ਫਿਜ਼ਿਓਥੈਰੇਪੀ ਸੈਂਟਰ ਦੀਆਂ ਸਹੂਲਤਾਂ ਉਪਲਬਧ ਹਨ।

## ਅਗਲੇ ਸਾਲ ਹੋਣਗੀਆਂ ਰਾਸ਼ਟਰਮੰਡਲ ਯੂਥ ਖੇਡਾਂ

ਨਵੀਂ ਦਿੱਲੀ/ਏ.ਟੀ.ਨਿਊਜ਼: ਰਾਸ਼ਟਰਮੰਡਲ ਯੂਥ ਗੇਮਜ਼ ਦਾ ਅੱਠਵਾਂ ਐਡੀਸ਼ਨ ਅਗਲੇ ਸਾਲ 2027 ਵਿੱਚ ਮਾਲਟਾ ਅਤੇ ਗੋਜ਼ੋ ਵਿੱਚ 29 ਅਕਤੂਬਰ ਤੋਂ 4 ਨਵੰਬਰ ਤੱਕ ਕਰਵਾਇਆ ਜਾਵੇਗਾ। ਖੇਡਾਂ ਦਾ ਉਦਘਾਟਨੀ ਸਮਾਰੋਹ 29 ਅਕਤੂਬਰ ਨੂੰ ਹੋਵੇਗਾ, ਜਿਸ ਮਗਰੋਂ 30 ਅਕਤੂਬਰ ਤੋਂ 4 ਨਵੰਬਰ ਤੱਕ ਛੇ ਦਿਨਾਂ ਦਾ ਰੋਮਾਂਚਕ ਖੇਡ ਪ੍ਰੋਗਰਾਮ ਚੱਲੇਗਾ। ਇਨ੍ਹਾਂ ਖੇਡਾਂ ਵਿੱਚ ਕੁੱਲ ਅੱਠ ਖੇਡਾਂ ਨੂੰ ਸ਼ਾਮਲ ਕੀਤਾ ਜਾਵੇਗਾ, ਜਿਨ੍ਹਾਂ ਵਿੱਚ ਤੈਰਾਕੀ ਅਤੇ ਪੈਰਾ ਤੈਰਾਕੀ, ਐਥਲੈਟਿਕਸ ਤੇ ਪੈਰਾ ਐਥਲੈਟਿਕਸ, ਨੈੱਟਬਾਲ, ਕਿਸ਼ਤੀਚਾਲਨ, ਸਕੁਐਸ਼, ਟ੍ਰਾਈਥਲੋਨ, ਵਾਟਰ ਪੋਲੋ ਅਤੇ ਵੇਟਲਿਫਟਿੰਗ ਸ਼ਾਮਲ ਹਨ। ਰਾਸ਼ਟਰਮੰਡਲ ਖੇਡਾਂ ਦੀ ਮੁੱਖ ਕਾਰਜਕਾਰੀ ਕੇਟੀ ਸੈਡਲੀਅਰ ਨੇ ਇੱਕ ਮੀਡੀਆ ਬਿਆਨ ਵਿੱਚ ਕਿਹਾ, "ਮਾਲਟਾ 2027 ਉਤਸ਼ਾਹਜਨਕ ਅਤੇ ਮੁਕਾਬਲੇਬਾਜ਼ ਮਾਹੌਲ ਦਾ ਵਾਅਦਾ ਕਰਦਾ ਹੈ। ਇੱਥੋਂ ਦੀਆਂ ਵਿਸ਼ਵ ਪੱਧਰੀ ਸਹੂਲਤਾਂ ਸਾਡੇ ਨੌਜਵਾਨ ਐਥਲੀਟਾਂ ਨੂੰ ਨਵਾਂ ਤਜਰਬਾ ਦੇਣਗੀਆਂ।"

## ਖੇਡਾਂ ਦੇ ਨਾਲ ਪੜ੍ਹਾਈ ਵੱਲ ਵੀ ਵਿਸ਼ੇਸ਼ ਧਿਆਨ ਦੇਣ ਖਿਡਾਰੀ: ਪੀ.ਵੀ. ਸਿੰਧੂ



ਗੁਰੂਗ੍ਰਾਮ/ਏ.ਟੀ.ਨਿਊਜ਼: ਭਾਰਤ ਦੀ ਸਟਾਰ ਬੈਡਮਿੰਟਨ ਖਿਡਾਰਨ ਅਤੇ ਦੋ ਵਾਰ ਦੀ ਓਲੰਪਿਕ ਤਗਮਾ ਜੇਤੂ ਪੀ ਵੀ ਸਿੰਧੂ ਨੇ ਅੱਜ ਉਭਰਦੇ ਖਿਡਾਰੀਆਂ ਨੂੰ ਖੇਡਾਂ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖਣ ਦੀ ਵੀ ਸਲਾਹ ਦਿੱਤੀ ਹੈ। ਡੀ ਪੀ ਐੱਸ ਇੰਟਰਨੈਸ਼ਨਲ ਸਕੂਲ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸਿੰਧੂ ਨੇ ਕਿਹਾ ਕਿ ਖੇਡਾਂ ਵਿੱਚ ਕਰੀਅਰ ਬਣਾਉਣ ਲਈ ਪੜ੍ਹਾਈ ਨੂੰ ਅਣਗੌਲਿਆਂ ਕਰਨਾ ਜੋਖ਼ਮ ਭਰਿਆ ਹੋ ਸਕਦਾ ਹੈ। ਇੱਕ ਵੀ ਗੰਭੀਰ ਸੱਟ ਖਿਡਾਰੀ ਦਾ ਕਰੀਅਰ ਖ਼ਤਮ ਕਰ ਸਕਦੀ ਹੈ। ਸਾਬਕਾ ਆਲਮੀ ਚੈਂਪੀਅਨ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਕਿ 2015 ਵਿੱਚ ਖੱਬੇ ਪੈਰ ਦੇ ਸਟ੍ਰੈੱਸ ਫਰੈਕਚਰ ਕਾਰਨ ਉਹ ਛੇ ਮਹੀਨੇ ਖੇਡ ਤੋਂ ਦੂਰ ਰਹੀ ਸੀ। ਉਸ ਸਮੇਂ ਉਸ ਦੇ ਮਨ ਵਿੱਚ ਡਰ ਪੈਦਾ ਹੋ ਗਿਆ ਸੀ ਕਿ ਉਹ ਦੁਬਾਰਾ ਖੇਡ ਸਕੇਗੀ ਜਾਂ ਨਹੀਂ। ਹਾਲਾਂਕਿ, ਉਸ ਨੇ ਹਿੰਮਤ ਨਹੀਂ ਹਾਰੀ ਅਤੇ 2016 ਦੀਆਂ ਰੀਓ ਓਲੰਪਿਕ ਖੇਡਾਂ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਸਿੰਧੂ ਨੇ ਕਿਹਾ, "ਤੁਸੀਂ 45, 50 ਜਾਂ 60 ਸਾਲ ਦੀ ਉਮਰ ਤੱਕ ਉੱਚ ਪੱਧਰ 'ਤੇ ਨਹੀਂ ਖੇਡ ਸਕਦੇ। ਇੱਕ ਦਿਨ ਤੁਹਾਨੂੰ ਖੇਡ ਤੋਂ ਸੰਨਿਆਸ ਲੈਣਾ ਹੀ ਪਵੇਗਾ ਪਰ ਵਿੱਦਿਆ ਹਮੇਸ਼ਾ ਤੁਹਾਡੇ ਨਾਲ ਰਹੇਗੀ।"

ਉਸ ਨੇ ਦੱਸਿਆ ਕਿ ਉਸ ਨੇ ਖ਼ੁਦ ਖੇਡਾਂ ਦੇ ਨਾਲ ਐੱਮ ਬੀ ਏ ਦੀ ਪੜ੍ਹਾਈ ਪੂਰੀ ਕੀਤੀ ਹੈ। ਉਸ ਨੇ ਕਿਹਾ ਕਿ ਸੱਟਾਂ ਬਾਰੇ ਕੁਝ ਪਤਾ ਨਹੀਂ ਹੁੰਦਾ, ਇਹ ਕਦੇ ਵੀ ਲੱਗ ਸਕਦੀਆਂ ਹਨ, ਇਸ ਲਈ ਜ਼ਿੰਦਗੀ ਵਿੱਚ ਦੂਜਾ ਬਦਲ (ਪੜ੍ਹਾਈ) ਤਿਆਰ ਰੱਖਣਾ ਚਾਹੀਦਾ ਹੈ।

## ਪੜ੍ਹਾਈ ਤੇ 'ਰਗਬੀ ਖੇਡ' ਨੂੰ ਸਮਰਪਿਤ ਹੈ ਅਮਨਦੀਪ ਕੌਰ



ਖੇਡ ਜਗਤ ਵਿੱਚ ਉੱਚਾ ਮੁਕਾਮ ਹਾਸਲ ਕਰਨਾ ਅਜੋਕੇ ਸਮਾਜ 'ਚ ਕੁੜੀਆਂ ਲਈ ਕੋਈ ਸੌਖਾ ਕੰਮ ਨਹੀਂ ਹੈ। ਪਰ ਜਦੋਂ ਮਾਪਿਆਂ ਦੀ ਹੱਲਾਸ਼ੇਰੀ, ਅਧਿਆਪਕਾਂ ਦੀ ਯੋਗ ਅਗਵਾਈ ਅਤੇ ਖਿਡਾਰੀ ਦੀ ਖ਼ੁਦ ਦੀ ਸਖ਼ਤ ਮਿਹਨਤ ਦਾ ਸੁਮੇਲ ਹੋ ਜਾਵੇ ਤਾਂ ਸੱਚਮੁਚ ਉਸ ਨੂੰ ਆਪਣੀ ਮੰਜ਼ਿਲ ਅਤੇ ਆਪਣਾ ਮੁਕਾਮ ਹਾਸਲ ਕਰਨ ਤੋਂ ਕੋਈ ਨਹੀਂ ਰੋਕ ਸਕਦਾ। ਪਰ ਖਿਡਾਰੀ ਦਾ ਟੀਚਾ ਜ਼ਰੂਰ ਸਪੱਸ਼ਟ ਹੋਣਾ ਚਾਹੀਦਾ ਹੈ। ਅਮਨਦੀਪ ਸਕੂਲ ਵਿੱਚ ਪੜ੍ਹਦਿਆਂ ਜੈਵਲਿਨ ਥ੍ਰੋਅ ਕਰਦੀ ਸੀ ਪਰ ਬਾਅਦ ਵਿੱਚ ਉਸ ਨੇ ਰਗਬੀ ਖੇਡਣ ਦਾ ਮਨ ਬਣਾਇਆ। ਹੁਣ ਉਹ ਭਾਰਤੀ ਰਗਬੀ ਟੀਮ ਦੀ ਨੁਮਾਇੰਦਗੀ ਕਰਦਿਆਂ ਏਸ਼ਿਆਈ ਖੇਡਾਂ ਵਿੱਚ ਤਗਮਾ ਜਿੱਤਣਾ ਚਾਹੁੰਦੀ ਹੈ। ਉਸ ਨੇ ਨਿੱਕੀ ਉਮਰੇ ਵੱਡੀਆਂ ਮੱਲਾਂ ਮਾਰੀਆਂ ਹਨ। ਉਸ ਨੇ ਜ਼ਿਲ੍ਹਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਪਿੰਡ ਧੀਰਪੁਰ ਵਿੱਚ ਨਿਰੋਲ ਪੇਂਡੂ ਤੇ ਗ਼ਰੀਬ ਪਰਿਵਾਰ 'ਚੋਂ ਉੱਠ ਕੇ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਨਾਮਣਾ ਖੱਟਿਆ। ਵਿਸ਼ੇਸ਼ ਗੱਲ ਇਹ ਕਿ ਅਮਨਦੀਪ ਇੰਡੀਆ ਰਗਬੀ ਟੀਮ ਵਿੱਚ ਚੁਣੀ ਜਾਣ ਵਾਲੀ ਪੰਜਾਬ ਦੀ ਪਹਿਲੀ ਖਿਡਾਰਨ ਹੈ ਜਿਸ ਨੇ ਥਾਈਲੈਂਡ, ਚੀਨ ਤੇ ਸ੍ਰੀਲੰਕਾ ਆਦਿ ਦੇਸ਼ਾਂ ਵਿੱਚ ਹੋਏ ਕੌਮਾਂਤਰੀ ਮੁਕਾਬਲਿਆਂ 'ਚ ਭਾਰਤੀ ਟੀਮ ਦੀ ਨੁਮਾਇੰਦਗੀ ਕੀਤੀ। ਪਿਤਾ ਮਲੂਕ ਸਿੰਘ ਦੀ ਧੀ ਅਮਨਦੀਪ ਕੌਰ ਨੇ ਪਿੰਡ ਦੇ ਸਰਕਾਰੀ ਸਕੂਲ ਤੋਂ ਮੁੱਢਲੀ ਸਿੱਖਿਆ ਹਾਸਲ ਕਰਨ ਉਪਰੰਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੰਧਾਵਾ (ਸ੍ਰੀ ਫਤਿਹਗੜ੍ਹ ਸਾਹਿਬ) ਵਿੱਚ ਦਾਖ਼ਲਾ ਲਿਆ ਜਿੱਥੇ ਸਰੀਰਕ ਸਿੱਖਿਆ ਦੀ ਲੈਕਚਰਾਰ ਸਤਿੰਦਰਵੀਰ ਕੌਰ ਨੇ ਉਸ ਨੂੰ ਜੈਵਲਿਨ ਥ੍ਰੋਅ 'ਚ ਭਾਗ ਲੈਣ ਲਈ ਪ੍ਰੇਰਿਆ ਅਤੇ ਤਰਾਸ਼ਿਆ। ਸਿੱਟੇ ਵਜੋਂ ਅਮਨਦੀਪ ਕੌਰ ਨੇ ਜੈਵਲਿਨ ਸੁੱਟਣ ਦਾ ਅਭਿਆਸ ਆਰੰਭ ਕਰ ਦਿੱਤਾ। ਇੱਥੋਂ ਹੀ ਉਸ ਦੀ ਖੇਡਾਂ 'ਚ ਭਾਗ ਲੈਣ ਦੀ ਮੁੱਢਲੀ ਸ਼ੁਰੂਆਤ ਦਾ ਆਗਾਜ਼ ਹੋਇਆ। ਅਮਨਦੀਪ ਕੌਰ ਨੇ ਜੀਅ-ਜਾਨ ਨਾਲ ਮਿਹਨਤ ਕੀਤੀ ਤੇ ਸਕੂਲੀ ਮੁਕਾਬਲਿਆਂ 'ਚ ਭਾਗ ਲੈਂਦਿਆਂ ਜ਼ਿਲ੍ਹਾ ਤੇ ਸਟੇਟ ਪੱਧਰ ਉੱਤੇ ਜੈਵਲਿਨ ਥ੍ਰੋਅ 'ਚ ਚੰਗਾ ਪ੍ਰਦਰਸ਼ਨ ਕੀਤਾ ਬਾਰ੍ਹਵੀਂ ਜਮਾਤ ਰੰਧਾਵਾ ਸਕੂਲ ਤੋਂ ਚੰਗੇ ਅੰਕਾਂ 'ਚ ਪਾਸ ਕਰਨ ਪਿੱਛੋਂ ਅਮਨਦੀਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਿੱਚ ਬੀ ਪੀ ਈ ਐੱਸ (ਤਿੰਨ ਸਾਲਾ ਗ੍ਰੈਜੂਏਸ਼ਨ ਕੋਰਸ) ਵਿੱਚ ਦਾਖ਼ਲਾ ਲੈ ਲਿਆ। ਉਪਰੰਤ ਪੜ੍ਹਾਈ ਦੇ ਨਾਲ-ਨਾਲ ਉਸ ਨੇ ਜੈਵਲਿਨ ਥ੍ਰੋਅ ਦਾ ਅਭਿਆਸ ਨਿਰੰਤਰ ਜਾਰੀ ਰੱਖਿਆ ਤੇ ਚੰਗਾ ਪ੍ਰਦਰਸ਼ਨ ਕੀਤਾ। ਪਰ ਦੋ ਸਾਲ ਬਾਅਦ ਉਸ ਦੀ ਖੇਡ ਦੁਨੀਆ ਵਿੱਚ ਉਦੋਂ ਨਵਾਂ ਮੋੜ ਆਇਆ ਜਦੋਂ ਸਹਾਇਕ ਪ੍ਰੋਫੈਸਰ ਤੇ ਕੋਚ ਸੰਦੀਪ ਕੁਮਾਰ ਦੀ ਅਗਵਾਈ ਹੇਠ ਅਮਨਦੀਪ ਕੌਰ ਨੇ ਰਗਬੀ ਖੇਡ ਖੇਡਣ ਦਾ ਮਨ ਬਣਾ ਲਿਆ।

# ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਜਾਬੀ ਸਿਨੇਮਾ ਦੀ ਸਥਿਤੀ

**ਅੰਗ੍ਰੇਜ਼ ਸਿੰਘ ਵਿਰਦੀ**










ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਪੰਜਾਬੀ ਸਿਨੇਮਾ ਦੀ ਜੇਕਰ ਤਾਰੀਖ਼ ਪੜ੍ਹੀ ਜਾਵੇ ਤਾਂ ਪੰਜਾਬੀ ਸਿਨੇਮਾ ਵਿੱਚ ਜਿੰਨੀਆਂ ਵੀ ਬਿਹਤਰੀਨ ਫਿਲਮਾਂ ਬਣੀਆਂ ਜ਼ਿਆਦਾਤਰ ਉਹ ਲਾਹੌਰ ਫਿਲਮ ਇੰਡਸਟਰੀ ਦੀ ਹੀ ਦੇਣ ਸਨ। ਲਾਹੌਰ ਸਾਂਝੇ ਪੰਜਾਬ ਦੀ ਰਾਜਧਾਨੀ, ਪੰਜਾਬੀ ਸੱਭਿਆਚਾਰ ਦੀ ਤਰਜ਼ਮਾਨੀ ਕਰਦਾ ਇੱਕ ਅਜਿਹਾ ਖ਼ੂਬਸੂਰਤ ਸ਼ਹਿਰ ਸੀ ਜੋ '47 ਤੋਂ ਪਹਿਲਾਂ ਕਲਾ ਅਤੇ ਸਾਹਿਤਕ ਸਰਗਰਮੀਆਂ ਦਾ ਵੱਡਾ ਕੇਂਦਰ ਹੋਇਆ ਕਰਦਾ ਸੀ। ਇਸ ਦਾ ਅਸਰ ਉਸ ਵੇਲੇ ਦੇ ਪੰਜਾਬੀ ਸਿਨੇਮਾ 'ਤੇ ਵੀ ਦਿਖਾਈ ਦਿੰਦਾ ਸੀ, ਪਰ ਪੰਜਾਬੀ ਫਿਲਮ ਇੰਡਸਟਰੀ ਦਾ ਇਹ ਸਭ ਤੋਂ ਵੱਡਾ ਕੇਂਦਰ ਲਾਹੌਰ ਵੰਡ ਤੋਂ ਬਾਅਦ ਪਾਕਿਸਤਾਨ ਦੇ ਹਿੱਸੇ ਆ ਗਿਆ।

'47 ਦੀ ਵੰਡ ਵੇਲੇ ਹੋਈ ਫਿਰਕੂ ਹਿੰਸਾ ਵਿੱਚ ਇੱਥੋਂ ਦੇ ਲਗਭਗ ਸਾਰੇ ਫਿਲਮ ਸਟੂਡੀਓ ਅੱਗ ਦੀ ਭੇਂਟ ਚੜ੍ਹ ਗਏ। ਸਾਰੇ ਹਿੰਦੂ ਤੇ ਸਿੱਖ ਫਿਲਮੀ ਕਲਾਕਾਰਾਂ ਅਤੇ ਸਟੂਡੀਓ ਮਾਲਕਾਂ ਨੂੰ ਲਾਹੌਰ ਛੱਡ ਕੇ ਆਪਣੀਆਂ ਜਾਨਾਂ ਬਚਾਅ ਕੇ ਮਜਬੂਰੀ ਵਿੱਚ ਭਾਰਤ ਆਉਣਾ ਪਿਆ। ਇਸ ਨਾਲ ਲਾਹੌਰ ਫਿਲਮ ਇੰਡਸਟਰੀ ਪੂਰੀ ਤਰ੍ਹਾਂ ਉੱਜੜ ਗਈ। '47 ਦੀ ਵੰਡ ਕਰਕੇ ਪੰਜਾਬੀਆਂ ਵਾਂਗ ਲਾਹੌਰ ਦੀ ਪੰਜਾਬੀ ਫਿਲਮ ਇੰਡਸਟਰੀ ਵੀ ਘਰੋਂ ਬੇਘਰ ਹੋ ਗਈ ਤੇ ਮੁੜ ਕੇ ਉਸ ਨੂੰ ਕਦੇ ਲਾਹੌਰ ਵਰਗਾ ਆਪਣਾ ਸਾਂਝਾ ਘਰ ਨਸੀਬ ਨਾ ਹੋਇਆ।ਪਾਕਿਸਤਾਨ ਬਣਨ ਤੋਂ ਬਾਅਦ ਲਾਹੌਰ ਤੋਂ ਹਿਜ਼ਰਤ ਕਰ ਕੇ ਜੋ ਫਿਲਮੀ ਲੋਕ ਭਾਰਤ ਆਏ, ਉਨ੍ਹਾਂ ਵਿੱਚੋਂ ਜ਼ਿਆਦਾਤਰ ਹਿੰਦੀ ਫਿਲਮਾਂ ਵਿੱਚ ਕਾਮਯਾਬ ਹੋਣ ਲਈ ਸੰਘਰਸ਼ ਕਰਨ ਲੱਗੇ ਤੇ ਕੁਝ ਕਾਮਯਾਬ ਵੀ ਹੋ ਗਏ, ਪਰ ਉਨ੍ਹਾਂ ਨੇ ਮੁੜ ਕੇ ਪੰਜਾਬੀ ਫਿਲਮ ਇੰਡਸਟਰੀ ਦੀ ਬਾਂਹ ਨਾ ਫੜੀ। ਗਿਣਤੀ ਦੇ ਕੁਝ ਬਹੁਤ ਥੋੜ੍ਹੇ ਪੰਜਾਬੀ ਕਲਾਕਾਰਾਂ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਸਦਕੇ ਪੰਜਾਬੀ ਫਿਲਮ ਇੰਡਸਟਰੀ ਫਿਰ ਤੋਂ ਹੌਲੀ ਹੌਲੀ ਆਪਣੇ ਪੈਰਾਂ ਸਿਰ ਖੜ੍ਹੀ ਹੋਣ ਲੱਗੀ। ਚੜ੍ਹਦੇ ਪੰਜਾਬ ਤੋਂ ਹਜ਼ਾਰਾ ਮੀਲ ਦੂਰ ਮੁੰਬਈ ਫਿਲਮ ਇੰਡਸਟਰੀ ਵਿੱਚ ਹਿੰਦੀ ਫਿਲਮਾਂ ਦੇ ਨਾਲ ਨਾਲ ਪਹਿਲਾਂ ਵਾਂਗ ਪੰਜਾਬੀ ਫਿਲਮਾਂ ਦਾ ਵੀ ਨਿਰਮਾਣ ਹੋਣ ਲੱਗਾ, ਕਲਕੱਤਾ ਫਿਲਮ ਇੰਡਸਟਰੀ ਬੰਦ ਹੋਣ ਕਰਕੇ ਉੱਥੋਂ ਦੇ ਫਿਲਮੀ ਕਲਾਕਾਰ ਵੀ ਮੁੰਬਈ ਹੀ ਆ ਗਏ ਸਨ, ਸੋ ਉੱਥੇ ਜੋ ਪਹਿਲਾਂ ਪੰਜਾਬੀ ਫਿਲਮਾਂ ਬਣਦੀਆਂ ਸਨ, ਉਹ ਵੀ ਬੰਦ ਹੋ ਗਈਆਂ।

ਚੜ੍ਹਦੇ ਪੰਜਾਬ ਦੇ ਪੰਜਾਬੀ ਸਿਨੇਮਾ ਦਾ 6 ਅਗਸਤ, 1948 ਵਿੱਚ ਰਿਲੀਜ਼ ਹੋਈ ਪਹਿਲੀ ਪੰਜਾਬੀ ਫਿਲਮ 'ਚਮਨ' ਨਾਲ ਮੁੜ ਤੋਂ ਮੁੱਢ ਬੱਝਾ। ਬੰਬਈ ਵਿੱਚ ਬਣੀ ਜੈਮਿਨੀ ਦੀਵਾਨ ਪ੍ਰੋਡਕਸ਼ਨ ਦੀ ਫਿਲਮ 'ਚਮਨ' ਦੇ ਪ੍ਰਦਰਸ਼ਨ ਤੋਂ ਬਾਅਦ 1949 ਵਿੱਚ ਕੁਲਦੀਪ ਪਿਕਚਰਜ਼ ਲਿਮਟਿਡ ਬੰਬਈ ਦੇ ਬੈਨਰ ਹੇਠ ਰਜਿੰਦਰ ਸ਼ਰਮਾ ਦੀ ਡਾਇਰੈਕਟ ਕੀਤੀ ਫਿਲਮ 'ਲੱਛੀ' ਪ੍ਰਦਰਸ਼ਿਤ ਹੋਈ ਜਿਸ ਦੇ ਗੀਤਾਂ ਨੇ ਚਾਰੇ ਪਾਸੇ ਧੁੰਮਾਂ ਪਾ ਦਿੱਤੀਆਂ ਤੇ ਇਹ ਫਿਲਮ ਚੜ੍ਹਦੇ ਪੰਜਾਬ ਦੇ ਪੰਜਾਬੀ ਸਿਨੇਮਾ ਦੀ ਪਹਿਲੀ ਸੁਪਰਹਿੱਟ ਫਿਲਮ ਸਾਬਤ ਹੋਈ। ਇਸ ਤੋਂ ਬਾਅਦ 1951 ਵਿੱਚ ਇੱਕ ਹੋਰ ਫਿਲਮ ਸੁਪਰਹਿੱਟ ਹੋਈ 'ਪੋਸਤੀ', ਜਿਸ ਦੇ ਗੀਤ ਵੀ ਬੇਹੱਦ ਮਕਬੂਲ ਹੋਏ। ਪੰਜਾਹਵੇਂ ਅਤੇ ਸੱਠਵੇਂ ਦਹਾਕੇ ਵਿੱਚ ਪੰਜਾਬੀ ਫਿਲਮ ਇੰਡਸਟਰੀ ਨੇ ਕਈ ਪੰਜਾਬੀ ਫਿਲਮਾਂ ਜਿਨ੍ਹਾਂ ਦੀਆਂ ਖ਼ੂਬਸੂਰਤ ਕਹਾਣੀਆਂ ਅਤੇ ਮਧੁਰ ਗੀਤਾਂ ਨੂੰ ਉਸ ਜ਼ਮਾਨੇ ਵਿੱਚ ਬੇਹੱਦ ਪਸੰਦ ਕੀਤਾ ਗਿਆ, ਪੰਜਾਬੀ ਸਿਨੇਮਾ ਦੀ ਝੋਲੀ ਪਾਈਆਂ। ਪੰਜਾਬੀ ਲੋਕ ਦਾਸਤਾਨਾਂ, ਕਿੱਸੇ ਕਹਾਣੀਆਂ ਨੂੰ ਫਿਲਮੀ ਪਰਦੇ 'ਤੇ ਲਿਆਉਣ ਦੇ ਨਾਲ ਨਾਲ ਪੰਜਾਬ ਦੀ ਵੰਡ ਦੇ ਦੁਖਾਂਤ 'ਤੇ ਵੀ ਉਸ ਵੇਲੇ ਪੰਜਾਬੀ ਫਿਲਮਾਂ ਬਣਾਈਆਂ ਜਾਣ ਲੱਗੀਆਂ।

ਵੰਡ ਦੇ ਦਰਦ ਨੂੰ ਬਿਆਨ ਕਰਦੀ ਕਲਾਸਿਕ ਪੰਜਾਬੀ ਫਿਲਮ 'ਚੌਧਰੀ ਕਰਨੈਲ ਸਿੰਘ' (1962) ਪੰਜਾਬੀ ਸਿਨੇਮਾ ਦੀ ਪਹਿਲੀ ਨੈਸ਼ਨਲ ਐਵਾਰਡ ਹਾਸਲ ਕਰਨ ਵਾਲੀ ਫਿਲਮ ਬਣੀ। ਸਾਲ 1948 ਤੋਂ 1980 ਤੱਕ ਚੜ੍ਹਦੇ ਪੰਜਾਬ ਵਿੱਚ ਕੁੱਲ 170 ਦੇ ਕਰੀਬ ਫਿਲਮਾਂ ਹੀ ਬਣੀਆਂ ਜੋ ਕਿ ਗਿਣਤੀ ਪੱਖੋਂ ਬਹੁਤ ਘੱਟ ਸਨ। ਇਸ ਤੋਂ ਬਾਅਦ ਪੰਜਾਬੀ ਸਿਨੇਮਾ ਨੇ ਕਈ ਦੌਰ ਵੇਖੇ, ਚੰਗੇ ਵੀ ਤੇ ਮਾੜੇ ਵੀ, ਪਰ 6 ਦਸੰਬਰ 1988 ਵਿੱਚ ਅਦਾਕਾਰ ਵਰਿੰਦਰ ਦੀ ਹੱਤਿਆ ਤੋਂ ਬਾਅਦ ਪੰਜਾਬੀ ਫਿਲਮ ਇੰਡਸਟਰੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਉਸ ਦੇ ਜਾਣ ਤੋਂ ਬਾਅਦ ਪੰਜਾਬੀ ਫਿਲਮਾਂ ਦੇ ਨਿਰਮਾਣ ਵਿੱਚ ਕਮੀ ਦੇ ਨਾਲ ਫਿਲਮਾਂ ਦੇ ਮਿਆਰ ਵਿੱਚ ਵੀ ਗਿਰਾਵਟ ਆਉਣ ਲੱਗੀ।

ਸਾਲ 2000 ਤੱਕ ਪੰਜਾਬੀ ਸਿਨੇਮਾ ਦੀ ਹਾਲਤ ਡਾਂਵਾਡੋਲ ਹੀ ਰਹੀ। ਇਸੇ ਸਮੇਂ ਦੌਰਾਨ 1999 ਵਿੱਚ ਰਿਲੀਜ਼ ਹੋਈਆਂ 'ਮਾਹੌਲ ਠੀਕ ਹੈ', 'ਸ਼ਹੀਦੇ ਮੁਹੱਬਤ' ਵਰਗੀਆਂ ਖ਼ੂਬਸੂਰਤ ਫਿਲਮਾਂ ਨੇ ਪੰਜਾਬੀ ਸਿਨੇਮਾ ਨੂੰ ਨਵੀ ਦਿਸ਼ਾ ਦੇਣ ਦੀ ਕੋਸ਼ਿਸ਼ ਕੀਤੀ ਅਤੇ ਫਿਰ 2002 ਵਿੱਚ ਰਿਲੀਜ਼ ਹੋਈ ਪੰਜਾਬੀ ਫਿਲਮ 'ਜੀ ਆਇਆ ਨੂੰ' ਦੀ ਅਪਾਰ ਸਫਲਤਾ ਤੋਂ ਬਾਅਦ ਨਵੇਂ ਪੰਜਾਬੀ ਸਿਨੇਮਾ ਦਾ ਆਗਾਜ਼ ਹੋਇਆ। ਇਸ ਫਿਲਮ ਦੀ ਸਫਲਤਾ ਤੋਂ ਬਾਅਦ ਫਿਲਮ ਨਿਰਮਾਣ ਵਿੱਚ ਤੇਜ਼ੀ ਆਈ ਅਤੇ ਤਕਨੀਕੀ ਤੌਰ 'ਤੇ ਵੀ ਮਿਆਰੀ ਫਿਲਮਾਂ ਬਣਨ ਲੱਗੀਆਂ। ਫਿਲਮਾਂ ਦੀ ਸਫਲਤਾ ਨਾਲ ਬਹੁਤ ਸਾਰੇ ਫਿਲਮ ਨਿਰਮਾਤਾ ਪੰਜਾਬੀ ਫਿਲਮਾਂ ਦੇ ਨਿਰਮਾਣ ਵਿੱਚ ਦਿਲਚਸਪੀ ਲੈਣ ਲੱਗੇ। ਦੇਖਦੇ ਹੀ ਦੇਖਦੇ ਪੰਜਾਬੀ ਸਿਨੇਮਾ ਆਪਣੇ ਸੁਨਹਿਰੀ ਦੌਰ ਵਿੱਚ ਦਾਖਲ ਹੋ ਗਿਆ। ਅੱਜ ਔਸਤਨ ਸਾਲ ਦੀਆਂ 50 ਤੋਂ 60 ਦੇ ਕਰੀਬ ਪੰਜਾਬੀ ਫਿਲਮਾਂ ਬਣ ਰਹੀਆਂ ਹਨ। ਪੰਜਾਬੀ ਅਦਾਕਾਰ ਦਿਲਜੀਤ ਦੁਸਾਂਝ, ਅਮਰਿੰਦਰ ਗਿੱਲ, ਐਮੀ ਵਿਰਕ, ਨੀਰੂ ਬਾਜਵਾ, ਸੋਨਮ ਬਾਜਵਾ, ਸਰਗੁਣ ਮਹਿਤਾ, ਨਿਮਰਤ ਖਹਿਰਾ ਅੱਜ ਦੇ ਪੰਜਾਬੀ ਸਿਨੇਮਾ ਦੇ ਨਾਮੀ ਚਿਹਰੇ ਹਨ ਜੋ ਪੂਰੀ ਦੁਨੀਆ ਵਿੱਚ ਪੰਜਾਬੀ ਫਿਲਮਾਂ ਦੇ ਸੁਪਰ ਸਟਾਰ ਵਜੋਂ ਪਛਾਣੇ ਜਾਂਦੇ ਹਨ।

ਸਾਲ 1947 ਦੀ ਵੰਡ ਤੋਂ ਬਾਅਦ ਨਵੇਂ ਬਣੇ ਦੇਸ਼ ਪਾਕਿਸਤਾਨ ਦੇ ਲਾਹੌਰ ਸ਼ਹਿਰ ਨੂੰ ਪਾਕਿਸਤਨ ਦੀ ਫਿਲਮ ਇੰਡਸਟਰੀ ਦੇ ਤੌਰ 'ਤੇ ਵੇਖਿਆ ਜਾਣ ਲੱਗਾ, ਪਰ ਤਬਾਹ ਹੋਏ ਫਿਲਮ ਸਟੂਡੀਓ, ਫਿਲਮ ਬਣਾਉਣ ਦੇ ਸਾਜ਼ੋ ਸਾਮਾਨ ਦੀ ਘਾਟ, ਫੰਡਾਂ ਦੀ ਘਾਟ ਕਰਕੇ ਫਿਲਮ ਉਦਯੋਗ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਪਰ ਇਸ ਸਭ ਦੇ ਬਾਵਜੂਦ ਨਵੀਂ ਫਿਲਮ ਇੰਡਸਟਰੀ ਨੇ 7 ਅਗਸਤ 1948 ਨੂੰ ਲਾਹੌਰ ਦੇ ਪ੍ਰਭਾਤ ਸਿਨੇਮਾ ਵਿੱਚ ਆਪਣੀ ਪਹਿਲੀ ਫਿਲਮ 'ਤੇਰੀ ਯਾਦ' ਦਾ ਪ੍ਰੀਮੀਅਰ ਕੀਤਾ। ਇਸ ਫਿਲਮ ਤੋਂ ਬਾਅਦ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਪੰਜਾਬੀ ਸਿਨੇਮਾ ਦੀ ਪਹਿਲੀ ਪੰਜਾਬੀ ਫਿਲਮ 'ਫੇਰੇ' ਰਿਲੀਜ਼ ਹੋਈ। 28 ਜੁਲਾਈ 1949 ਨੂੰ ਈਦ ਉਲ ਫਿਤਰ ਦੇ ਦਿਹਾੜੇ 'ਤੇ ਰਿਲੀਜ਼ ਹੋਈ ਇਸ ਫਿਲਮ ਨੂੰ ਬੇਹੱਦ ਕਾਮਯਾਬੀ ਹਾਸਲ ਹੋਈ। ਇਸ ਫਿਲਮ ਦੀ ਸਫਲਤਾ ਨੇ ਲਾਹੌਰ ਫਿਲਮ ਇੰਡਸਟਰੀ ਨੂੰ ਨਵਾਂ ਜੀਵਨ ਦਿੱਤਾ। ਅਦਾਕਾਰਾ ਸਵਰਨ ਲਤਾ, ਅਦਾਕਾਰ ਨਜ਼ੀਰ, ਅਲਾਓਦੀਨ, ਐੱਮ. ਇਸਮਾਇਲ ਅਤੇ ਨਜ਼ਰ ਦੀਆਂ ਮੁੱਖ ਭੂਮਿਕਾਵਾਂ ਨਾਲ ਸਜੀ ਇਸ ਫਿਲਮ ਦਾ ਨਿਰਦੇਸ਼ਨ ਮਜੀਦ ਨੇ ਦਿੱਤਾ ਸੀ ਤੇ ਸੁਪਰਵਾਇਜ਼ਰ ਵਜੋਂ ਅਦਾਕਾਰ ਨਿਰਦੇਸ਼ਕ ਨਜ਼ੀਰ ਨੇ ਇਸ ਫਿਲਮ ਦੀ ਪੂਰੀ ਰੂਪਰੇਖਾ ਉਲੀਕੀ ਸੀ। ਇਸ ਫਿਲਮ ਤੋਂ ਬਾਅਦ ਲਹਿੰਦੇ ਪੰਜਾਬ ਦੀ ਪੰਜਾਬੀ ਫਿਲਮ ਇੰਡਸਟਰੀ ਜਿਸ ਨੂੰ ਲੌਲੀਵੁੱਡ ਦਾ ਨਾਂ ਦਿੱਤਾ ਗਿਆ (ਲਾਹੌਰ ਦੇ ਨਾਮ ਅਤੇ ਹੌਲੀਵੁੱਡ ਦੇ ਨਾਮ ਨੂੰ ਮਿਲਾ ਕੇ) ਨੇ ਇੱਕ ਤੋਂ ਬਾਅਦ ਇੱਕ ਕਈ ਖ਼ੂਬਸੂਰਤ ਗੀਤਾਂ ਤੇ ਕਹਾਣੀਆਂ ਨਾਲ ਸਜੀਆਂ ਪੰਜਾਬੀ ਫਿਲਮਾਂ ਦਾ ਨਿਰਮਾਣ ਕੀਤਾ। ਸੰਨ 1948 ਤੋਂ 1980 ਤੱਕ ਲਾਹੌਰ ਫਿਲਮ ਇੰਡਸਟਰੀ ਵਿੱਚ ਪੰਜਾਬੀ ਫਿਲਮਾਂ ਬਣਨ ਦੀ ਗਿਣਤੀ ਉਰਦੂ ਫਿਲਮਾਂ ਨਾਲੋਂ ਕਿਤੇ ਜ਼ਿਆਦਾ ਸੀ। ਉਹ ਦੌਰ ਪਾਕਿਸਤਾਨੀ ਪੰਜਾਬੀ ਫਿਲਮਾਂ ਦਾ ਸੁਨਹਿਰੀ ਦੌਰ ਸੀ। ਕੁਝ ਪੰਜਾਬੀ ਸੁਪਰਹਿੱਟ ਫਿਲਮਾਂ 'ਯੱਕੇਵਾਲੀ', 'ਦੁੱਲਾ ਭੱਟੀ', 'ਚੰਨ ਵੇ', 'ਜ਼ਬਰੂ', 'ਦਿਲਾਂ ਦੇ ਸੌਦੇ', 'ਮੁੱਖੜਾ ਚੰਨ ਵਰਗਾ', 'ਮਿਰਜ਼ਾ ਜੱਟ', 'ਪਾਟੇ ਖਾਨ', 'ਨਾਜ਼ੀ', 'ਕਰਤਾਰ ਸਿੰਘ', 'ਮਲੰਗੀ', 'ਹੀਰ ਰਾਂਝਾ', 'ਬਸ਼ੀਰਾ', 'ਦੋ ਰੰਗੀਲੇ', 'ਜਿੱਦੀ', 'ਨੌਕਰ ਵਹੁਟੀ ਦਾ', 'ਸ਼ਰੀਫ਼ ਬਦਮਾਸ਼', 'ਮੌਲਾ ਜੱਟ', 'ਦੁਬਈ ਚੱਲੋ', 'ਸਾਲਾ ਸਾਹਿਬ', 'ਸ਼ੇਰ ਖਾਨ', 'ਨੌਕਰ ਤੇ ਮਾਲਕ', 'ਇਸ਼ਕ ਨਚਾਵੇ ਗਲੀ ਗਲੀ', 'ਧੀ ਰਾਣੀ' ਅਤੇ 'ਮਜ਼ਾਜਣ' ਆਦਿ।

ਚੜ੍ਹਦੇ ਪੰਜਾਬ ਦੀ ਫਿਲਮ ਇੰਡਸਟਰੀ ਨਾਲੋਂ ਪਾਕਿਸਤਾਨ ਦੀ ਪੰਜਾਬੀ ਫਿਲਮ ਇੰਡਸਟਰੀ ਬਹੁਤ ਵੱਡੀ ਸੀ ਜਿਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉੱਥੋਂ ਦੇ ਪੰਜਾਬੀ ਫਿਲਮਾਂ ਦੇ ਅਦਾਕਾਰ ਉਰਦੂ ਫਿਲਮਾਂ ਦੇ ਅਦਾਕਾਰਾਂ ਦੇ ਬਰਾਬਰ ਸੁਪਰ ਸਟਾਰ ਦੀ ਹੈਸੀਅਤ ਰੱਖਦੇ ਸਨ।

(**ਬਾਕੀ ਸਫ਼ਾ 27 'ਤੇ**)

# 'ਹਾਏ ਜਮਾਲੋ' ਗੀਤ ਦਾ ਇਤਿਹਾਸਿਕ ਪਿਛੋਕੜ

ਪੁਰਾਤਨ ਤੇ ਪ੍ਰਾਚੀਨ ਗੀਤ 'ਗੱਡੀ ਆ ਗਈ ਮੈਦਾਨ 'ਤੇ ਹਾਏ ਜਮਾਲੋ', ਜਿਸ ਨੂੰ ਚੜ੍ਹਦੇ ਪੰਜਾਬ ਦੇ ਗੋਲਡਨ ਸਟਾਰ ਪੰਜਾਬੀ ਲੋਕ ਗਾਇਕ ਮਲਕੀਤ ਸਿੰਘ ਵੱਲੋਂ 'ਤੂਤਕ ਤੂਤਕ ਤੂਤਕ ਤੂਤੀਆਂ ਹਾਈ ਜਮਾਲੋ' ਦੇ ਸ਼ਬਦੀ ਬੋਲਾਂ ਰਾਹੀਂ ਗਾਇਆ ਗਿਆ ਸੀ ਜੋ ਕਿ ਆਪਣੇ ਸਮੇਂ ਕਾਫੀ ਮਸ਼ਹੂਰ ਤੇ ਮਕਬੂਲ ਵੀ ਹੋਇਆ ਸੀ। ਪਰ ਅਸਲ 'ਚ ਇਸ ਗੀਤ ਦਾ ਗੂੜਾ ਸਬੰਧ ਪਿਛੋਕੜ ਤੇ ਇਤਿਹਾਸ ਲਹਿੰਦੇ ਪੰਜਾਬ ਪਾਕਿਸਤਾਨ ਦੇ ਸਕੂਰ ਬ੍ਰਿਜ਼ (ਲੇਨਸ ਡਾਊਨ) ਨਾਲ ਹੈ ਜੋ ਕਿ ਬਿਨ੍ਹਾਂ ਕਿਸੇ ਕਾਲਮ, ਬੁਰਜ਼ ਤੇ ਸਪੋਰਟ ਦੇ ਅੱਜ ਵੀ ਚਾਲੂ ਤੇ ਚੰਗੀ ਹਾਲਤ 'ਚ ਖੜਾ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ।

ਜਾਣਕਾਰੀ ਅਨੁਸਾਰ ਪਾਕਿਸਤਾਨ ਦਾ ਸਕੂਰ ਬ੍ਰਿਜ਼, ਜੋ ਕਿ ਕੈਂਚੀ ਬ੍ਰਿਜ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਪੁਲ਼ ਦੀ ਇੱਕ ਚਾਬੀ ਹੋਣ ਤੇ ਬਾਅਦ 'ਚ ਦਰਿਆ ਵਿੱਚ ਡਿੱਗ ਕੇ ਗੁੰਮ ਹੋ ਜਾਣ ਦੀ ਗੱਲ ਵੀ ਪ੍ਰਚੱਲਿਤ ਹੈ। ਇਸ ਦਾ ਨਿਰਮਾਣ ਅੰਗਰੇਜ਼ੀ ਸਾਮਰਾਜ ਸਮੇਂ 140 ਸਾਲ ਪਹਿਲਾਂ ਵੈਸਟਵੁੱਡ ਨਾਮ ਦੀ ਕੰਪਨੀ ਵੱਲੋਂ ਕੀਤਾ ਗਿਆ ਸੀ। ਇਹ ਓਹੀ ਕੰਪਨੀ ਸੀ, ਜਿਸ ਨੇ ਸੰਨ 1880 'ਚ ਅੱਟਕ ਦਰਿਆ ਦੇ ਉੱਪਰ ਪੁਲ਼ ਦਾ



ਨਿਰਮਾਣ ਕੀਤਾ ਸੀ। ਸੰਨ 1872 ਤੋਂ ਲੈ ਕੇ 1882 ਤੱਕ ਉਸ ਸਮੇਂ ਦੀਆਂ ਕਈ ਦੇਸੀ-ਵਿਦੇਸ਼ੀ ਕੰਪਨੀਆਂ ਵੱਲੋਂ ਸਕੂਰ ਬ੍ਰਿਜ ਦੇ ਨਿਰਮਾਣ ਨੂੰ ਲੈ ਕੇ ਸਰਵੇਖਣ ਕੀਤੇ ਗਏ। ਇਸ ਇੱਕ ਦਹਾਕੇ ਦੇ ਅਰਸੇ ਦੌਰਾਨ ਸਮੁੱਚੀਆਂ ਕੰਪਨੀਆਂ ਨੇ ਇਹ ਕਹਿ ਕੇ ਪੁੱਲ ਨਿਰਮਾਣ ਤੋਂ ਕਿਨਾਰਾ ਕਰ ਲਿਆ ਕਿ ਇਸ ਜਗ੍ਹਾ 'ਤੇ ਪਾਣੀ ਦੀ ਗਹਿਰਾਈ ਅਤੇ ਵਹਾਅ ਬਹੁਤ ਤੇਜ਼ ਹੈ। ਇਸ ਲਈ ਇਹ ਅਸੰਭਵ ਹੀ ਨਹੀਂ ਬਲਕਿ ਨਾਮੁਮਕਿੰਨ ਵੀ ਹੈ। ਪਰ ਦੂਜੇ ਪਾਸੇ ਵੈਸਟਵੁੱਡ ਨਾਂ ਦੀ ਕੰਪਨੀ ਨੇ ਇੱਕ ਮਾਡਲ ਤਿਆਰ ਕਰ ਕੇ ਇਸ ਪੁਲ਼ ਨੂੰ ਬਣਾਉਣ ਅਤੇ ਇਸ ਉੱਪਰ ਸੜਕੀ ਆਵਾਜਾਈ ਦੇ ਨਾਲ-ਨਾਲ ਰੇਲਵੇ ਟ੍ਰੈਕ ਵਿਛਾ ਕੇ ਰੇਲਵੇ ਸੇਵਾਵਾਂ ਬਹਾਲ ਕਰਨ ਦਾ ਦਾਅਵਾ ਵੀ ਕੀਤਾ, ਜਿਸ ਨੂੰ ਅੰਗਰੇਜ਼ੀ ਹਕੂਮਤ ਵੱਲੋਂ ਮੰਨ ਲਿਆ ਗਿਆ। ਫਿਰ 11 ਜੁਲਾਈ 1884 'ਚ ਵੈਸਟਵੁੱਡ ਨਾਂ ਦੀ ਇਸ ਅੰਗਰੇਜ਼ੀ ਕੰਪਨੀ ਵੱਲੋਂ ਇਸ ਦੇ ਨਿਰਮਾਣ ਕਾਰਜਾਂ ਨੂੰ ਅਮਲੀਜਾਮਾ ਪਹਿਨਾਉਣਾ ਸ਼ੁਰੂ ਕੀਤਾ ਤੇ ਆਪਣੇ ਵਾਅਦੇ ਮੁਤਾਬਕ ਬਿਨ੍ਹਾਂ ਕਿਸੇ ਸਪੋਰਟ, ਕਾਲਮ ਤੇ ਬੁਰਜ਼ ਦੇ ਹੈਰਾਨੀਜਨਕ ਤਕਨੀਕ ਨਾਲ 1889 'ਚ ਤਿਆਰ ਕਰਕੇ ਲੋਕ ਅਰਪਣ ਕਰ ਦਿੱਤਾ। ਇੱਥੋਂ ਤੱਕ ਤਾਂ ਸਭ ਕੁਝ ਠੀਕ ਠਾਕ ਚੱਲਿਆ ਪਰ ਜਦੋਂ ਇਸ ਪੁੱਲ ਦੇ ਉੱਪਰੋਂ ਰੇਲ ਗੱਡੀ ਆਰ-ਪਾਰ ਕਰਨ ਦਾ ਵਿਚਾਰ-ਵਟਾਂਦਰਾ ਹੋਇਆ ਤਾਂ ਸੱਭ ਧਿਰਾਂ ਸੋਚਾਂ 'ਚ ਪੈ ਗਈਆਂ। ਫਿਰ ਇਸ ਤੋਂ ਬਾਅਦ ਫਾਂਸੀ ਦੀ ਸਜ਼ ਪ੍ਰਾਪਤ ਜਮਾਲੂਦੀਨ ਨਾਮ ਦੇ ਇੱਕ ਕੈਦੀ ਨੂੰ ਰੇਲ ਗੱਡੀ ਪਾਰ ਕਰਵਾ ਦੇਣ ਦੀ ਸੂਰਤ 'ਚ ਉਸ ਦੀ ਫਾਂਸੀ ਦੀ ਸਜ਼ਾ ਨੂੰ ਮਾਫ਼ ਕਰ ਦੇਣ ਦੀ ਪੇਸ਼ਕਸ਼ ਕੀਤੀ ਗਈ। ਜਿਸ ਨੂੰ ਜਮਾਲੂਦੀਨ ਵੱਲੋਂ ਬਿਨ੍ਹਾਂ ਸੋਚੇ ਸਮਝੇ ਸਵੀਕਾਰ ਕਰ ਲਿਆ ਗਿਆ ਤੇ ਫਿਰ ਉਸ ਤੋਂ ਬਾਅਦ ਅੰਗਰੇਜ਼ੀ ਰੇਲ ਪ੍ਰਸ਼ਾਸ਼ਨ ਵੱਲੋਂ ਉਸ ਨੂੰ ਕਈ ਮਹੀਨੇ ਬਕਾਇਦਾ ਰੇਲ ਗੱਡੀ ਚਲਾਉਣ ਦੀ ਟ੍ਰੇਨਿੰਗ ਦਿੱਤੀ ਗਈ। ਫਿਰ ਜਮਾਲੂਦੀਨ ਦੇ ਤਿਆਰ ਹੋ ਜਾਣ ਤੋਂ ਬਾਅਦ ਇੱਕ ਰੇਲ ਗੱਡੀ ਨੂੰ ਪੁਲ਼ ਦੇ ਉਸ ਪਾਰ ਲੈ ਕੇ ਜਾਣ ਦੀ ਸ਼ਰਤ ਨੂੰ ਅਮਲੀਜਾਮਾ ਪਹਿਨਾਉਣ ਦਾ ਦਿਨ ਮਿੱਥ ਦਿੱਤਾ ਗਿਆ। ਉਸ ਦਿਨ ਪੁਲ਼ ਦੇ ਦੋਵੇਂ ਪਾਸੇ ਜਨਤਾ ਦਾ ਵੱਡਾ ਜਮਾਵੜਾ ਜਮ੍ਹਾਂ ਹੋ ਗਿਆ, ਜਦਕਿ ਪੁਲ਼ ਦੇ ਦੂਸਰੇ ਪਾਸੇ ਜਮਾਲੂਦੀਨ ਦੀ ਪਤਨੀ ਤੇ ਉਸ ਦੇ ਪਰਿਵਾਰਕ ਮੈਂਬਰ ਵੀ ਖੜ੍ਹੇ ਸਨ। ਜਿਉਂ ਹੀ ਜਮਾਲੂਦੀਨ ਨੇ ਸਹੀ ਸਲਾਮਤ ਤੇ ਸੁਰੱਖਿਅਤ ਤਰੀਕੇ ਨਾਲ ਰੇਲ ਗੱਡੀ ਨੂੰ ਪੁਲ਼ ਦੇ ਉਸ ਪਾਰ ਕਰ ਦਿੱਤਾ। ਇਸ 'ਤੇ ਸਮੁੱਚੀ ਖਲਕਤ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਤਾੜੀਆਂ ਵਜਾ ਕੇ ਜਮਾਲੂਦੀਨ ਦੀ ਸ਼ੇਰ ਤੇ ਫ਼ਰਾਖਦਿਲੀ ਦਾ ਸਵਾਗਤ ਤੇ ਹੌਸਲਾ ਅਫਜਾਈ ਕੀਤੀ ਤੇ ਨਾਲ ਇਹ ਵੀ ਗਾਇਆ ਕਿ ਗੱਡੀ ਆ ਗਈ ਮੈਦਾਨ 'ਤੇ ਹਾਏ ਜਮਾਲੋ ਇਸ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਆਪਣੇ ਵਾਅਦੇ ਮੁਤਾਬਕ ਜ਼ਮਾਲੂਦੀਨ ਦੀ ਫਾਂਸੀ ਦੀ ਸਜ਼ਾ ਮਾਫ਼ ਕਰ ਕੇ ਰਿਹਾਅ ਕਰ ਦਿੱਤਾ। ਉਸ ਦੇ ਪਰਿਵਾਰਕ ਮੈਂਬਰਾਂ ਤੇ ਸਮੁੱਚੇ ਲੋਕਾਂ ਨੇ ਖੁਸ਼ੀ ਨਾਲ ਅੱਖਾਂ ਨਮ ਕਰਦੇ ਹੋਏ ਜਮਾਲੂਦੀਨ ਦੇ ਹੱਕ 'ਚ ਨਾਅਰੇਬਾਜ਼ੀ ਵੀ ਕੀਤੀ ਤੇ ਫਿਰ ਉਸ ਤੋਂ ਬਾਅਦ ਗੱਡੀ ਆ ਗਈ ਮੈਦਾਨ 'ਤੇ ਹਾਏ ਜਮਾਲੋ ਇਕ ਗੀਤ ਦੇ ਰੂਪ 'ਚ ਪ੍ਰਚੱਲਤ ਹੋ ਗਿਆ ਜੋ ਕਿ ਹੁਣ ਤੱਕ ਚੜ੍ਹਦੇ ਤੇ ਲਹਿੰਦੇ ਪੰਜਾਬ 'ਚ ਹਰ ਖੁਸ਼ੀ ਦੇ ਮੌਕੇ ਗਾਇਆ ਤੇ ਪ੍ਰਸਾਰਿਆ ਜਾਂਦਾ ਹੈ। ਗੀਤ ਸੰਗੀਤ ਨਾਲ ਜੁੜੇ ਨਾਮਵਰ ਬੈਂਡ ਵਾਲੇ ਵੀ ਪਹਿਲ ਦੇ ਆਧਾਰ 'ਤੇ ਇਸ ਗੀਤ ਦੀ ਧੁੰਨ ਵਜਾ ਕੇ ਸਭ ਦਾ ਮਨ ਪਰਚਾਉਂਦੇ ਹਨ।

## ਜੰਗ ਦੀ ਮਾਰ: ਵਿਸ਼ਵ ਦੀ ਆਰਥਿਕਤਾ ਤਬਾਹੀ ਵੱਲ

ਇਰਾਨ ਸੰਕਟ ਨੇ ਹੁਣ ਭਾਰਤ ਦੇ ਘਰੇਲੂ ਬਾਜ਼ਾਰ ਵਿੱਚ ਮਹਿੰਗਾਈ ਦਾ ਖਤਰਾ ਵਧਾ ਦਿੱਤਾ ਹੈ। ਉਦਯੋਗ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਅਪ੍ਰੈਲ ਮਹੀਨੇ ਤੋਂ ਪਲਾਸਟਿਕ ਨਾਲ ਬਣੀਆਂ ਵਸਤੂਆਂ ਦੀਆਂ ਕੀਮਤਾਂ ਵਿੱਚ 50 ਤੋਂ 60 ਫ਼ੀਸਦੀ ਤੱਕ ਦਾ ਭਾਰੀ ਵਾਧਾ ਹੋ ਸਕਦਾ ਹੈ।

ਅਖਿਲ ਭਾਰਤੀ ਪਲਾਸਟਿਕ ਨਿਰਮਾਤਾ ਸੰਘ ਅਨੁਸਾਰ ਇਸ ਮਹਿੰਗਾਈ ਦਾ ਅਸਰ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ', ਪੈਕਿੰਗ ਤੇ ਸਭ ਤੋਂ ਪਹਿਲਾਂ ਦਿਖਾਈ ਦੇਵੇਗਾ। ਸਿਰਫ਼ ਖਾਣ-ਪੀਣ ਦੀਆਂ ਚੀਜ਼ਾਂ ਹੀ ਨਹੀਂ, ਸਗੋਂ ਪਹਿਨਣ ਵਾਲੇ ਕੱਪੜੇ ਵੀ ਮਹਿੰਗੇ ਹੋਣਗੇ। ਉਦਯੋਗ ਮਾਹਿਰਾਂ ਦਾ ਮੰਨਣਾ ਹੈ ਕਿ "ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਮਾਲ ਦੀਆਂ ਕੀਮਤਾਂ ਸਭ ਲਈ ਬਰਾਬਰ ਵਧ ਰਹੀਆਂ ਹਨ, ਇਸ ਲਈ ਦਰਾਮਦ (ਇੰਪੋਰਟ) 'ਤੇ ਬਹੁਤਾ ਫ਼ਰਕ ਨਹੀਂ ਪਵੇਗਾ। ਹਾਲਾਂ ਕਿ, ਘਰੇਲੂ ਬਾਜ਼ਾਰ ਵਿੱਚ ਇਸ ਦਾ ਬੋਝ ਸਿੱਧਾ ਉਪਭੋਗਤਾਵਾਂ 'ਤੇ ਪਾਇਆ ਜਾਵੇਗਾ, ਜਿਸ ਨਾਲ ਮਹਿੰਗਾਈ ਹੋਰ ਵਧੇਗੀ।

ਤੇਲ ਅਤੇ ਗੈਸ ਦੀਆਂ ਵਧਦੀਆਂ ਕੀਮਤਾਂ ਨੇ ਖੇਤੀ ਦੀ ਲਾਗਤ ਵਧਾ ਦਿੱਤੀ ਹੈ, ਜਿਸ ਨਾਲ ਕਿਸਾਨਾਂ ਦੇ ਮੁਨਾਫ਼ੇ ਵਿੱਚ ਵੱਡੀ ਗਿਰਾਵਟ ਆਉਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਜੇ.ਐੱਨ.ਯੂ. ਦੇ ਐਸੋਸੀਏਟ ਪ੍ਰੋਫ਼ੈਸਰ ਹਿਮਾਂਸ਼ੂ ਅਨੁਸਾਰ, ਖਾੜੀ ਦੇਸ਼ਾਂ ਵਿੱਚ ਜੰਗ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਉਛਾਲ ਆਇਆ ਹੈ। ਡੀਜ਼ਲ ਮਹਿੰਗਾ ਹੋਣ ਨਾਲ ਟਰੈਕਟਰ ਅਤੇ ਮਸ਼ੀਨਰੀ ਦੀਆਂ ਕੀਮਤਾਂ ਵਧਣਗੀਆਂ। ਖੇਤਾਂ ਦੀ ਵਾਹੀ ਅਤੇ ਹੋਰ ਕੰਮਾਂ ਦੀ ਲਾਗਤ ਵਧੇਗੀ। ਡੀਜ਼ਲ ਇੰਜਣਾਂ ਰਾਹੀਂ ਕੀਤੀ ਜਾਣ ਵਾਲੀ ਸਿੰਚਾਈ ਹੁਣ ਕਿਸਾਨਾਂ ਦੀ ਜੇਬ 'ਤੇ ਭਾਰੀ ਪਵੇਗੀ। ਫ਼ਸਲਾਂ ਨੂੰ ਮੰਡੀਆਂ ਤੱਕ ਪਹੁੰਚਾਉਣ ਦਾ ਖਰਚਾ ਵੀ ਵਧ ਜਾਵੇਗਾ। ਭਾਰਤ ਆਪਣੀ ਯੂਰੀਆ ਅਤੇ ਹੋਰ ਕੰਪਲੈਕਸ ਖਾਦਾਂ ਦੀ ਲੋੜ ਲਈ ਸਾਊਦੀ ਅਰਬ, ਓਮਾਨ ਅਤੇ ਕਤਰ ਵਰਗੇ ਦੇਸ਼ਾਂ 'ਤੇ ਨਿਰਭਰ ਹੈ। ਜੰਗ ਕਾਰਨ ਸਮੁੰਦਰੀ ਰਸਤਿਆਂ ਵਿੱਚ ਪੈਦਾ ਹੋਈ ਰੁਕਾਵਟ ਖਾਦਾਂ ਦੀ ਦਰਾਮਦ ਨੂੰ ਪ੍ਰਭਾਵਿਤ ਕਰ ਸਕਦੀ ਹੈ। ਖਾਦ ਬਣਾਉਣ ਲਈ ਵਰਤੀ ਜਾਣ ਵਾਲੀ ਗੈਸ ਅਤੇ ਨੈਫ਼ਥਾ ਦੀਆਂ ਕੀਮਤਾਂ ਵਧਣ ਨਾਲ ਬਾਜ਼ਾਰ ਵਿੱਚ ਖਾਦਾਂ ਦੇ ਰੇਟ ਵਧਣ ਦਾ ਪੂਰਾ ਖ਼ਤਰਾ ਹੈ। ਪੱਛਮੀ ਏਸ਼ੀਆ ਭਾਰਤੀ ਬਾਸਮਤੀ ਚੌਲ ਅਤੇ ਮਸਾਲਿਆਂ ਦਾ ਸਭ ਤੋਂ ਵੱਡਾ ਖਰੀਦਦਾਰ ਹੈ। ਜੰਗ ਕਾਰਨ ਇਨ੍ਹਾਂ ਦੇਸ਼ਾਂ ਵਿੱਚ ਮੰਗ ਘਟਣ ਨਾਲ ਭਾਰਤੀ ਕਿਸਾਨਾਂ ਦੇ ਐਕਸਪੋਰਟ ਨੂੰ ਵੱਡਾ ਝਟਕਾ ਲੱਗ ਸਕਦਾ ਹੈ, ਜਿਸ ਨਾਲ ਘਰੇਲੂ ਬਾਜ਼ਾਰ ਵਿੱਚ ਫ਼ਸਲਾਂ ਦੇ ਭਾਅ ਡਿੱਗਣ ਦਾ ਡਰ ਹੈ।

ਭਾਰਤ ਖਾਣ ਵਾਲੇ ਤੇਲ ਅਤੇ ਦਾਲਾਂ ਦਾ ਵੱਡਾ ਹਿੱਸਾ ਬਾਹਰੋਂ ਮੰਗਵਾਉਂਦਾ ਹੈ। ਊਰਜਾ ਸੰਕਟ ਕਾਰਨ ਇਨ੍ਹਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣਾ ਲਾਜ਼ਮੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਤੁਰੰਤ ਦਖ਼ਲ ਦੇ ਕੇ ਖਾਦਾਂ ਦੀ ਉਪਲਬਧਤਾ ਯਕੀਨੀ ਬਣਾਏ ਅਤੇ ਕਿਸਾਨਾਂ ਨੂੰ ਵਧਦੀ ਲਾਗਤ ਤੋਂ ਬਚਾਉਣ ਲਈ ਵਿਸ਼ੇਸ਼ ਰਾਹਤ ਪੈਕੇਜ ਜਾਂ ਸਬਸਿਡੀ ਦਾ ਐਲਾਨ ਕਰੇ। ਇਹ ਸਭ ਤੋਂ ਹੈਰਾਨ ਕਰਨ ਵਾਲਾ ਪਹਿਲੂ ਇਹ ਹੈ ਕਿ ਜੰਗ ਦੇ ਸਮੇਂ ਜਦੋਂ ਆਮ ਜਨਤਾ ਪਿਸ ਰਹੀ ਹੈ, ਉਦੋਂ ਵੱਡੀਆਂ ਖੇਤੀਬਾੜੀ ਕੰਪਨੀਆਂ ਭਾਰੀ ਮੁਨਾਫ਼ਾ ਕਮਾ ਰਹੀਆਂ ਹਨ। ਆਧੁਨਿਕ ਖੇਤੀ ਪੂਰੀ ਤਰ੍ਹਾਂ ਸਿੰਥੈਟਿਕ ਖਾਦਾਂ 'ਤੇ ਨਿਰਭਰ ਹੈ, ਜੋ ਕੁਦਰਤੀ ਗੈਸ (ਫ਼ਾਸਿਲ ਫ਼ਿਊਲ) ਤੋਂ ਬਣਦੀਆਂ ਹਨ।

ਖਾਦ ਉਤਪਾਦਨ ਵਿੱਚ ਵਰਤੀ ਜਾਣ ਵਾਲੀ ਨਾਈਟ੍ਰੋਜਨ ਅਤੇ ਫ਼ਾਸਫ਼ੇਟ ਲਈ ਲੋੜੀਂਦਾ ਸਲ਼ਫ਼ਰ ਇਸੇ ਖੇਤਰ (ਇਰਾਨ ਅਤੇ ਆਸ-ਪਾਸ) ਤੋਂ ਆਉਂਦਾ ਹੈ।

ਇਹ ਕੰਪਨੀਆਂ ਜੰਗ ਨੂੰ ਇੱਕ 'ਮਾਰਕੀਟਿੰਗ ਮੌਕੇ' ਵਜੋਂ ਵਰਤ ਰਹੀਆਂ ਹਨ। ਇਸ ਸਾਰੇ ਘਟਨਾਕ੍ਰਮ ਲਈ ਸਿਰਫ਼ ਹਥਿਆਰਬੰਦ ਫ਼ੌਜਾਂ ਹੀ ਨਹੀਂ, ਸਗੋਂ ਉਹ ਕਾਰਪੋਰੇਟ ਲਾਬੀ ਵੀ ਜ਼ਿੰਮੇਵਾਰ ਹੈ ਜੋ ਜੰਗ ਨੂੰ ਇੱਕ 'ਮੁਨਾਫ਼ੇ ਦੇ ਮੌਕੇ' ਵਜੋਂ ਵੇਖਦੀ ਹੈ। ਜੇਕਰ ਪਾਕਿਸਤਾਨ ਦੀ ਵਿਚੋਲਗੀ ਜਾਂ ਕੌਮਾਂਤਰੀ ਦਬਾਅ ਕੰਮ ਨਹੀਂ ਆਉਂਦਾ,ਤਾਂ 2026 ਮਨੁੱਖਤਾ ਲਈ ਇੱਕ ਅਜਿਹਾ ਕਾਲਾ ਅਧਿਆਇ ਬਣ ਜਾਵੇਗਾ ਜਿਸ ਦੀ ਭਰਪਾਈ ਦਹਾਕਿਆਂ ਤੱਕ ਨਹੀਂ ਹੋ ਸਕੇਗੀ।

### ਪੰਜਾਬ ਵਿਸ਼ਵ ਸੰਕਟ ਦਾ ਸਾਹਮਣਾ ਕਿਵੇਂ ਕਰੇ ?

ਪੰਜਾਬ ਨੂੰ ਖੁਰਾਕ ਸੰਕਟ ਤੋਂ ਬਚਾਉਣ ਦਾ ਇੱਕੋ-ਇੱਕ ਰਸਤਾ ਸਥਾਨਕ ਖੇਤੀ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ ਹੈ। ਵੱਡੀਆਂ ਕੰਪਨੀਆਂ 'ਤੇ ਨਿਰਭਰਤਾ ਘਟਾ ਕੇ ਛੋਟੇ ਕਿਸਾਨਾਂ ਨੂੰ ਉਤਸ਼ਾਹਿਤ ਕਰਨਾ। ਪੰਜਾਬ ਦੇ ਕਿਸਾਨਾਂ ਨੂੰ ਸਿੰਥੈਟਿਕ ਖਾਦਾਂ ਦੇ ਬਦਲ ਵਜੋਂ ਹਰੀ ਖਾਦ, ਰੂੜੀ ਦੀ ਖਾਦ ਅਤੇ ਜੈਵਿਕ ਖੇਤੀ ਵੱਲ ਤੇਜ਼ੀ ਨਾਲ ਵਧਣਾ ਪਵੇਗਾ। ਜੇਕਰ ਜੰਗ ਕਾਰਨ ਖਾਦਾਂ ਦੀ ਸਪਲਾਈ ਰੁਕਦੀ ਹੈ, ਤਾਂ ਸਿਰਫ਼ ਉਹੀ ਕਿਸਾਨ ਬਚਣਗੇ ਜੋ ਕੁਦਰਤੀ ਖੇਤੀ ਨਾਲ ਜੁੜੇ ਹਨ। ਭੋਜਨ ਪ੍ਰਣਾਲੀ ਵਿੱਚ 'ਸਰਕੂਲਰਿਟੀ' ਲਿਆਉਣਾ ਤਾਂ ਜੋ ਸਪਲਾਈ ਚੇਨ ਜੰਗ ਵਰਗੇ ਬਾਹਰੀ ਝਟਕਿਆਂ ਨੂੰ ਸਹਿ ਸਕੇ। ਪੰਜਾਬ ਮੁੱਖ ਤੌਰ 'ਤੇ ਕਣਕ ਅਤੇ ਝੋਨੇ ਦੇ ਚੱਕਰ ਵਿੱਚ ਫ਼ਸਿਆ ਹੋਇਆ ਹੈ। ਜੰਗ ਕਾਰਨ ਗਲੋਬਲ ਸਪਲਾਈ ਚੇਨ ਟੁੱਟਣ ਨਾਲ ਤੇਲ-ਬੀਜ ਅਤੇ ਦਾਲਾਂ ਦੀ ਭਾਰੀ ਕਿੱਲਤ ਹੋ ਸਕਦੀ ਹੈ।

ਪੰਜਾਬ ਨੂੰ ਖਾਣ ਵਾਲੇ ਤੇਲ (ਜਿਵੇਂ ਸਰ੍ਹੋਂ, ਸੂਰਜਮੁਖੀ) ਅਤੇ ਦਾਲਾਂ ਦੀ ਖੇਤੀ ਵਧਾਉਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੀਆਂ ਲੋੜਾਂ ਲਈ ਬਾਹਰੀ ਮੁਲਕਾਂ ਜਾਂ 'ਬਿੱਗ ਐਗਰੀਕਲਚਰ' ਕੰਪਨੀਆਂ ਦੇ ਮੁਨਾਫ਼ੇ ਦੇ ਸ਼ਿਕਾਰ ਨਾ ਹੋਈਏ।

ਖੇਤੀਬਾੜੀ ਵਿੱਚ ਸੌਰ ਊਰਜਾ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਚਾਹੀਦੀ ਹੈ। ਜੇਕਰ ਖੇਤੀ-ਬਾੜੀ ਦੇ ਸੰਦ ਸੂਰਜੀ ਊਰਜਾ ਨਾਲ ਚੱਲਣਗੇ, ਤਾਂ ਜੰਗ ਕਾਰਨ ਵਧੀਆਂ ਤੇਲ ਦੀਆਂ ਕੀਮਤਾਂ ਕਿਸਾਨ ਦੀ ਜੇਬ 'ਤੇ ਬੋਝ ਨਹੀਂ ਪਾਉਣਗੀਆਂ। ਕਿਸਾਨਾਂ ਨੂੰ ਆਪਣੇ ਦੇਸੀ ਅਤੇ ਰਵਾਇਤੀ ਬੀਜਾਂ ਨੂੰ ਸਾਂਭਣ ਦੀ ਲੋੜ ਹੈ। ਬੀਜਾਂ ਲਈ ਕਿਸੇ ਕੰਪਨੀ ਦਾ ਮੂੰਹ ਤੱਕਣ ਦੀ ਬਜਾਏ 'ਬੀਜ ਬੈਂਕ' ਪਿੰਡ ਪੱਧਰ 'ਤੇ ਹੋਣੇ ਚਾਹੀਦੇ ਹਨ।

ਪੰਜਾਬ ਦੀ ਖੇਤੀਬਾੜੀ ਸਮਝ ਹੁਣ ਸਿਰਫ਼ 'ਝਾੜ' ਵਧਾਉਣ ਤੱਕ ਸੀਮਤ ਨਹੀਂ ਹੋਣੀ ਚਾਹੀਦੀ, ਸਗੋਂ 'ਸਵੈ-ਨਿਰਭਰਤਾ' ਅਤੇ 'ਸੁਰੱਖਿਆ' 'ਤੇ ਆਧਾਰਿਤ ਹੋਣੀ ਚਾਹੀਦੀ ਹੈ। ਜੰਗ ਇਹ ਸਿਖਾਉਂਦੀ ਹੈ ਕਿ ਜੋ ਕੌਮ ਆਪਣੇ ਭੋਜਨ ਅਤੇ ਊਰਜਾ ਲਈ ਦੂਜਿਆਂ 'ਤੇ ਨਿਰਭਰ ਹੈ, ਉਹ ਸਭ ਤੋਂ ਪਹਿਲਾਂ ਹਾਰਦੀ ਹੈ।

ਭਾਰਤ ਕੋਲ ਸੰਕਟ ਤੋਂ ਬਚਣ ਦੇ ਰਾਹ-ਆਰਥਿਕ ਮਾਹਿਰਾਂ ਅਨੁਸਾਰ ਭਾਰਤ ਆਪਣਾ 60 ਫ਼ੀਸਦੀ ਤੇਲ ਮੱਧ ਪੂਰਬ ਤੋਂ ਮੰਗਵਾਉਂਦਾ ਹੈ। ਜੇਕਰ ਹਾਰਮੁਜ਼ ਦਾ ਰਸਤਾ ਦੋ-ਤਿੰਨ ਮਹੀਨੇ ਹੋਰ ਬੰਦ ਰਹਿੰਦਾ ਹੈ, ਤਾਂ ਵਿਸ਼ਵ ਮੰਦੀ ਤੈਅ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਨੂੰ ਹੁਣ ਆਪਣੇ ਰਣਨੀਤਕ ਤੇਲ ਭੰਡਾਰ ਵਧਾਉਣੇ ਹੋਣਗੇ। ਨਵਿਆਉਣਯੋਗ ਊਰਜਾ ਦੀ ਰਫ਼ਤਾਰ ਤੇਜ਼ ਕਰਨੀ ਪਵੇਗੀ। ਰੂਸ ਅਤੇ ਮੱਧ ਏਸ਼ੀਆ ਤੋਂ ਤੇਲ ਦੀ ਦਰਾਮਦ ਵਿੱਚ ਵਿਭਿੰਨਤਾ ਲਿਆਉਣੀ ਹੋਵੇਗੀ। ਇਹ ਜੰਗ ਸਿਰਫ਼ ਦੋ ਦੇਸ਼ਾਂ ਦੀ ਸਰਹੱਦ ਦੀ ਲੜਾਈ ਨਹੀਂ ਹੈ, ਸਗੋਂ ਇਹ 'ਕਾਰਪੋਰੇਟ ਲਾਲਚ' ਅਤੇ 'ਮਨੁੱਖੀ ਹੋਂਦ' ਵਿਚਕਾਰਲੀ ਜੰਗ ਹੈ। ਇਹਨਾਂ ਜੰਗਾਂ ਦਾ ਕੋਈ ਅੰਤ ਨਹੀਂ ਹੈ। ਜੰਗ ਦਾ ਕੋਈ ਸਪੱਸ਼ਟ ਜੇਤੂ ਨਹੀਂ ਹੋਵੇਗਾ, ਪਰ ਇਸ ਦੀ ਕੀਮਤ ਪੂਰੀ ਦੁਨੀਆ ਨੂੰ ਚੁਕਾਉਣੀ ਪੈ ਰਹੀ ਹੈ। ਜੇਕਰ ਕੂਟਨੀਤੀ ਸਫ਼ਲ ਨਾ ਹੋਈ, ਤਾਂ ਵਿਕਾਸ ਦਰ ਵਿੱਚ 1-2 ਫ਼ੀਸਦੀ ਦੀ ਗਿਰਾਵਟ ਅਤੇ ਮਹਿੰਗਾਈ ਦਾ ਅਜਿਹਾ ਦੌਰ ਆਵੇਗਾ ਜਿਸ ਤੋਂ ਉਭਰਨ ਵਿੱਚ ਸਾਲਾਂ ਲੱਗ ਜਾਣਗੇ।

***

## ਕੈਨੇਡਾ 'ਚ ਨਵਾਂ ਨਫ਼ਰਤ ਵਿਰੋਧੀ ਕਾਨੂੰਨ ਪਾਸ

ਇੰਡੋ-ਕੈਨੇਡੀਅਨ ਗਰੁੱਪਾਂ ਨੇ ਲੰਬੇ ਸਮੇਂ ਤੋਂ ਖ਼ਾਲਿਸਤਾਨੀ ਤੱਤਾਂ ਵੱਲੋਂ ਗੁਰਦੁਆਰਿਆਂ, ਮੰਦਰਾਂ ਅਤੇ ਯਹੂਦੀ ਸਥਾਨਾਂ ਉੱਤੇ ਹਮਲਿਆਂ ਅਤੇ ਨਫ਼ਰਤੀ ਰੈਲੀਆਂ ਦੀ ਸ਼ਿਕਾਇਤ ਕੀਤੀ ਸੀ। ਜਦ ਕਿ ਖ਼ਾਲਿਸਤਾਨੀ ਧਿਰਾਂ ਦਾ ਮੰਨਣਾ ਸੀ ਕਿ ਇਹ ਭਾਰਤੀ ਏਜੰਸੀਆਂ ਦਾ ਕੰਮ ਹੈ ਜੋ ਅਜਿਹੇ ਅਪਰਾਧ ਕਰਕੇ ਖ਼ਾਲਿਸਤਾਨੀਆਂ ਨੂੰ ਬਦਨਾਮ ਕਰਦੇ ਹਨ।

ਖ਼ਾਲਿਸਤਾਨੀ ਤੱਤਾਂ ਨਾਲ ਜੁੜੇ ਲੋਕ ਇਸ ਨੂੰ ਆਪਣੇ ਉੱਤੇ ਟਾਰਗੇਟ ਮੰਨ ਰਹੇ ਹਨ। ਸਿਵਲ ਲਿਬਰਟੀਜ਼ ਗਰੁੱਪਾਂ ਨੇ ਚਿਤਾਵਨੀ ਦਿੱਤੀ ਕਿ ਇਸ ਨਾਲ ਧਰਨੇ ਅਤੇ ਧਰਮ ਸਬੰਧੀ ਚਰਚਾ ਰੁਕ ਸਕਦੀ ਹੈ। ਕੰਜ਼ਰਵੇਟਿਵ ਜਸਟਿਸ ਕ੍ਰਿਟਿਕ ਲੈਰੀ ਬਰਾਕ ਨੇ ਇਸ ਨੂੰ ਧਾਰਮਿਕ ਆਜ਼ਾਦੀ ਉੱਤੇ ਹਮਲਾ ਕਿਹਾ।

ਸਰਕਾਰ ਦਾ ਅਧਿਕਾਰਤ ਪੱਖ ਇਹ ਹੈ ਕਿ ਇਹ ਬਿੱਲ ਕਮਿਊਨਿਟੀ ਸੇਫਟੀ ਲਈ ਲਿਆਂਦਾ ਗਿਆ ਹੈ। ਕੈਨੇਡਾ ਵਿੱਚ ਪਿਛਲੇ ਕੁਝ ਸਮੇਂ ਤੋਂ ਨਫ਼ਰਤ ਭਰੇ ਅਪਰਾਧਾਂ ਵਿੱਚ ਭਾਰੀ ਵਾਧਾ ਹੋਇਆ ਹੈ। ਸਰਕਾਰ ਚਾਹੁੰਦੀ ਹੈ ਕਿ ਸਕੂਲਾਂ, ਧਾਰਮਿਕ ਸਥਾਨਾਂ ਅਤੇ ਕਮਿਊਨਿਟੀ ਸੈਂਟਰਾਂ ਦੇ ਬਾਹਰ ਹੁੰਦੇ ਪ੍ਰਦਰਸ਼ਨਾਂ ਦੌਰਾਨ ਡਰ ਜਾਂ ਨਫ਼ਰਤ ਦਾ ਮਾਹੌਲ ਨਾ ਬਣੇ। ਕੈਨੇਡਾ 'ਤੇ ਅਕਸਰ ਇਹ ਦੋਸ਼ ਲੱਗਦੇ ਰਹੇ ਹਨ ਕਿ ਉਹ ਆਪਣੀ ਧਰਤੀ 'ਤੇ ਕੱਟੜਪੰਥੀ ਤੱਤਾਂ ਨੂੰ ਖੁੱਲ੍ਹ ਦਿੰਦਾ ਹੈ। ਇਸ ਕਾਨੂੰਨ ਰਾਹੀਂ ਸਰਕਾਰ ਇਹ ਦਿਖਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਉਹ ਕੱਟੜਵਾਦ ਵਿਰੁੱਧ ਸਖ਼ਤ ਹੈ। ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਪਿਛਲੇ ਸਮੇਂ ਵਿੱਚ ਕਾਫ਼ੀ ਤਣਾਅਪੂਰਨ ਰਹੇ ਹਨ। ਭਾਰਤ ਨੇ ਵਾਰ-ਵਾਰ ਕੈਨੇਡਾ ਨੂੰ ਖ਼ਾਲਿਸਤਾਨ ਪੱਖੀ ਗਤੀਵਿਧੀਆਂ 'ਤੇ ਰੋਕ ਲਾਉਣ ਲਈ ਕਿਹਾ ਸੀ। ਇਸ ਬਿੱਲ ਦਾ ਪਾਸ ਹੋਣਾ ਭਾਰਤ ਦੀਆਂ ਕੁਝ ਚਿੰਤਾਵਾਂ ਨੂੰ ਦੂਰ ਕਰਨ ਦੀ ਦਿਸ਼ਾ ਵਿੱਚ ਇੱਕ ਕਦਮ ਵਜੋਂ ਦੇਖਿਆ ਜਾ ਸਕਦਾ ਹੈ।

ਸੈਨੇਟ ਵਿੱਚ ਬਿੱਲ ਉੱਤੇ ਹੋਰ ਬਹਿਸ ਹੋਵੇਗੀ। ਉੱਥੇ ਬਦਲਾਅ ਹੋ ਸਕਦੇ ਹਨ। ਜੇਕਰ ਲਾਗੂ ਹੋਇਆ ਤਾਂ ਇਸ ਉੱਤੇ ਚਾਰਟਰ ਚੈਲਿੰਜ ਵੀ ਹੋ ਸਕਦਾ ਹੈ। ਇਸ ਨਾਲ ਕੈਨੇਡਾ ਵਿੱਚ ਨਫ਼ਰਤ ਵਿਰੋਧੀ ਕਾਨੂੰਨ ਮਜ਼ਬੂਤ ਹੋਣਗੇ, ਪਰ ਧਰਮੀ ਆਜ਼ਾਦੀ ਦੀ ਬਹਿਸ ਲੰਬੀ ਚੱਲੇਗੀ। ਹਾਲੀਆ ਪ੍ਰਸਤਾਵਾਂ ਦਾ ਮਕਸਦ ਇਹ ਹੈ ਕਿ ਡਿਜ਼ੀਟਲ ਅਤੇ ਜਨਤਕ ਮੰਚਾਂ 'ਤੇ ਨਫ਼ਰਤ ਭਰੀ ਸਮੱਗਰੀ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਜਾ ਸਕੇ। ਹਾਲਾਂਕਿ, ਹੇਟ ਸਿੰਬਲ ਅਤੇ ਇਰਾਦੇ ਦੀ ਪਰਿਭਾਸ਼ਾ ਨੂੰ ਲੈ ਕੇ ਅਜੇ ਵੀ ਕਾਨੂੰਨੀ ਅਤੇ ਸਮਾਜਿਕ ਪੱਧਰ 'ਤੇ ਸਪਸ਼ਟਤਾ ਦੀ ਲੋੜ ਹੈ।

### ਕੈਨੇਡਾ ਵਿੱਚ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ

ਹੋਰ ਭਾਈਚਾਰਿਆਂ 'ਤੇ ਪ੍ਰਭਾਵੀ

ਸੱਖਾਂ ਤੋਂ ਇਲਾਵਾ ਇਸ ਬਿਲ ਨਾਲ ਮੁਸਲਿਮ ਭਾਈਚਾਰਾ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਯਾਰਕ ਯੂਨੀਵਰਸਿਟੀ ਦੀ ਰਿਸਰਚਰ ਡਾ. ਨਾਦੀਆ ਹਸਨ ਨੇ 400 ਤੋਂ ਵੱਧ ਮੁਸਲਿਮ ਔਰਤਾਂ ਨਾਲ ਗੱਲਬਾਤ ਕੀਤੀ ਅਤੇ ਪਾਇਆ ਕਿ 73 ਫੀਸਦੀ ਨੇ ਨੌਕਰੀ ਲੱਭਣ ਵਿੱਚ ਮੁਸੀਬਤ ਮਹਿਸੂਸ ਕੀਤੀ ਅਤੇ ਲਗਭਗ ਇਸੇ ਗਿਣਤੀ ਨੇ ਸੂਬਾ ਛੱਡਣ ਬਾਰੇ ਸੋਚਿਆ। ਇਸ਼ਰਾਕ ਨੌਰੈਲ ਹਕ, ਇੱਕ ਮੁਸਲਿਮ ਅਧਿਆਪਕਾ ਜੋ ਹਿਜਾਬ ਪਹਿਨਦੀ ਹੈ, ਨੇ ਵੀ ਚੁਣੌਤੀ ਵਿੱਚ ਸ਼ਾਮਲ ਹੋ ਕੇ ਕਿਹਾ ਕਿ ਇਸ ਨੇ ਉਨ੍ਹਾਂ ਦੇ ਮਾਣ ਅਤੇ ਅਧਿਕਾਰਾਂ ਨੂੰ ਠੇਸ ਪਹੁੰਚਾਈ ਹੈ।

ਯਹੂਦੀ ਭਾਈਚਾਰਾ ਵੀ ਚਿੰਤਤ ਹੈ ,ਕਿਉਂਕਿ ਉਨ੍ਹਾਂ ਦੀ ਕਿੱਪਾਹ ਵੀ ਇਸ ਬਿਲ ਤਹਿਤ ਰੋਕੀ ਜਾ ਸਕਦੀ ਹੈ। ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ (ਸੀਸੀਐੱਲਏ) ਨੇ ਇਸ ਨੂੰ 'ਬਹੁਤ ਹੈਰਾਨ ਕਰਨ ਵਾਲਾ' ਦੱਸਿਆ ਅਤੇ ਲਿਖਿਆ ਕਿ ਇਸ ਕਲੌਜ਼ ਦੀ ਵਰਤੋਂ ਗਰਭਪਾਤ 'ਤੇ ਪਾਬੰਦੀ ਲਗਾਉਣ ਜਾਂ ਰਾਜਨੀਤਕ ਭਾਸ਼ਣ ਨੂੰ ਅਪਰਾਧ ਬਣਾਉਣ ਲਈ ਵੀ ਹੋ ਸਕਦੀ ਹੈ। ਇਸ ਨਾਲ ਰਾਸ਼ਟਰੀ ਏਕਤਾ ਨੂੰ ਖ਼ਤਰਾ ਹੈ ਕਿਉਂਕਿ ਘੱਟ ਗਿਣਤੀਆਂ ਆਪਣੇ ਆਪ ਨੂੰ ਅਣਜਾਣ ਮਹਿਸੂਸ ਕਰਨ ਲੱਗੀਆਂ ਹਨ।

### ਸੰਵਿਧਾਨਕ ਬਹਿਸ ਅਤੇ ਨੌਟਵਿਥਸਟੈਂਡਿੰਗ ਕਲੌਜ਼

ਇਸ ਬਿਲ ਨੇ ਕੈਨੇਡਾ ਦੇ ਸੰਵਿਧਾਨਕ ਢਾਂਚੇ ਨੂੰ ਚੁਣੌਤੀ ਦਿੱਤੀ ਹੈ। 1982 ਵਿੱਚ ਚਾਰਟਰ ਆਫ਼ ਰਾਈਟਸ ਐਂਡ ਫ੍ਰੀਡਮਜ਼ ਬਣਾਉਣ ਵੇਲੇ ਇਹ ਕਲੌਜ਼ ਸੂਬਿਆਂ ਨੂੰ ਇੱਕੋ ਮੰਚ 'ਤੇ ਲਿਆਉਣ ਲਈ ਸ਼ਾਮਲ ਕੀਤਾ ਗਿਆ ਸੀ। ਇਸ ਦਾ ਉਦੇਸ਼ ਸੰਸਦੀ ਪ੍ਰਭੂਸੱਤਾ ਨੂੰ ਬਚਾਉਣਾ ਸੀ ਤਾਂ ਜੋ ਅਦਾਲਤਾਂ ਲੋਕਤੰਤਰੀ ਤੌਰ 'ਤੇ ਚੁਣੇ ਗਏ ਵਿਧਾਇਕਾਂ ਤੋਂ ਵੱਧ ਤਾਕਤਵਾਨ ਨਾ ਬਣ ਜਾਣ। ਪਰ ਹੁਣ ਇਸ ਦੀ ਵਰਤੋਂ ਵਧ ਰਹੀ ਹੈ - ਓਨਟਾਰੀਓ, ਅਲਬਰਟਾ ਅਤੇ ਸਸਕੇਚਵਾਨ ਵੀ ਇਸ ਨੂੰ ਵਰਤ ਰਹੇ ਹਨ।

ਫੈਡਰਲ ਨਿਆਂ ਮੰਤਰੀ ਸਿਆਨ ਫ੍ਰੇਜ਼ਰ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਭਵਿੱਖ ਵਿੱਚ ਇਸ ਕਲੌਜ਼ ਦੀ ਵਰਤੋਂ ਤੈਅ ਹੋਵੇਗੀ। ਫ਼ੈਡਰਲ ਸਰਕਾਰ ਨੇ ਦਲੀਲ ਦਿੱਤੀ ਕਿ ਇਸ ਨੂੰ 'ਚਾਰਟਰ ਅਧਿਕਾਰਾਂ ਨੂੰ ਵਿਗਾੜਨ ਲਈ' ਨਹੀਂ ਵਰਤਿਆ ਜਾ ਸਕਦਾ। ਪਰ ਪੰਜ ਸੂਬਿਆਂ - ਸਸਕੇਚਵਾਨ, ਅਲਬਰਟਾ, ਓਨਟਾਰੀਓ, ਕਿਊਬੈਕ ਅਤੇ ਨੋਵਾ ਸਕੋਸ਼ੀਆ - ਨੇ ਇਸ ਨੂੰ ਫੈਡਰਲਿਜ਼ਮ 'ਤੇ ਹਮਲਾ ਦੱਸਿਆ।

ਕਿਊਬੈਕ ਸਰਕਾਰ ਦਾ ਪੱਖ ਹੈ ਕਿ ਇਹ ਬਿਲ ਰਾਜ ਧਰਮ ਨਿਰਪੱਖਤਾ ਨੂੰ ਮਜ਼ਬੂਤ ਕਰਦਾ ਹੈ ਅਤੇ ਸਾਂਝੀ ਨਾਗਰਿਕ ਪਛਾਣ ਬਣਾਉਂਦਾ ਹੈ। ਉਨ੍ਹਾਂ ਅਨੁਸਾਰ ਇਸ ਕਲੌਜ਼ ਦੀ ਵਰਤੋਂ ਪੂਰੀ ਤਰ੍ਹਾਂ ਸਹੀ ਹੈ ਅਤੇ ਅਦਾਲਤਾਂ ਇਸ ਵਿੱਚ ਦਖ਼ਲ ਨਹੀਂ ਦੇ ਸਕਦੀਆਂ।

ਇਸ ਬਹਿਸ ਦੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਹੱਤਤਾ

ਇਹ ਮਾਮਲਾ ਕੈਨੇਡਾ ਦੀ ਮਲਟੀਕਲਚਰਲ ਪਛਾਣ ਨੂੰ ਚੁਣੌਤੀ ਦਿੰਦਾ ਹੈ। ਇਸ ਨਾਲ ਧਾਰਮਿਕ ਘੱਟ ਗਿਣਤੀਆਂ ਲਈ ਨੌਕਰੀਆਂ - ਮਿਲਣ ਦੀਆਂ ਸੰਭਾਵਨਾਵਾਂ ਘੱਟ ਹੋ ਰਹੀਆਂ ਹਨ। ਅੰਤਰਰਾਸ਼ਟਰੀ ਕਮਿਸ਼ਨ ਆਫ਼ ਜੂਰਿਸਟਸ ਕੈਨੇਡਾ ਅਤੇ ਯੂਨੀਵਰਸਿਟੀ ਆਫ਼ ਓਟਵਾ ਦੇ ਪ੍ਰੋਫ਼ੈਸਰ ਐਰੋਲ ਮੇਂਡਸ ਨੇ ਚੇਤਾਵਨੀ ਦਿੱਤੀ ਕਿ ਇਸ ਕਲੌਜ਼ ਦਾ ਗ਼ਲਤ ਇਸਤੇਮਾਲ ਹੋ ਰਿਹਾ ਹੈ।

ਸੁਣਵਾਈ ਵਿੱਚ 50 ਤੋਂ ਵੱਧ ਧਿਰਾਂ ਸ਼ਾਮਲ ਹਨ ਜਿਨ੍ਹਾਂ ਵਿੱਚ ਫੈਡਰਲ ਸਰਕਾਰ ਵੀ ਸ਼ਾਮਲ ਹੈ। ਇਸ ਫ਼ੈਸਲੇ ਨਾਲ ਭਵਿੱਖ ਵਿੱਚ ਹੋਰ ਸੂਬਿਆਂ ਵਿੱਚ ਵੀ ਅਜਿਹੇ ਬਿਲ ਆ ਸਕਦੇ ਹਨ ਜਾਂ ਇਸ ਨੂੰ ਰੋਕਿਆ ਜਾ ਸਕਦਾ ਹੈ। ਇਹ ਬਹਿਸ ਕੈਨੇਡਾ ਨੂੰ ਇਹ ਤੈਅ ਕਰਨ ਲਈ ਮਜਬੂਰ ਕਰ ਰਹੀ ਹੈ ਕਿ ਉਹ ਧਰਮ ਨਿਰਪੱਖਤਾ ਅਤੇ ਧਾਰਮਿਕ ਆਜ਼ਾਦੀ ਵਿਚਾਲੇ ਸੰਤੁਲਨ ਕਿਵੇਂ ਬਣਾਵੇ।

ਸਿੱਖ ਭਾਈਚਾਰਾ ਇਸ ਲੜਾਈ ਵਿੱਚ ਇੱਕਜੁੱਟ ਹੈ। ਉਨ੍ਹਾਂ ਨੇ ਰੈਲੀਆਂ ਅਤੇ ਪਟੀਸ਼ਨਾਂ ਰਾਹੀਂ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਅੰਮ੍ਰਿਤ ਕੌਰ ਵਰਗੀਆਂ ਔਰਤਾਂ ਇਸ ਲੜਾਈ ਦੀਆਂ ਪ੍ਰਤੀਕ ਬਣ ਗਈਆਂ ਹਨ। ਉਨ੍ਹਾਂ ਨੇ ਕਿਹਾ, 'ਮੈਂ ਆਪਣੀ ਪਛਾਣ ਤਿਆਗ ਕੇ ਅਧਿਆਪਕ ਨਹੀਂ ਬਣ ਸਕਦੀ। ਇਹ ਮੇਰਾ ਧਰਮ ਹੈ।'

ਮਲਟੀਕਲਚਰਲ ਦੇਸ਼ ਹੈ ਜਿੱਥੇ 2 ਲੱਖ ਤੋਂ ਵੱਧ ਸਿੱਖ ਵਸਦੇ ਹਨ। ਇਸ ਬਿਲ ਨੇ ਉਨ੍ਹਾਂ ਨੂੰ ਆਪਣੀਆਂ ਜੜ੍ਹਾਂ ਬਾਰੇ ਸੋਚਣ ਲਈ ਮਜਬੂਰ ਕੀਤਾ ਹੈ। ਸੀ.ਸੀ.ਐੱਲ.ਏ. ਨੇ ਲਿਖਿਆ, 'ਕੀ ਅਸੀਂ ਅਜਿਹਾ ਕੈਨੇਡਾ ਚਾਹੁੰਦੇ ਹਾਂ ਜਿੱਥੇ ਅਦਾਲਤਾਂ ਚੁੱਪ ਰਹਿਣ ਲਈ ਮਜਬੂਰ ਹੋਣ ?'

***

## ਇਰਾਨ ਨੇ ਯੇਰੂਸ਼ਲਮ 'ਤੇ ਵਰ੍ਹਾਇਆ ਕਹਿਰ

ਉਨ੍ਹਾਂ ਦੇ ਅਸਤੀਫ਼ੇ ਦੇ ਮੁੱਖ ਕਾਰਨ ਹੇਠ ਲਿਖੇ ਹਨ:ਮੁਹੰਮਦ ਸਫ਼ਾ ਨੇ ਬਹੁਤ ਹੀ ਗੰਭੀਰ ਇਲਜ਼ਾਮ ਲਗਾਇਆ ਹੈ ਕਿ ਅਮਰੀਕਾ ਅੰਦਰੂਨੀ ਤੌਰ 'ਤੇ ਇਰਾਨ ਵਿੱਚ ਪ੍ਰਮਾਣੂ ਹਥਿਆਰਾਂ ਦੀ ਸੰਭਾਵਿਤ ਵਰਤੋਂ ਦੀ ਤਿਆਰੀ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਉਹ ਇਸ 'ਮਨੁੱਖਤਾ ਵਿਰੁੱਧ ਅਪਰਾਧ' ਦਾ ਗਵਾਹ ਨਹੀਂ ਬਣਨਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਅਸਤੀਫ਼ਾ ਦੇ ਕੇ ਇਸ ਜਾਣਕਾਰੀ ਨੂੰ ਜਨਤਕ ਕਰਨ ਦਾ ਫ਼ੈਸਲਾ ਕੀਤਾ। ਸਫ਼ਾ ਨੇ ਆਪਣੇ ਅਸਤੀਫ਼ਾ ਪੱਤਰ ਵਿੱਚ ਲਿਖਿਆ ਕਿ ਯੂ.ਐਨ. ਦੇ ਕੁਝ ਉੱਚ ਅਧਿਕਾਰੀ ਸੰਸਥਾ ਦੇ ਸਿਧਾਂਤਾਂ ਦੀ ਬਜਾਏ ਇੱਕ ਸ਼ਕਤੀਸ਼ਾਲੀ ਲੌਬੀ (ਸ਼ਾਇਦ ਅਮਰੀਕਾ ਅਤੇ ਇਜ਼ਰਾਇਲ ਵੱਲ ਇਸ਼ਾਰਾ) ਦੇ ਹਿੱਤਾਂ ਲਈ ਕੰਮ ਕਰ ਰਹੇ ਹਨ। ਉਨ੍ਹਾਂ ਮੁਤਾਬਕ ਇਹ ਲੌਬੀ ਫ਼ੈਸਲਾ ਲੈਣ ਵਾਲੇ ਨੇਤਾਵਾਂ ਨੂੰ ਜੰਗੀ ਅਪਰਾਧਾਂ ਦੇ ਦੋਸ਼ਾਂ ਤੋਂ ਬਚਾ ਰਹੀ ਹੈ। ਉਨ੍ਹਾਂ ਨੇ ਯੂ.ਐਨ. ਦੀ ਇਸ ਗੱਲੋਂ ਨਿੰਦਾ ਕੀਤੀ ਕਿ ਸੰਸਥਾ ਗਾਜ਼ਾ ਦੀ ਸਥਿਤੀ ਨੂੰ 'ਨਸਲਕੁਸ਼ੀ' ਕਹਿਣ ਤੋਂ ਗੁਰੇਜ਼ ਕਰ ਰਹੀ ਹੈ। ਲਿਬਨਾਨ ਵਿੱਚ ਹੋ ਰਹੀ ਕਾਰਵਾਈ ਨੂੰ 'ਜੰਗੀ ਅਪਰਾਧ' ਨਹੀਂ ਮੰਨ ਰਹੀ। ਇਰਾਨ 'ਤੇ ਹੋ ਰਹੇ ਹਮਲਿਆਂ ਨੂੰ ਅੰਤਰਰਾਸ਼ਟਰੀ ਕਾਨੂੰਨ ਦੇ ਉਲਟ ਨਹੀਂ ਦੱਸ ਰਹੀ। ਉਨ੍ਹਾਂ ਦਾ ਦਾਅਵਾ ਹੈ ਕਿ ਇਸ ਸਾਲ ਦੇ ਸ਼ੁਰੂ ਵਿੱਚ ਯੂ. ਐਨ.ਓ. ਦੇ ਸੀਨੀਅਰ ਅਧਿਕਾਰੀਆਂ ਅਤੇ ਡਿਪਲੋਮੈਟਾਂ ਨੇ ਮੀਡੀਆ ਦੀ ਮਦਦ ਨਾਲ ਇਰਾਨ ਦੇ 'ਪ੍ਰਮਾਣੂ ਖਤਰੇ' ਬਾਰੇ ਇੱਕ ਝੂਠਾ ਪ੍ਰਚਾਰ ਕੀਤਾ ਤਾਂ ਜੋ ਜੰਗ ਲਈ ਮਾਹੌਲ ਤਿਆਰ ਕੀਤਾ ਜਾ ਸਕੇ। ਮੁਹੰਮਦ ਸਫ਼ਾ ਨੇ ਕਿਹਾ ਕਿ ਮੈਂ ਆਪਣਾ ਡਿਪਲੋਮੈਟਿਕ ਕੈਰੀਅਰ ਇਸ ਜਾਣਕਾਰੀ ਨੂੰ ਲੀਕ ਕਰਨ ਲਈ ਕੁਰਬਾਨ ਕਰ ਦਿੱਤਾ ਹੈ... ਮੈਂ ਅਜਿਹੇ ਸਮੇਂ ਡਿਊਟੀ 'ਤੇ ਨਹੀਂ ਰਹਿ ਸਕਦਾ ਜਦੋਂ ਅਮਰੀਕਾ ਇਰਾਨ ਵਿੱਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦੀ ਤਿਆਰੀ ਕਰ ਰਿਹਾ ਹੋਵੇ। ਮੁਹੰਮਦ ਸਫ਼ਾ ਪਿਛਲੇ 12 ਸਾਲਾਂ ਤੋਂ ਸੰਯੁਕਤ ਰਾਸ਼ਟਰ ਨਾਲ ਜੁੜੇ ਹੋਏ ਸਨ ਉਨ੍ਹਾਂ ਦੇ ਇਸ ਕਦਮ ਨੇ ਜੰਗ ਦੇ ਵਿਚਕਾਰ ਯੂ.ਐਨ.ਓ. ਦੀ ਭੂਮਿਕਾ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ।

***

## ਇਤਿਹਾਸਿਕ ਸ਼ਹਿਰਾਂ ਨੂੰ ਵਿਸ਼ਵ ਪੱਧਰੀ ਅਧਿਆਤਮਿਕ

ਆਨੰਦਪੁਰ ਸਾਹਿਬ ਨੂੰ ਵਿਰਾਸਤ-ਏ-ਖ਼ਾਲਸਾ, ਚੌੜੀਆਂ ਸੜਕਾਂ ਅਤੇ ਵਿਸ਼ਵ ਪੱਧਰੀ ਹੋਟਲ ਵਰਗੇ ਵੱਡੇ ਪ੍ਰੋਜੈਕਟ ਮਿਲੇ ਸਨ ਅਤੇ ਅਜਿਹਾ ਹੀ ਵਿਕਾਸ ਦਮਦਮਾ ਸਾਹਿਬ ਦੇ ਆਲੇ-ਦੁਆਲੇ ਵੀ ਹੋਇਆ ਸੀ। ਇੱਕ ਹੋਰ ਮਾਹਿਰ ਐਚ.ਐਸ. ਭੋਗਲ ਨੇ ਕਿਹਾ ਕਿ ਸਮੇਂ ਦੀ ਲੋੜ ਇੱਕ ਅਜਿਹੀ ਯੋਜਨਾਬੰਦੀ ਦੀ ਹੈ ਜੋ ਪਵਿੱਤਰ ਸ਼ਹਿਰਾਂ ਵਿੱਚ ਸੈਰ-ਸਪਾਟੇ ਦੇ ਨਾਲ-ਨਾਲ 'ਪਲੱਗ ਐਂਡ ਪਲੇ' ਉਦਯੋਗਿਕ ਜਾਂ ਵਪਾਰਕ ਜ਼ੋਨ ਬਣਾਉਣ 'ਤੇ ਧਿਆਨ ਕੇਂਦਰਿਤ ਕਰੇ ਤਾਂ ਜੋ ਪੰਜਾਬ ਦੇ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕੀਤਾ ਜਾ ਸਕੇ।

ਮਾਹਿਰਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹਨਾਂ ਇਲਾਕਿਆਂ ਦੀ ਪਵਿੱਤਰਤਾ, ਇਤਿਹਾਸਕ ਵਿਰਾਸਤ ਅਤੇ ਅਧਿਆਤਮਿਕ ਤਾਣੇ-ਬਾਣੇ ਨੂੰ ਬਚਾਉਣ ਲਈ ਜ਼ਮੀਨ ਦੀ ਵਰਤੋਂ ਦੇ ਨਿਯਮਾਂ ਵਿੱਚ ਸੁਧਾਰ ਅਤੇ ਲੰਬੇ ਸਮੇਂ ਦੇ ਸ਼ਾਸਨ ਤੰਤਰ ਦੀ ਲੋੜ ਹੈ। ਅੰਤ ਵਿੱਚ, ਮਾਹਿਰਾਂ ਦੇ ਇਸ ਸਮੂਹ ਨੇ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਸਾਂਝੇ ਤੌਰ 'ਤੇ 'ਗੁਰੂ ਕਾ ਲਾਹੌਰ' ਵਰਗੇ ਇਤਿਹਾਸਕ ਨਗਰ ਨੂੰ ਮੁੜ ਸੁਰਜੀਤ ਕਰਨ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਹਿਰੀ ਯੋਜਨਾਬੰਦੀ ਦੇ ਇੱਕ ਨਮੂਨੇ ਵਜੋਂ ਵਸਾਇਆ ਸੀ। ਇਸ ਦੇ ਨਾਲ ਹੀ ਨੈਣਾ ਦੇਵੀ ਅਤੇ ਹੋਰ ਅੰਤਰ-ਰਾਜੀ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਦੇ ਵਿਕਾਸ ਲਈ ਵੀ ਸਾਂਝੇ ਯਤਨ ਕਰਨ ਦਾ ਸੁਝਾਅ ਦਿੱਤਾ ਗਿਆ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

## ਬਾਬੂ ਕਾਂਸ਼ੀ ਰਾਮ ਦੇ ਸਿਆਸੀ ਤੇ ਸਮਾਜਿਕ

ਬਸਪਾ ਸੁਪਰੀਮੋ ਮਾਇਆਵਤੀ ਨੇ ਇਸ ਰਾਜਨੀਤੀ ਨੂੰ ਉੱਤਰ ਪ੍ਰਦੇਸ਼ ਤੱਕ ਸੀਮਤ ਕਰ ਦਿੱਤਾ। ਉਨ੍ਹਾਂ ਨੇ ਸਰਵਜਨ ਫ਼ਾਰਮੂਲਾ ਅਪਣਾਇਆ – ਦਲਿਤਾਂ ਨਾਲ ਉਪਰਲੀਆਂ ਜਾਤਾਂ ਨੂੰ ਜੋੜ ਕੇ 2007 ਵਿੱਚ ਯੂਪੀ ਵਿੱਚ 206 ਸੀਟਾਂ ਉਪਰ ਬਹੁਮਤ ਹਾਸਲ ਕੀਤਾ। ਇਹ ਬਹੁਜਨ ਰਾਜਨੀਤੀ ਦੀ ਸਫ਼ਲਤਾ ਸੀ, ਪਰ ਇਸ ਤੋਂ ਬਾਅਦ ਅਸਫ਼ਲਤਾ ਸ਼ੁਰੂ ਹੋ ਗਈ। ਜਿਸ ਦਾ ਨਤੀਜਾ ਇਹ ਹੋਇਆ ਕਿ ਬਸਪਾ ਵਿੱਚ ਰਾਜਨੀਤਕ ਨਿਘਾਰ ਆਇਆ।

ਇਸਦੇ ਕਾਰਨ ਕਈ ਸਨ। ਪਹਿਲਾ – ਸੰਸਥਾਗਤ ਕਮਜ਼ੋਰੀ। ਕਾਂਸ਼ੀ ਰਾਮ ਵਾਲੀ ਕੈਡਰ ਵਿਚਾਰਧਾਰਾ ਖਤਮ ਹੋ ਗਈ। ਬਸਪਾ ਸਿਰਫ਼ ਚੋਣਾਂ ਵੇਲੇ ਐਕਟਿਵ ਰਹਿ ਗਈ। ਦੂਜਾ – ਲੀਡਰਸ਼ਿਪ ਸੈਂਟ੍ਰਲਾਈਜ਼ੇਸ਼ਨ। ਮਾਇਆਵਤੀ ਨੇ ਕੋਈ ਸੈਕੰਡ ਲਾਈਨ ਨਹੀਂ ਉਭਾਰੀ। ਤੀਜਾ ਮਾਇਆਵਤੀ ਨੇ ਆਪਣੇ ਰਾਜ ਦੌਰਾਨ– ਚਿੰਨ੍ਹਾਂ (ਸਟੈਚੂਆਂ, ਪਾਰਕ) ਉੱਤੇ ਫ਼ੋਕਸ ਕੀਤਾ। ਇਸ ਨਾਲ ਬਹੁਜਨਾਂ ਦਾ ਭਲਾ ਨਾ ਹੋ ਸਕਿਆ। ਮਾਇਆਵਤੀ ਉਪਰ ਭ੍ਰਿਸ਼ਟਾਚਾਰ ਦੇ ਇਲਜ਼ਾਮ ਲੱਗੇ। ਇਸ ਕਾਰਨ ਬੀਜੇਪੀ ਦਾ ਉਭਾਰ ਹੋਇਆ ਅਤੇ ਗੈਰ–ਜਾਟਵ ਦਲਿਤ ਵੋਟਾਂ ਬਸਪਾ ਨਾਲੋਂ ਟੁਟ ਗਈਆਂ।2012 ਤੋਂ ਬਾਅਦ ਯੂਪੀ ਵਿੱਚ ਵੋਟ ਸ਼ੇਅਰ 30 ਫ਼ੀਸਦੀ ਤੋਂ ਘਟ ਕੇ 12.7 ਫ਼ੀਸਦੀ (2022) ਅਤੇ 2024 ਲੋਕ ਸਭਾ ਵਿੱਚ 9.3 ਫ਼ੀਸਦੀ ਰਹਿ ਗਿਆ ਸੀ। ਪੰਜਾਬ ਵਿੱਚ ਤਾਂ ਬਸਪਾ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ। ਹਾਈਕਮਾਂਡ ਨੇ ਸਥਾਨਕ ਲੀਡਰਸ਼ਿਪ ਨੂੰ ਖੁੱਲ੍ਹ ਨਾ ਦਿੱਤੀ। ਗਠਜੋੜਾਂ ਵਿੱਚ ਭੰਬਲਭੂਸਾ ਬਣਿਆ ਰਿਹਾ – ਇੱਕ ਵਾਰ ਅਕਾਲੀ, ਦੂਜੀ ਵਾਰ ਕਾਂਗਰਸ ਨਾਲ। ਨਤੀਜਾ: ਇਹ ਹੋਇਆ ਕੈਡਰ ਖੁਰ ਗਿਆ, ਨੌਜਵਾਨ ਦਲਿਤ ਆਪ ਅਤੇ ਕਾਂਗਰਸ ਵੱਲ ਚਲੇ ਗਏ।

### ਪੰਥਕ ਗਠਜੋੜ ਨਾਲ ਬਸਪਾ ਦਾ ਸਮਝੌਤਾ ਕਿਉਂ ਲਾਜ਼ਮੀ ਹੈ ?

ਪੰਜਾਬ ਵਿੱਚ ਦਲਿਤ ਆਬਾਦੀ 32–34 ਫ਼ੀਸਦੀ ਹੈ ਅਤੇ ਸਿੱਖ ਵੋਟਰ ਵੱਡੀ ਗਿਣਤੀ ਵਿੱਚ ਹਨ। ਇਹ ਦੋਵੇਂ ਤਬਕੇ ਇੱਕ ਹੋ ਜਾਣ ਤਾਂ ਆਪ, ਕਾਂਗਰਸ ਜਾਂ ਭਾਜਪਾ ਨੂੰ ਟੱਕਰ ਦਿੱਤੀ ਜਾ ਸਕਦੀ ਹੈ। ਕਾਂਸ਼ੀ ਰਾਮ ਨੇ ਇਸ ਗੱਲ ਨੂੰ ਸਮਝਿਆ ਸੀ ਅਤੇ ਅਕਾਲੀ ਦਲ ਨਾਲ ਗਠਜੋੜ ਕੀਤਾ ਸੀ। ਅੱਜ ਇਹ ਗਠਜੋੜ ਬਸਪਾ ਲਈ ਮਜਬੂਰੀ ਵੀ ਹੈ ਅਤੇ ਮੌਕਾ ਵੀ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇ ਬਸਪਾ ਇਕੱਲਿਆਂ ਚੋਣ ਲੜਦੀ ਹੈ ਤਾਂ ਵੋਟਾਂ ਵੰਡੀਆਂ ਜਾਣਗੀਆਂ ਅਤੇ ਵਿਰੋਧੀਆਂ ਨੂੰ ਫ਼ਾਇਦਾ ਹੋਵੇਗਾ। ਪੰਥਕ ਗਠਜੋੜ ਨਾਲ ਨਾ ਸਿਰਫ਼ ਵੋਟ ਬੈਂਕ ਮਜ਼ਬੂਤ ਹੋਵੇਗਾ, ਬਲਕਿ ਡੇਰਿਆਂ ਵਿੱਚ ਵੰਡੀ ਦਲਿਤ ਆਬਾਦੀ (ਰਵਿਦਾਸੀਆ, ਮਜ਼੍ਹਬੀ) ਨੂੰ ਇੱਕ ਮੰਚ ਹੇਠ ਲਿਆਂਦਾ ਜਾ ਸਕਦਾ ਹੈ। ਜਦੋਂ ਅੱਜ ਕੇਂਦਰੀ ਪਾਰਟੀਆਂ ਪੰਜਾਬ ਉਪਰ ਭਾਰੂ ਪੈ ਰਹੀਆਂ ਹਨ ਤਾਂ ਖੇਤਰੀ ਤੇ ਰਾਸ਼ਟਰੀ ਲਹਿਰ ਬਣਾਉਣ ਲਈ ਬਸਪਾ –ਪੰਥਕ ਗਠਜੋੜ ਜ਼ਰੂਰੀ ਹੈ। ਨੌਜਵਾਨ ਦਲਿਤ ਅਤੇ ਜੱਟ ਭਾਈਚਾਰਾ ਬੇਰੁਜ਼ਗਾਰੀ ਅਤੇ ਨਸ਼ਿਆਂ ਤੋਂ ਪੀੜਤ ਹੈ। ਵਾਰਿਸ ਪੰਜਾਬ ,ਅਕਾਲੀ ਦਲ ਦੇ ਯੂਥ ਵਿੰਗ ਵਰਗੀਆਂ ਜਥੇਬੰਦੀਆਂ ਦੇ ਨੌਜਵਾਨ ਕੈਡਰ ਨੂੰ ਬਸਪਾ ਦੇ ਮਿਸ਼ਨਰੀ ਕੈਡਰ ਨਾਲ ਜੋੜਿਆ ਜਾ ਸਕਦਾ ਹੈ,ਜਿਸ ਨਾਲ ਸਾਂਝੀ ਰਾਜਨੀਤੀ ਉਭਰ ਸਕੇ। ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਮੰਨਣਾ ਹੈ ਕਿ ਇਸ ਗੱਠਜੋੜ ਵਿੱਚ ਸ਼੍ਰੋਮਣੀ ਅਕਾਲੀ ਦਲ, ਵਾਰਿਸ ਪੰਜਾਬ ਦੇ, ਨਵਾਂ ਅਕਾਲੀ ਦਲ ਜਾਂ ਹੋਰ ਪੰਥਕ ਧੜੇ ਸ਼ਾਮਲ ਹੋਣ ਤਾਂ ਜੋ ਪੰਥਕ ਬਹੁਜਨ ਦੀ ਸਾਂਝੀ ਰਾਜਨੀਤਿਕ ਲਹਿਰ ਉਠ ਸਕੇ ਜੋ ਪੰਜਾਬ ਦੇ ਹਿਤਾਂ ਲਈ ਲਾਭਦਾਇਕ ਹੋਵੇ। ਇਹ ਗਠਜੋੜ ਪੰਜਾਬ, ਪੰਥਕ ਅਤੇ ਬਹੁਜਨ ਮੁੱਦਿਆਂ ਉੱਤੇ ਬਣਾਉਣਾ ਚਾਹੀਦਾ ਹੈ। ਪਿੰਡਾਂ ਵਿੱਚ 'ਭਾਈਚਾਰਾ ਕਮੇਟੀਆਂ' ਬਣਾਉਣ ਦੀ ਲੋੜ ਹੈ। ਜੱਟ ਸਿੱਖ ਅਤੇ ਰਵਿਦਾਸੀਆ/ਮਜ਼੍ਹਬੀ ਸਿੱਖ ਵੋਟਰਾਂ ਵਿਚਾਲੇ ਤਾਲਮੇਲ ਬਣਾਉਣਾ ਜ਼ਰੂਰੀ ਹੈ। ਜਲੰਧਰ, ਹੁਸ਼ਿਆਰਪੁਰ, ਨਵਾਂ ਸ਼ਹਿਰ ,ਬੰਗਾ ਵਿੱਚ ਮਜ਼ਬੂਤ ਸੀਟਾਂ ਬਸਪਾ ਨੂੰ ਦੇਣੀਆਂ ਚਾਹੀਦੀਆਂ ਹਨ, ਜਿੱਥੇ ਅਕਾਲੀ ਦਲ ਕਮਜ਼ੋਰ ਹੈ। ਬਸਪਾ ਦੀ ਪੰਜਾਬ ਲੀਡਰਸ਼ਿਪ ਨੂੰ ਦਿੱਲੀ ਜਾਂ ਲਖਨਊ ਤੋਂ ਫ਼ੈਸਲੇ ਉਡੀਕਣ ਦੀ ਬਜਾਏ ਸਥਾਨਕ ਲੋੜਾਂ ਮੁਤਾਬਕ ਫ਼ੈਸਲੇ ਲੈਣ ਦੀ ਆਜ਼ਾਦੀ ਮਿਲਣੀ ਚਾਹੀਦੀ ਹੈ।

2027 ਦੀਆਂ ਚੋਣਾਂ ਬਹੁਜਨ ਅਤੇ ਪੰਥਕ ਰਾਜਨੀਤੀ ਲਈ ਵੱਡਾ ਟੈਸਟ ਹਨ। ਬਸਪਾ ਲਈ ਇਹ ਮੌਕਾ ਹੈ ਕਿ ਉਹ ਆਪਣੀ ਅਸਲ ਵਿਰਾਸਤ ਵੱਲ ਮੁੜੇ। ਉਨ੍ਹਾਂ ਨੂੰ ਫ਼ਿਰ ਬਾਬੂ ਕਾਂਸ਼ੀ ਰਾਮ ਵਾਂਗ ਸਾਈਕਲ 'ਤੇ ਸਵਾਰ ਹੋਣਾ ਪਵੇਗਾ, ਉਸ ਵਿਚਾਰਧਾਰਾ ਨੂੰ ਜੀਉਂਦਾ ਕਰਨਾ ਪਵੇਗਾ ਅਤੇ ਪੰਥਕ ਧਿਰਾਂ ਨਾਲ ਮਜ਼ਬੂਤ ਗਠਜੋੜ ਬਣਾਉਣਾ ਪਵੇਗਾ। ਇਹ ਗਠਜੋੜ ਨਾ ਸਿਰਫ਼ ਬਸਪਾ ਨੂੰ ਬਚਾਏਗਾ, ਬਲਕਿ ਬਹੁਜਨ ਸਮਾਜ ਅਤੇ ਸਿੱਖ ਭਾਈਚਾਰੇ ਨੂੰ ਇੱਕ ਨਵੀਂ ਤਾਕਤ ਵੀ ਦੇਵੇਗਾ। ਡਿਜੀਟਲ ਮੀਡੀਆ ਅਤੇ ਮੁਫ਼ਤ ਸਕੀਮਾਂ ਨੇ ਨੌਜਵਾਨ ਦਲਿਤਾਂ ਨੂੰ ਖਿੱਚ ਲਿਆ ਹੈ, ਪਰ ਲਗਾਤਾਰ ਵਿਚਾਰਧਾਰਕ ਅੰਦੋਲਨ ਹੀ ਸਥਾਈ ਬਦਲਾਅ ਲਿਆਵੇਗਾ।

ਕਾਂਸ਼ੀ ਰਾਮ ਨੇ ਕਿਹਾ ਸੀ – ਸੱਤਾ ਤੋਂ ਬਿਨਾਂ ਕੁਝ ਨਹੀਂ ਬਦਲਦਾ । ਅੱਜ ਬਹੁਜਨ ਸਮਾਜ ਲਈ ਇਹੀ ਚਾਬੀ ਹੈ। ਜੇ ਬਸਪਾ ਨੇ ਇਸ ਰਾਹ 'ਤੇ ਚੱਲਣਾ ਹੈ ਤਾਂ ਪੰਜਾਬ ਵਿੱਚ ਪੰਥਕ ਗਠਜੋੜ ਇੱਕ ਵਿਕਲਪ ਨਹੀਂ, ਇੱਕ ਲਾਜ਼ਮੀ ਰਣਨੀਤੀ ਹੈ।

***

## ਦੇਸ਼ ਦੀ ਆਜ਼ਾਦੀ ਤੋਂ ਬਾਅਦ

ਸਾਲ 1948 ਤੋਂ 1980 ਤੱਕ 666 ਤੇ ਹੁਣ ਤੱਕ ਪਾਕਿਸਤਾਨ ਵਿੱਚ ਕੁੱਲ 1639 ਦੇ ਕਰੀਬ ਪੰਜਾਬੀ ਫਿਲਮਾਂ ਬਣ ਚੁੱਕੀਆਂ ਹਨ।ਵੰਡ ਤੋਂ ਬਾਅਦ ਦੋਵੇ ਪੰਜਾਬਾਂ ਦੇ ਪੰਜਾਬੀ ਸਿਨੇਮਾ ਨੂੰ ਪੰਜਾਬੀ ਕਲਾਕਾਰਾਂ ਨੇ ਆਪਣੀ ਹਿੰਮਤ ਸਦਕਾ ਜਿੰਦਾ ਰੱਖਿਆ। ਪੰਜਾਬੀ ਸਿਨੇਮਾ ਨੇ ਆਜ਼ਾਦੀ ਤੋਂ ਬਾਅਦ ਸੁਨਹਿਰੀ ਦੌਰ ਵੀ ਵੇਖਿਆ ਤੇ ਬੁਰਾ ਦੌਰ ਵੀ ਆਪਣੇ ਪਿੰਡੇ 'ਤੇ ਹੰਢਾਇਆ। ਅੱਜ ਜਿੱਥੇ ਚੜ੍ਹਦੇ ਪੰਜਾਬ ਦੀਆਂ ਪੰਜਾਬੀ ਫਿਲਮਾਂ ਅੰਤਰਰਾਸ਼ਟਰੀ ਪੱਧਰ 'ਤੇ ਚੰਗਾ ਨਾਮਣਾ ਖੱਟ ਰਹੀਆਂ ਹਨ, ਉੱਥੇ ਅਦਾਕਾਰ ਸੁਲਤਾਨ ਰਾਹੀ ਦੀ ਮੌਤ ਤੋਂ ਬਾਅਦ ਲਾਹੌਰ ਦੇ ਪੰਜਾਬੀ ਸਿਨੇਮਾ ਦੇ ਹਾਲਤ ਬੇਹੱਦ ਖ਼ਰਾਬ ਹੋ ਗਈ। ਅੱਜ ਲਾਹੌਰ ਦੀ ਸਾਰੀ ਫਿਲਮ ਇੰਡਸਟਰੀ ਕਰਾਚੀ ਸ਼ਿਫਟ ਹੋ ਚੁੱਕੀ ਹੈ। ਲਾਹੌਰ ਦੇ ਫਿਲਮ ਸਟੂਡੀਓ ਵੀਰਾਨ ਹੋ ਗਏ ਹਨ ਤੇ ਅੱਜ ਹਾਲਾਤ ਅਜਿਹੇ ਹਨ ਕਿ ਉੱਥੇ ਪੰਜਾਬੀ ਫਿਲਮਾਂ ਬਣਨੀਆਂ ਬਿਲਕੁਲ ਬੰਦ ਹੋ ਚੁੱਕੀਆਂ ਹਨ। ਪਿਛਲੇ ਸਾਲਾਂ 'ਚ ਸਿਰਫ਼ ਇੱਕ ਪੰਜਾਬੀ ਫਿਲਮ 'ਦਿ ਲੈਂਜੇਂਡ ਆਫ ਮੌਲਾ ਜੱਟ' ਹੀ ਰਿਲੀਜ਼ ਹੋ ਪਾਈ ਜਿਸ ਦੀ ਬੇਮਿਸਾਲ ਕਾਮਯਾਬੀ ਦੇ ਬਾਵਜੂਦ ਲਾਹੌਰ ਫਿਲਮ ਇੰਡਸਟਰੀ ਮੁੜ ਤੋਂ ਆਪਣੇ ਪੈਰਾਂ ਸਿਰ ਖੜ੍ਹੀ ਨਹੀਂ ਹੋ ਪਾਈ। ਅੱਜ ਜਦੋਂ ਦੋਵਾਂ ਪੰਜਾਬਾਂ ਦੇ ਪੰਜਾਬੀ ਸਿਨੇਮਾ ਦੇ ਕਲਾਕਾਰ ਜੇਕਰ ਇਕੱਠੇ ਰਲ ਕੇ ਪੰਜਾਬੀ ਫਿਲਮਾਂ ਵਿੱਚ ਕੰਮ ਕਰਨ ਦੀ ਕੋਸ਼ਿਸ਼ ਵੀ ਕਰਦੇ ਹਨ ਤਾਂ ਦੋਵਾਂ ਮੁਲਕਾਂ ਦੇ ਹਾਲਾਤ ਤੇ ਹੁਕਮਰਾਨਾਂ ਵੱਲੋਂ ਖੜ੍ਹੀਆਂ ਕੀਤੀਆਂ ਨਫ਼ਰਤਾਂ ਤੇ ਬੰਦਿਸ਼ਾਂ '47 ਦੀ ਵੰਡ ਵੇਲੇ ਪੰਜਾਬ ਦੇ ਸੀਨੇ 'ਤੇ ਉੱਕਰੀ ਲਕੀਰ ਨੂੰ ਹੋਰ ਡੂੰਘਾ ਕਰ ਦਿੰਦੇ ਹਨ।

***

## ਅਪਰਾਧ ਅਤੇ ਸਿਆਸਤ ਵਿਚਕਾਰ

ਦੇਸ਼ ਦੇ ਪੇਂਡੂ ਅਤੇ ਪਿਛੜੇ ਖੇਤਰਾਂ ਵਿੱਚ ਇਹਨਾਂ ਉਮੀਦਵਾਰਾਂ ਦੇ ਅਪਰਾਧਿਕ ਪਿਛੋਕੜ ਦੀ ਗੱਲ ਨਹੀਂ ਪੁੱਜਦੀ, ਜੇਕਰ ਪੁੱਜਦੀ ਵੀ ਹੈ ਤਾਂ ਸਿਆਸੀ ਧਿਰਾਂ ਇਸਦਾ ਕੋਈ ਨਾ ਕੋਈ ਤੋੜ ਲੱਭ ਕੇ ਪੈਸੇ ਦੀ ਵਰਤੋਂ ਕਰਕੇ ਵੋਟਰਾਂ ਨੂੰ ਭਰਮਾ ਲੈਂਦੀਆਂ ਹਨ ਜਾਂ ਡਰਾ ਲੈਂਦੀਆਂ ਹਨ।

ਧਨ ਅਤੇ ਬਲ ਦੀ ਵਰਤੋਂ ਸਿਰਫ਼ ਸਿਆਸਤ ਵਿੱਚ ਹੀ ਨਹੀਂ, ਸਮੁੱਚੇ ਸਮਾਜ ਵਿੱਚ ਫੈਲ ਰਹੀ ਹੈ, ਜਿਸ ਨਾਲ ਸਿਆਸਤ ਵਿੱਚ ਤਾਨਾਸ਼ਾਹੀ ਅਤੇ ਸਮਾਜ ਵਿੱਚ ਧੱਕੇਸ਼ਾਹੀ ਅਤੇ ਬਾਹੂਬਲ ਸਿਖਰਾਂ ਛੋਹ ਰਿਹਾ ਹੈ। ਚੋਣਾਂ 'ਚ ਸਿਆਸੀ ਧੱਕਾ ਤੇ ਪੈਸੇ ਦੀ ਵਰਤੋਂ ਚੋਣਾਵੀਂ ਬਾਂਡ (ਇਲੈਕਟੋਰਲ ਬੌਂਡਜ਼) ਨੇ ਵਧਾਈ, ਕਿਉਂਕਿ ਵੱਡੇ ਕਾਰਪੋਰੇਟ ਅਸਿੱਧੇ ਨਹੀਂ ਸਗੋਂ ਸਿੱਧੇ ਤੌਰ 'ਤੇ ਇਸ 'ਚ ਆਪਣਾ ਹਿੱਸਾ , ਯੋਗਦਾਨ ਪਾਉਣ ਲੱਗੇ ਅਤੇ ਸਮਾਜ, ਵਪਾਰ, ਸਿਆਸਤ ਨੂੰ ਪ੍ਰਭਾਵਿਤ ਕਰਨ ਲੱਗੇ। ਉਹਨਾਂ ਦੀ ਪਹੁੰਚ ਦੰਭੀ ਸਿਆਸਤਦਾਨਾਂ ਤੱਕ ਵਧੀ ਅਤੇ ਉਹਨਾਂ ਦੇਸ਼ ਦੀ ਸਿਆਸਤ ਨੂੰ ਪ੍ਰਭਾਵਿਤ ਕਰਨ ਅਤੇ ਆਪਣੇ ਅਨੁਸਾਰ ਨੀਤੀਆਂ ਬਣਾਉਣ ਲਈ ਇਸ ਹਥਿਆਰ ਦੀ ਵਰਤੋਂ ਪਹਿਲਾਂ ਚੁੱਪ–ਚਾਪ ਅਤੇ ਹੁਣ ਸਿੱਧੇ ਤੌਰ 'ਤੇ ਕਰਨੀ ਸ਼ੁਰੂ ਕੀਤੀ ਹੋਈ ਹੈ ਅਤੇ ਦੇਸ਼ ਦੇ ਹਰ ਅਦਾਰੇ ਤੱਕ ਪਹੁੰਚ ਵਧਾਈ ਹੋਈ ਹੈ।

ਜਦੋਂ ਤੱਕ ਸਿਆਸੀ ਧਿਰਾਂ ਸਾਫ਼ ਦਿੱਖ ਅਤੇ ਲੋਕ–ਹਿਤੈਸ਼ੀ ਪਹੁੰਚ ਵਾਲੇ ਲੋਕਾਂ ਨੂੰ ਅੱਗੇ ਨਹੀਂ ਲਿਆਉਂਦੀਆਂ,ਉਦੋਂ ਤੱਕ ਇਸ ਕਾਲੇ ਕਾਰੋਬਾਰ–ਕਾਲੇ ਬਜ਼ਾਰ ਉੱਤੇ ਕਾਬੂ ਪਾਉਣਾ ਔਖਾ ਹੈ। ਸਮੇਂ ਦੀ ਲੋੜ ਹੈ ਕਿ ਕਾਇਦੇ–ਕਾਨੂੰਨ ਅਨੁਸਾਰ ਅਪਰਾਧਿਕ ਮਾਮਲੇ ਦਰਜ ਹੋਣ ਉੱਤੇ ਦਾਗ਼ੀ ਨੇਤਾਵਾਂ ਨੂੰ ਚੋਣ ਲੜਨ ਤੋਂ ਰੋਕਿਆ ਜਾਣਾ ਚਾਹੀਦਾ ਹੈ। ਇਹ ਸਾਫ਼–ਸੁਥਰੀ ਰਾਜਨੀਤੀ ਲਈ ਜ਼ਮੀਨ ਤਿਆਰ ਕਰਨ ਦੀ ਦਿਸ਼ਾ ਵੱਲ ਵੱਡਾ ਕਦਮ ਸਾਬਤ ਹੋ ਸਕਦਾ ਹੈ। ਅੱਜ ਭਾਰਤੀ ਲੋਕਤੰਤਰ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਸਮੇਂ ਦੀ ਲੋੜ ਹੈ, ਜਿਸ ਤੋਂ ਲਗਭਗ ਸਮੁੱਚੀਆਂ ਸਿਆਸੀ ਪਾਰਟੀਆਂ ਪਿੱਠ ਕਰੀ ਬੈਠੀਆਂ ਹਨ। ਜੇਕਰ ਇਸ ਰੁਝਾਨ ਨੂੰ ਸਮੇਂ ਸਿਰ ਨਹੀਂ ਰੋਕਿਆ ਗਿਆ, ਤਾਂ ਉਹ ਦਿਨ ਦੂਰ ਨਹੀਂ ਜਦੋਂ ਲੋਕਤੰਤਰ ਸਿਰਫ਼ ਕਾਗਜ਼ੀ ਪ੍ਰਣਾਲੀ ਬਣ ਕੇ ਰਹਿ ਜਾਵੇਗਾ। ਲੋੜ ਹੈ ਕਿ ਸਿਆਸੀ ਪਾਰਟੀਆਂ ਆਪਣੀ ਜ਼ਿੰਮੇਵਾਰੀ ਸਮਝਣ, ਚੋਣ ਪ੍ਰਣਾਲੀ ਵਿੱਚ ਪਾਰਦਰਸ਼ਤਾ ਲਿਆਈ ਜਾਵੇ ਅਤੇ ਜਨਤਾ ਵੀ ਸਚੇਤ ਹੋ ਕੇ ਸਹੀ ਉਮੀਦਵਾਰਾਂ ਦੀ ਚੋਣ ਕਰੇ ਕਿਉਂਕਿ ਆਖ਼ਿਰਕਾਰ, ਲੋਕਤੰਤਰ ਦੀ ਅਸਲੀ ਤਾਕਤ ਜਾਗਰੂਕ ਵੋਟਰ ਹੀ ਹੁੰਦਾ ਹੈ।

***

## ਡਿਜਿਟਲ ਰੌਲੇ ਦੇ ਦੌਰ 'ਚ

ਭਾਸ਼ਾ, ਯਾਦਸ਼ਕਤੀ, ਕਲਪਨਾ ਅਤੇ ਭਾਵਨਾਵਾਂ। ਇਸ ਲਈ ਜਿਹੜੀ ਕਿਤਾਬ ਸਾਨੂੰ ਅੰਦਰੋਂ ਛੂੰਹਦੀ ਹੈ, ਉਹ ਅਸਲ ਵਿੱਚ ਸਾਡੇ ਨਿਊਰਲ ਪੈਟਰਨ ਨਾਲ ਜੁੜਦੀ ਹੈ। ਜੇ ਅਸੀਂ ਇਸ ਸਵਾਲ ਨੂੰ ਹੋਰ ਵੱਡੇ ਭੂਗੋਲਿਕ ਅਤੇ ਸਮਾਜਿਕ ਪ੍ਰਸੰਗ ਵਿੱਚ ਵੇਖੀਏ ਤਾਂ ਪਤਾ ਲਗਦਾ ਹੈ ਕਿ ਪੜ੍ਹਨ ਦੀ ਆਦਤ ਸਿਰਫ ਵਿਅਕਤੀਗਤ ਨਹੀਂ, ਸਗੋਂ ਪੂਰੇ ਸਮਾਜ ਦੀ ਬਣਤਰ ਨਾਲ ਜੁੜੀ ਹੁੰਦੀ ਹੈ। ਭਾਰਤ ਵਿੱਚ ਲਗਭਗ 20%–30% ਲੋਕ ਹੀ ਨਿਯਮਿਤ ਪਾਠਕ ਹਨ ਅਤੇ ਪਾਕਿਸਤਾਨ ਵਿੱਚ ਇਹ ਦਰ ਹੋਰ ਘਟ ਕੇ ਲਗਭਗ 5%–10% ਰਹਿ ਜਾਂਦੀ ਹੈ, ਜਦਕਿ ਬੰਗਲਾਦੇਸ਼ ਵਿੱਚ ਇਹ 10%–15% ਦੇ ਆਸਪਾਸ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਸਾਡੇ ਖੇਤਰ ਵਿੱਚ ਪੜ੍ਹਨ ਦੀ ਸੰਸਕ੍ਰਿਤੀ ਅਜੇ ਵੀ ਵਿਕਾਸ ਦੇ ਪੜਾਅ ਵਿੱਚ ਹੈ।

ਇਸ ਸਥਿਤੀ ਦੇ ਪਿੱਛੇ ਸਾਡੀ ਸਿੱਖਿਆ ਪ੍ਰਣਾਲੀ ਅਤੇ ਡਿਜਿਟਲ ਮੀਡੀਆ ਦਾ ਪ੍ਰਭਾਵ ਮੁੱਖ ਕਾਰਨ ਹਨ। ਇਸ ਘਾਟ ਨੂੰ ਪੂਰਾ ਕਰਨ ਲਈ ਪਿੰਡਾਂ ਅਤੇ ਸ਼ਹਿਰਾਂ ਵਿੱਚ ਮੁੜ ਤੋਂ 'ਲਾਈਬਰੇਰੀ ਸੱਭਿਆਚਾਰ' ਨੂੰ ਸੁਰਜੀਤ ਕਰਨਾ ਅਤਿ ਜ਼ਰੂਰੀ ਹੈ। ਜਨਤਕ ਲਾਈਬਰੇਰੀਆਂ ਸਿਰਫ ਇਮਾਰਤਾਂ ਨਹੀਂ ਹੁੰਦੀਆਂ, ਬਲਕਿ ਉਹ ਵਿਚਾਰਾਂ ਦੀਆਂ ਟਕਸਾਲਾਂ ਹੁੰਦੀਆਂ ਹਨ, ਜੋ ਸਥਾਨਕ ਪੱਧਰ 'ਤੇ ਪੜ੍ਹਨ ਦੀ ਲਹਿਰ ਪੈਦਾ ਕਰ ਸਕਦੀਆਂ ਹਨ।

ਫਿਨਲੈਂਡ ਅਤੇ ਜਪਾਨ ਵਰਗੇ ਦੇਸ਼ਾਂ ਵਿੱਚ ਪੜ੍ਹਨ ਨੂੰ ਜੀਵਨ ਦੀ ਬੁਨਿਆਦੀ ਆਦਤ ਮੰਨਿਆ ਜਾਂਦਾ ਹੈ, ਜੋ ਉਨ੍ਹਾਂ ਦੀ ਸਿੱਖਿਆ ਅਤੇ ਨਵੀਨਤਾ ਦੀ ਉੱਚ ਦਰ ਨੂੰ ਵੀ ਦਰਸਾਉਂਦੀ ਹੈ। ਇਹ ਜਾਣਕਾਰੀ ਸਾਨੂੰ 'ਕਿਹੜੀ ਕਿਤਾਬ ਵਧੀਆ ਹੈ' ਦੇ ਸਵਾਲ ਤੋਂ ਬਾਹਰ ਕੱਢ ਕੇ 'ਅਸੀਂ ਪੜ੍ਹਨ ਵਾਲਾ ਸਮਾਜ ਕਿਵੇਂ ਬਣੀਏ' ਦੇ ਡੂੰਘੇ ਚਿੰਤਨ ਵੱਲ ਲੈ ਕੇ ਜਾਂਦੀ ਹੈ।

ਜਦੋਂ ਪੜ੍ਹਨ ਦੀ ਆਦਤ ਬਣਦੀ ਹੈ ਤਾਂ ਚੰਗੀਆਂ ਕਿਤਾਬਾਂ ਦੀ ਪਛਾਣ ਆਪਣੇ ਆਪ ਹੋ ਜਾਂਦੀ ਹੈ। ਇੱਕ ਕਿਤਾਬ ਦੂਜੀ ਕਿਤਾਬ ਵੱਲ ਲੈ ਜਾਂਦੀ ਹੈ। ਇੱਦਾਂ ਸਫਰ ਸ਼ੁਰੂ ਹੋ ਜਾਂਦਾ ਹੈ ਅਤੇ ਇਹੀ ਲੜੀ ਮਨੁੱਖ ਨੂੰ ਇੱਕ ਆਮ ਪਾਠਕ ਤੋਂ ਸੋਚਵਾਨ ਵਿਅਕਤੀ, ਵਿਚਾਰਕ, ਚਿੰਤਕ, ਦਾਰਸ਼ਨਿਕ ਵਿੱਚ ਬਦਲ ਦਿੰਦੀ ਹੈ।

ਕਿਤਾਬਾਂ ਸਾਡੇ ਲਈ ਸਿਰਫ ਜਵਾਬ ਨਹੀਂ ਲਿਆਉਂਦੀਆਂ, ਸਗੋਂ ਉਹ ਸਾਡੇ ਅੰਦਰ ਉਹ ਸਵਾਲ ਜਗਾਉਂਦੀਆਂ ਹਨ ਜੋ ਸਾਨੂੰ ਆਪਣੇ ਆਪ ਨੂੰ ਸਮਝਣ ਦੇ ਰਾਹ 'ਤੇ ਲੈ ਜਾਂਦੇ ਹਨ ਅਤੇ ਸ਼ਾਇਦ ਇਹੀ ਪੜ੍ਹਨ ਦਾ ਅਸਲ ਮਕਸਦ ਹੈ।

***

## ਝਾਰਖੰਡ ਵਿੱਚ ਸਿੱਖਾਂ ਦੀਆਂ ਜੜ੍ਹਾਂ

ਉਨ੍ਹਾਂ ਨੇ 70 ਤੋਂ ਵੱਧ ਆਕਸੀਜਨ ਸਿਲੰਡਰਾਂ ਨਾਲ ਆਧੁਨਿਕ ਸਕੂਲ ਵਿੱਚ ਬੈੱਡ ਬਣਾਏ ਸਨ ਅਤੇ ਰੋਜ਼ਾਨਾ 30 ਮਰੀਜ਼ਾਂ ਦਾ ਇਲਾਜ ਕੀਤਾ ਸੀ। ਰਾਂਚੀ ਵਿੱਚ ਗੁਰੂ ਨਾਨਕ ਹਸਪਤਾਲ ਅਤੇ ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ ਨੇ ਆਕਸੀਜਨ ਸਿਲੰਡਰ ਸੇਵਾ ਅਤੇ ਕੋਵਿਡ ਮਰੀਜ਼ਾਂ ਲਈ ਇਲਾਜ ਮੁਹੱਈਆ ਕਰਵਾਇਆ ਸੀ। ਹੋਰ ਸਿੱਖ ਆਗੂਆਂ ਨੇ ਹੋਟਲਾਂ ਵਿੱਚ ਆਈਸੋਲੇਸ਼ਨ ਰੂਮ ਅਤੇ ਆਕਸੀਜਨ ਕੈਨ ਵੰਡੇ। ਇਹ ਸੇਵਾ ਗੁਰੂ ਨਾਨਕ ਦੇ ਲੰਗਰ ਦੀ ਰੂਹ ਨੂੰ ਜਿਉਂਦਾ ਰੱਖਦੀ ਹੈ ਅਤੇ ਆਦਿਵਾਸੀ ਭਾਈਚਾਰੇ ਵੱਲੋਂ ਵੀ ਸਿੱਖਾਂ ਦੀ ਸ਼ਲਾਘਾ ਕੀਤੀ ਗਈ। ਝਾਰਖੰਡ ਵਿੱਚ ਸਿੱਖ ਛੋਟੀ ਗਿਣਤੀ ਵਿੱਚ ਹੋਣ ਦੇ ਬਾਵਜੂਦ ਸਮਾਜ ਸੇਵਾ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ।

***

## ਇੱਕ ਕੁਸੈਲੀ ਹਕੀਕਤ ਹੁੰਦੀ ਹੈ

ਸ਼ੁਰੂਆਤੀ ਚਾਰ ਦਿਨਾਂ ਵਿੱਚ ਹਥਿਆਰਾਂ 'ਤੇ ਹੋਏ 28,000 ਕਰੋੜ ਰੁਪਏ ਦੇ ਖ਼ਰਚੇ ਵਿੱਚੋਂ ਅੱਧੇ ਤੋਂ ਵੱਧ ਪੈਸਾ ਸਿਰਫ਼ ਇਰਾਨੀ ਹਮਲਿਆਂ ਨੂੰ ਰੋਕਣ 'ਤੇ ਖ਼ਰਚ ਹੋਇਆ ਹੈ। ਅਮਰੀਕਾ ਨੇ ਪਹਿਲੇ 72 ਘੰਟਿਆਂ ਵਿੱਚ 400 ਤੋਂ ਵੱਧ ਮਿਜ਼ਾਈਲਾਂ ਦਾਗੀਆਂ, ਜਿਨ੍ਹਾਂ ਵਿੱਚੋਂ ਇੱਕ ਦੀ ਕੀਮਤ 11 ਕਰੋੜ ਰੁਪਏ ਹੈ। ਵੈਸੇ, ਇਸ ਲੜਾਈ ਦੌਰਾਨ ਅਮਰੀਕਾ ਨੂੰ ਆਪਣੇ ਆਧੁਨਿਕ ਹਥਿਆਰਾਂ ਦਾ ਵੀ ਭਾਰੀ ਨੁਕਸਾਨ ਝੱਲਣਾ ਪਿਆ ਹੈ। ਰੱਖਿਆ ਮਾਹਿਰਾਂ ਅਨੁਸਾਰ, ਜੇਕਰ ਇਹ ਜੰਗ ਲੰਮੀ ਚੱਲਦੀ ਹੈ ਤਾਂ ਇਸ ਦਾ ਅਸਰ ਆਮ ਲੋਕਾਂ ਦੇ ਨਾਲ–ਨਾਲ ਦੁਨੀਆ ਭਰ ਦੇ ਵਾਤਾਵਰਨ ਅਤੇ ਵਿਸ਼ਵ ਆਰਥਿਕਤਾ 'ਤੇ ਬਹੁਤ ਗੰਭੀਰ ਪਵੇਗਾ।

ਬੰਬ ਬਣਾਉਣ ਵਾਲੀਆਂ ਕੰਪਨੀਆਂ ਹਮੇਸ਼ਾਂ ਚਾਹੁੰਦੀਆਂ ਹਨ ਕਿ ਜੰਗਾਂ ਲੱਗਦੀਆਂ ਰਹਿਣ; ਜੰਗਾਂ ਲੱਗਣਗੀਆਂ ਤਾਂ ਉਨ੍ਹਾਂ ਦਾ ਕਾਰੋਬਾਰ ਵਧੇ ਫੁੱਲੇਗਾ, ਪਰ ਕਦੀ ਕਿਸੇ ਨੇ ਸੋਚਿਆ ਕਿ ਬੰਬ, ਮਿਜ਼ਾਈਲਾਂ, ਪਰਮਾਣੂ ਅਤੇ ਹੋਰ ਖ਼ਤਰਨਾਕ ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਦੀ ਕਮਾਈ ਦਿਨ–ਪ੍ਰਤੀ–ਦਿਨ ਵਧਦੀ ਕਿਉਂ ਜਾ ਰਹੀ ਹੈ ? ਕਿਸੇ ਵੀ ਮੁਲਕ ਵਿੱਚ ਜਦੋਂ ਵੀ ਕੋਈ ਜੰਗ ਲੱਗਦੀ ਹੈ ਤਾਂ ਇੱਕ ਸਥਾਨਕ ਪੱਧਰ ਤੋਂ ਖ਼ਬਰ ਲੱਗਦੀ ਹੈ; ਛੋਟਾ ਜਿਹਾ ਮਸਲਾ ਵੱਡਾ ਬਣਾ ਦਿੱਤਾ ਜਾਂਦਾ ਹੈ। ਪਹਿਲਾਂ ਉਕਤ ਮੁੱਦੇ ਨੂੰ ਸੋਸ਼ਲ ਮੀਡੀਆ 'ਤੇ ਭੰਡਿਆ ਜਾਂਦਾ ਹੈ, ਫਿਰ ਜਾ ਕੇ ਕਿਤੇ ਉਹ ਜੰਗ 'ਤੀਲ੍ਹੀ' ਫੜ ਲੈਂਦੀ ਹੈ। ਵੈਸੇ ਤਾਂ ਜੰਗਾਂ ਦਾ ਨਾਂ ਹੀ ਮਾੜਾ ਹੈ। ਜੰਗਾਂ ਲੱਗਦੀਆਂ ਨੇ, ਬੰਦ ਹੋ ਜਾਂਦੀਆਂ ਨੇ, ਪਰ ਪਿੱਛੇ ਛੱਡ ਜਾਂਦੀਆਂ ਨੇ ਬਹੁਤ ਸਾਰੇ ਦੁੱਖ।

ਕੀ ਕਦੇ ਕਿਸੇ ਨੇ ਸੋਚਿਆ ਹੈ ਕਿ ਜੇਕਰ ਜੰਗਾਂ ਨਾ ਵੀ ਲੱਗਣਗੀਆਂ ਤਾਂ ਕੀ ਫ਼ਰਕ ਪੈ ਜਾਏਗਾ ? ਕਈ ਮੁਲਕਾਂ ਜਿਵੇਂ ਕਿ ਅਮਰੀਕਾ, ਰੂਸ, ਇਜ਼ਰਾਈਲ, ਚੀਨ, ਫਰਾਂਸ ਦੀ ਤਾਂ ਅਰਥ ਵਿਵਸਥਾ ਹੀ ਹਥਿਆਰ ਬਣਾਉਣ ਨਾਲ ਚੱਲਦੀ ਹੈ। ਇਹ ਸਾਰੇ ਉਹ ਮੁਲਕ ਹਨ ਜਿਹੜੇ ਮਾਰੂ ਹਥਿਆਰ ਬਣਾਉਂਦੇ ਹਨ, ਪਰਮਾਣੂ ਹਥਿਆਰ ਅਤੇ ਹੋਰ ਕੁਝ ਬਣਾਉਂਦੇ ਹਨ, ਜਿਸ ਦਾ ਨੁਕਸਾਨ ਆਮ ਆਵਾਮ ਨੂੰ ਹੁੰਦਾ ਹੈ। ਇਸ ਬਾਰੇ ਕੋਈ ਨਹੀਂ ਸੋਚਦਾ ਕਿ ਕੋਈ ਮਰਦਾ ਹੈ ਜਾਂ ਕੋਈ ਜਿਉਂਦਾ ਹੈ, ਬਸ ਸਭ ਨੂੰ ਆਪਣੀ 'ਜੇਬ੍ਹ' ਨਾਲ ਮਤਲਬ ਹੁੰਦਾ ਹੈ।

ਇਜ਼ਰਾਇਲ–ਇਰਾਨ ਦੁਆਰਾ ਇੱਕ–ਦੂਜੇ ਉੱਪਰ ਕੀਤੇ ਜਾ ਰਹੇ ਲਗਾਤਾਰ ਹਮਲੇ ਸਾਡੀਆਂ ਅੱਖਾਂ ਵਿੱਚ ਹੰਝੂ ਭਰ ਰਹੇ ਹਨ। ਰਾਜਨੀਤਕ ਧਿਰਾਂ ਦੁਆਰਾ ਸ਼ੁਰੂ ਕੀਤੀਆਂ ਗਈਆਂ ਜੰਗਾਂ ਨੂੰ ਬਹੁਤ ਸਾਰੇ ਲੋਕ ਬੇਸ਼ੱਕ ਜਿੱਤ ਜਾਂ ਫਿਰ ਹਾਰ ਦੇ ਨਜ਼ਰੀਏ ਦੇ ਨਾਲ ਦੇਖ ਰਹੇ ਹੋਣਗੇ, ਪਰ ਜੇ ਅਸੀਂ ਕੁਦਰਤ ਦੇ ਨਜ਼ਰੀਏ ਤੋਂ ਤੱਕੀਏ ਤਾਂ ਪਤਾ ਲੱਗਦਾ ਹੈ ਕਿ ਇਨ੍ਹਾਂ ਜੰਗਾਂ ਦੇ ਵਿੱਚ ਕਿਸੇ ਮੁਲਕ ਦੀ ਹਾਰ ਨਹੀਂ ਹੋ ਰਹੀ, ਕੋਈ ਮੁਲਕ ਜਿੱਤਦਾ ਨਹੀਂ...! ਸਗੋਂ ਹਾਰ ਤਾਂ ਉਸ ਕੁਦਰਤ ਦੀ ਹੋ ਰਹੀ ਹੈ। ਬੰਬਾਂ ਨੇ ਹੁਣ ਤੱਕ ਉਜਾੜਾ ਹੀ ਕੀਤਾ ਹੈ, ਸਦੀਆਂ ਲੱਗ ਜਾਂਦੀਆਂ ਨੇ ਫਿਰ ਤੋਂ ਪੈਰਾਂ ਸਿਰ ਖੜ੍ਹੇ ਹੁੰਦਿਆਂ। ਮਨੁੱਖਤਾ ਖ਼ਤਰੇ ਵਿੱਚ ਹੈ, ਵਾਤਾਵਰਣ ਪਿਟ ਰਿਹਾ ਹੈ। ਵਾਤਾਵਰਣ ਦਾ ਨਾਸ਼ ਹੋ ਰਿਹਾ ਹੈ। ਅਸੀਂ ਇਸ ਬਾਰੇ ਕਦੋਂ ਸੋਚਾਂਗੇ।

***

## ਐਫ. ਬੀ. ਆਈ. ਮੁਖੀ ਪਟੇਲ ਇੱਕ

ਤੁਹਾਡਾ ਬਹੁਤ–ਬਹੁਤ ਧੰਨਵਾਦ , ਤੁਸੀਂ ਸ਼ਾਨਦਾਰ ਕੰਮ ਕੀਤਾ ਹੈ। ਇਸ ਮੌਕੇ ਪਟੇਲ ਨੇ ਪ੍ਰਸ਼ਾਸਨ ਦੁਆਰਾ ਕਾਨੂੰਨੀ ਵਿਵਸਥਾ ਬਣਾਈ ਰੱਖਣ ਲਈ ਕੀਤੇ ਕੰਮਾਂ ਦਾ ਜ਼ਿਕਰ ਕੀਤਾ ਤੇ ਮੈਮਫਿਸ ਸੇਫ ਟਾਸਕ ਫੋਰਸ ਦੀ ਭੂਮਿਕਾ 'ਤੇ ਰੋਸ਼ਨੀ ਪਾਈ ਜਿਨ੍ਹਾਂ ਦੀ ਕਾਰਗੁਜ਼ਾਰੀ ਸਦਕਾ ਪਿਛਲੇ 6 ਮਹੀਨਿਆਂ ਦੌਰਾਨ ਸ਼ਹਿਰ ਵਿੱਚ ਹਿੰਸਕ ਅਪਰਾਧ ਵਿੱਚ ਤੇਜੀ ਨਾਲ ਕਮੀ ਆਈ ਹੈ। ਪਟੇਲ ਨੇ ਟਰੰਪ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਤੁਸੀਂ ਸਾਨੂੰ ਇਜਾਜ਼ਤ ਦਿੱਤੀ। "ਤੁਸੀਂ ਸਾਨੂੰ ਕਿਹਾ ਕਿ ਜਾਓ ਗਿਰੋਹਾਂ ਦੇ ਸਰਗਰਨਿਆਂ, ਬਲਾਤਕਾਰੀਆਂ, ਕਾਤਲਾਂ ਤੇ ਡਰੱਗ ਦੇ ਵਪਾਰੀਆਂ ਨੂੰ ਫੜੋ।" ਪਟੇਲ ਨੇ ਆਪਣੇ ਸੰਬੋਧਨ ਵਿੱਚ ਆਪਣੀ ਨਿੱਜੀ ਯਾਤਰਾ ਬਾਰੇ ਵੀ ਗੱਲ ਕੀਤੀ। ਯੂ ਐਸ ਮਾਰਸ਼ਲ ਸਰਵਿਸ ਮੁਖੀ ਗੈਡੀ ਸੇਰਾਲਟਾ ਨੇ ਕਿਹਾ ਕਿ ਟਾਸਕ ਫੋਰਸ ਨੇ 6 ਮਹੀਨਿਆਂ ਦੌਰਾਨ 7342 ਗ੍ਰਿਫ਼ਤਾਰੀਆਂ ਕੀਤੀਆਂ ਹਨ ਜਿਨ੍ਹਾਂ ਮਾਮਲਿਆਂ ਵਿੱਚ ਗ੍ਰਿਫ਼ਤਾਰੀਆਂ ਹੋਈਆਂ ਹਨ, ਉਨ੍ਹਾਂ ਵਿੱਚ ਕਤਲ, ਡਰੱਗ, ਗੈਂਗ ਅਪਰਾਧ ਤੇ ਗੈਰ ਕਾਨੂੰਨੀ ਹਥਿਆਰਾਂ ਨਾਲ ਸਬੰਧਿਤ ਮਾਮਲੇ ਸ਼ਾਮਿਲ ਹਨ।

***

## ਉਤਰੀ ਕੋਰੀਆ ਵੱਲੋਂ 'ਸੁਪਰ ਪਾਵਰ'

ਆਸਾਨੀ ਨਾਲ ਚਕਮਾ ਦਿੱਤਾ ਜਾ ਸਕੇ।

### ਠੋਸ-ਈਂਧਨ ਤਕਨੀਕ: ਅਮਰੀਕਾ ਲਈ ਵੱਡਾ ਖ਼ਤਰਾ

ਕਿਮ ਜੋਂਗ ਉਨ ਨੇ ਖੁਦ ਇਸ 'ਗਰਾਊਂਡ ਜੈੱਟ ਟੈਸਟ' ਦਾ ਨਿਰੀਖਣ ਕੀਤਾ। ਮਾਹਰਾਂ ਅਨੁਸਾਰ, ਠੋਸ–ਈਂਧਨ ਵਾਲੀਆਂ ਮਿਜ਼ਾਈਲਾਂ ਤਰਲ ਈਂਧਨ ਵਾਲੀਆਂ ਮਿਜ਼ਾਈਲਾਂ ਨਾਲੋਂ ਜ਼ਿਆਦਾ ਖ਼ਤਰਨਾਕ ਹੁੰਦੀਆਂ ਹਨ ਕਿਉਂਕਿ ਇਨ੍ਹਾਂ ਨੂੰ ਲਾਂਚ ਕਰਨ ਲਈ ਲੰਬੀ ਤਿਆਰੀ ਦੀ ਲੋੜ ਨਹੀਂ ਪੈਂਦੀ। ਇਸ ਕਾਰਨ ਇਨ੍ਹਾਂ ਨੂੰ ਲਾਂਚ ਹੋਣ ਤੋਂ ਪਹਿਲਾਂ ਪਛਾਣਨਾ ਜਾਂ ਰੋਕਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।

### ਅਮਰੀਕਾ ਨੂੰ ਦੱਸਿਆ 'ਅੱਤਵਾਦੀ' ਦੇਸ਼

ਇਹ ਪ੍ਰੀਖਣ ਕਿਮ ਜੋਂਗ ਉਨ ਦੇ ਉਸ ਭਾਸ਼ਣ ਤੋਂ ਤੁਰੰਤ ਬਾਅਦ ਆਇਆ ਹੈ ਜਿਸ ਵਿੱਚ ਉਨ੍ਹਾਂ ਨੇ ਉੱਤਰੀ ਕੋਰੀਆ ਨੂੰ ਇੱਕ 'ਅਟੱਲ' ਪ੍ਰਮਾਣੂ ਸ਼ਕਤੀ ਘੋਸ਼ਿਤ ਕੀਤਾ ਸੀ। ਕਿਮ ਨੇ ਅਮਰੀਕਾ 'ਤੇ 'ਵਿਸ਼ਵਵਿਆਪੀ ਅੱਤਵਾਦ ਅਤੇ ਹਮਲਾਵਰਤਾ' ਦਾ ਦੋਸ਼ ਲਗਾਇਆ। ਉਨ੍ਹਾਂ ਸਪੱਸ਼ਟ ਕੀਤਾ ਕਿ ਦੇਸ਼ ਦੀ ਫ਼ੌਜੀ ਸ਼ਕਤੀ ਨੂੰ ਮਜ਼ਬੂਤ ਕਰਨ ਲਈ ਅਜਿਹੇ ਪ੍ਰੀਖਣ ਬਹੁਤ ਜ਼ਰੂਰੀ ਹਨ। ਉੱਤਰੀ ਕੋਰੀਆ ਦਾ ਇਹ ਕਦਮ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਦੁਨੀਆ ਪਹਿਲਾਂ ਹੀ ਕਈ ਜੰਗਾਂ ਨਾਲ ਜੂਝ ਰਹੀ ਹੈ, ਜਿਸ ਨਾਲ ਅੰਤਰਰਾਸ਼ਟਰੀ ਤਣਾਅ ਹੋਰ ਵਧਣ ਦੀ ਸੰਭਾਵਨਾ ਹੈ।

***

## ਅਮਰੀਕਾ ਦੀ ਫ਼ੌਜੀ ਤਾਕਤ 'ਚ

ਕਰਨ ਵਿੱਚ ਸਫਲ ਹੈ ਅਤੇ ਇਸ ਦੀ ਨਿਸ਼ਾਨਾ ਲਗਾਉਣ ਦੀ ਸਮਰੱਥਾ ਵੀ ਬਹੁਤ ਸਹੀ ਅਤੇ ਘਾਤਕ ਹੈ। ਜੁਲਾਈ 2025 ਵਿੱਚ ਹੀ ਅਮਰੀਕੀ ਫ਼ੌਜ ਨੇ ਇਸ ਦੇ ਪੂਰਨ ਉਤਪਾਦਨ ਅਤੇ ਤਾਇਨਾਤੀ ਨੂੰ ਹਰੀ ਝੰਡੀ ਦੇ ਦਿੱਤੀ ਸੀ।

### 'ਅਪਰੇਸ਼ਨ ਐਪਿਕ ਫਿਊਰੀ' ਦੌਰਾਨ ਹੋਇਆ ਪਹਿਲਾ ਇਸਤੇਮਾਲ

ਅਮਰੀਕੀ ਸੈਂਟਰਲ ਕਮਾਂਡ ਨੇ ਪੁਸ਼ਟੀ ਕੀਤੀ ਹੈ ਕਿ ਪਿਛਲੇ ਦਿਨੀਂ 'ਅਪਰੇਸ਼ਨ ਐਪਿਕ ਫਿਊਰੀ' ਦੌਰਾਨ ਪਹਿਲੀ ਵਾਰ ਇਨ੍ਹਾਂ 'ਪ੍ਰੀਸੀਜ਼ਨ ਸਟ੍ਰਾਈਕ ਮਿਜ਼ਾਈਲਾਂ' ਦਾ ਜੰਗ ਦੇ ਮੈਦਾਨ ਵਿੱਚ ਸਫਲਤਾਪੂਰਵਕ ਇਸਤੇਮਾਲ ਕੀਤਾ ਗਿਆ ਸੀ। ਇਸ ਕਾਰਵਾਈ ਨੇ ਸਾਬਤ ਕਰ ਦਿੱਤਾ ਹੈ ਕਿ ਅਮਰੀਕਾ ਹੁਣ ਦੁਸ਼ਮਣਾਂ ਦੇ ਟਿਕਾਣਿਆਂ ਨੂੰ ਬਹੁਤ ਦੂਰੋਂ ਅਤੇ ਸਹੀ ਤਰੀਕੇ ਨਾਲ ਤਬਾਹ ਕਰਨ ਦੀ ਸਮਰੱਥਾ ਰੱਖਦਾ ਹੈ।

***

## ਹਾਈਕੋਰਟ ਨੇ ਕੇਂਦਰ ਅਤੇ ਪੰਜਾਬ ਸਰਕਾਰ

ਗੁਰੂ ਸਾਹਿਬਾਨ ਵੱਲੋਂ ਵੱਖ–ਵੱਖ ਸਮਿਆਂ 'ਤੇ ਸੰਗਤਾਂ ਦੇ ਨਾਂ ਜਾਰੀ ਕੀਤੇ ਗਏ ਅਸਲ ਹੁਕਮਨਾਮੇ ਵੀ ਲਾਇਬ੍ਰੇਰੀ ਦਾ ਹਿੱਸਾ ਸਨ। ਇਨ੍ਹਾਂ ਦੀ ਇਤਿਹਾਸਕ ਮਹੱਤਤਾ ਬਹੁਤ ਜ਼ਿਆਦਾ ਹੈ ਅਤੇ ਇਨ੍ਹਾਂ ਵਿੱਚੋਂ ਕਈ ਅਜੇ ਤੱਕ ਵਾਪਸ ਨਹੀਂ ਆਏ।ਸਿੱਖ ਇਤਿਹਾਸ, ਮਿਸਲਾਂ ਦੇ ਸਮੇਂ ਦੇ ਦਸਤਾਵੇਜ਼, ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸਬੰਧਤ ਮਹੱਤਵਪੂਰਨ ਕਾਗਜ਼ਾਤ।ਵੱਖ–ਵੱਖ ਵਿਦਵਾਨਾਂ ਅਤੇ ਸਿੱਖ ਸ਼ਖਸੀਅਤਾਂ ਦੀਆਂ ਚਿੱਠੀਆਂ ਅਤੇ ਡਾਇਰੀਆਂ।ਹਾਲਾਂਕਿ ਤੋਸ਼ਾਖਾਨੇ ਦੀਆਂ ਕੁਝ ਵਸਤਾਂ ਨੂੰ ਨੁਕਸਾਨ ਪਹੁੰਚਿਆ ਸੀ, ਪਰ ਸ਼੍ਰੋਮਣੀ ਕਮੇਟੀ ਦਾ ਮੰਨਣਾ ਹੈ ਕਿ ਕੁਝ ਕੀਮਤੀ ਇਤਿਹਾਸਕ ਨਿਸ਼ਾਨੀਆਂ ਜੋ ਫੌਜ ਵੱਲੋਂ ਕਬਜ਼ੇ ਵਿੱਚ ਲਈਆਂ ਗਈਆਂ ਸਨ, ਉਹ ਪੂਰੀ ਤਰ੍ਹਾਂ ਵਾਪਸ ਨਹੀਂ ਕੀਤੀਆਂ ਗਈਆਂ।ਦੂਜੇ ਪਾਸੇ ਕੇਂਦਰ ਸਰਕਾਰ ਅਤੇ ਸੀ.ਬੀ.ਆਈ. ਕਈ ਵਾਰ ਇਹ ਕਹਿ ਚੁੱਕੀ ਹੈ ਕਿ ਉਨ੍ਹਾਂ ਨੇ ਜ਼ਬਤ ਕੀਤਾ ਗਿਆ ਸਾਰਾ ਸਾਮਾਨ ਸ਼੍ਰੋਮਣੀ ਕਮੇਟੀ ਨੂੰ ਵਾਪਸ ਕਰ ਦਿੱਤਾ ਹੈ ਜਾਂ ਉਹ ਕਾਰਵਾਈ ਦੌਰਾਨ ਸੜ ਕੇ ਸੁਆਹ ਹੋ ਗਿਆ ਸੀ। ਸ਼੍ਰੋਮਣੀ ਕਮੇਟੀ ਇਸ ਦਾਅਵੇ ਨੂੰ ਨਕਾਰਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਸਿਰਫ ਕੁਝ ਅਖ਼ਬਾਰਾਂ ਦੀਆਂ ਕਾਪੀਆਂ, ਰਸਾਲੇ ਅਤੇ ਆਮ ਕਿਤਾਬਾਂ ਹੀ ਵਾਪਸ ਕੀਤੀਆਂ ਹਨ, ਜਦਕਿ ਸਭ ਤੋਂ ਮਹੱਤਵਪੂਰਨ 'ਹੱਥ–ਲਿਖਤ ਖਜ਼ਾਨਾ' ਅਜੇ ਵੀ ਉਨ੍ਹਾਂ ਦੇ ਕਬਜ਼ੇ ਵਿੱਚ ਹੈ ਜਾਂ ਉਸ ਦਾ ਕੋਈ ਪਤਾ ਨਹੀਂ ਲੱਗ ਰਿਹਾ।

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

**https://hokatv.com/guest/home**